12ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -12 ISSUE - 8

May 31, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



'ਅਮਰੀਕਾ ਦੇ ਮੈਮੋਰੀਅਲ ਡੇਅ ਦਾ ਇਤਿਹਾਸ'
(ਵਿਸ਼ੇਸ ਲੇਖ ਅੰਦਰ ਦੇਖੋ)

Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com

## ਚੰਨ 'ਤੇ ਉਤਰਨ ਲਈ ਭਾਰਤ 3 ਜੁਲਾਈ ਨੂੰ ਉਡਾਵੇਗਾ ਚੰਦਰਯਾਨ-3

**ਬੰਗਲੌਰ (ਬਿਊਰੋ)-** ਇਸਰੋ ਵੱਲੋਂ 3 ਜੁਲਾਈ ਨੂੰ ਚੰਦਰਯਾਨ-3 ਸ੍ਰੀਹਰੀਕੋਟਾਪੁਰ ਤੋਂ ਜਾਰੀ ਕੀਤਾ ਜਾਵੇਗਾ। ਇਸ ਦੇ ਮੱਦੇਨਜ਼ਰ ਰੂਸ ਨੇ ਆਪਣਾ ਮੂਨ ਲੈਂਡਰ ਮਿਸ਼ਨ ਮੁਲਤਵੀ ਕਰ ਦਿੱਤਾ ਹੈ ਤਾਂ ਕਿ ਚੰਦਰਯਾਨ-3 ਨੂੰ ਚੰਨ 'ਤੇ ਉਤਰਨ ਦਾ ਮੌਕਾ ਮਿਲ ਸਕੇ। ਇਸਰੋ ਅਧਿਕਾਰੀਆਂ ਅਨੁਸਾਰ ਜੇਕਰ



ਚੰਦਰਯਾਨ-3 ਦੀ ਲਾਂਚਿੰਗ ਸਫਲ ਹੋ ਜਾਂਦੀ ਹੈ ਤਾਂ ਭਾਰਤ ਅਜਿਹਾ ਕਰਨ ਵਾਲਾ ਚੌਥਾ ਦੇਸ਼ ਬਣ ਜਾਵੇਗਾ। ਇਸ ਤੋਂ ਪਹਿਲਾਂ ਅਮਰੀਕਾ, ਰੂਸ ਅਤੇ ਚੀਨ ਚੰਨ 'ਤੇ ਆਪਣੇ ਵਾਹਨ ਉਤਾਰ ਚੁੱਕੇ ਹਨ। ਦੱਸਣਾ ਬਣਦਾ ਹੈ ਕਿ ਚੰਦਰਯਾਨ-2 ਮਿਸ਼ਨ 22 ਜੁਲਾਈ 2019 ਨੂੰ ਲਾਂਚ ਕੀਤਾ ਗਿਆ ਸੀ ਤੇ 7 ਸਤੰਬਰ 2019 ਨੂੰ ਚੰਨ ਦੇ ਦੱਖਣੀ ਧਰੁਵ 'ਤੇ ਉਤਰਨ ਦੀ ਕੋਸ਼ਿਸ਼ ਕਰ ਰਿਹਾ ਵਿਕਰਮ ਲੈਂਡਰ ਕਰੈਸ਼ ਹੋ ਗਿਆ ਸੀ। ਉਦੋਂ ਤੋਂ ਭਾਰਤ ਚੰਦਰਯਾਨ-3 ਮਿਸ਼ਨ ਦੀ ਤਿਆਰੀ ਕਰ ਰਿਹਾ ਹੈ। ਇਸਰੋ ਦੇ ਮੁਖੀ ਐਸ ਸੋਮਨਾਥ ਨੇ ਕਿਹਾ ਕਿ ਉਹ ਚੰਦਰਯਾਨ-2 ਮਿਸ਼ਨ ਵਿੱਚ ਅਸਫਲ ਰਹੇ ਸਨ। ਚੰਦਰਯਾਨ-3 ਮਿਸ਼ਨ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲੇਗਾ ਅਤੇ ਅਸੀਂ ਇਤਿਹਾਸ ਰਚਾਂਗੇ।

# ਭਾਜਪਾ ਕਰ ਰਹੀ ਹੈ ਤਾਕਤ ਦੀ ਦੁਰਵਰਤੋਂ- ਰਾਹੁਲ ਗਾਂਧੀ

## 1980 ਦੇ ਦਹਾਕੇ 'ਚ ਜੋ ਦਲਿਤਾਂ ਦਾ ਹਾਲ ਸੀ, ਉਹੀ ਹੁਣ ਮੁਸਲਮਾਨਾਂ ਦਾ ਹੈ- ਰਾਹੁਲ ਗਾਂਧੀ





**ਸੈਂਟਾ ਕਲਾਰਾ (ਬਿਊਰੋ)-** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਅਮਰੀਕਾ ਦੌਰੇ ਦੌਰਾਨ ਭਾਰਤੀ ਮੁਸਲਮਾਨਾਂ ਦੀ ਹਾਲਤ 'ਤੇ ਬਿਆਨ ਕਿ ਜਿਸ ਤਰ੍ਹਾਂ ਮੁਸਲਮਾਨਾਂ 'ਤੇ ਹਮਲੇ ਹੋ ਰਹੇ ਹਨ, 1980 'ਚ ਦਲਿਤਾਂ ਨਾਲ ਵੀ ਅਜਿਹਾ ਹੀ ਹੋਇਆ ਸੀ। ਰਾਹੁਲ ਗਾਂਧੀ ਅਮਰੀਕਾ ਦੇ ਸੈਨ ਫਰਾਂਸਿਸਕੋ 'ਚ 'ਮੁਹੱਬਤ ਕੀ ਦੁਕਾਨ' ਪ੍ਰੋਗਰਾਮ 'ਚ ਭਾਰਤੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੂੰ ਮੁਸਲਮਾਨਾਂ ਦੀ ਹਾਲਤ ਬਾਰੇ ਸਵਾਲ ਪੁੱਛਿਆ ਗਿਆ। ਇਸ ਦਾ ਜਵਾਬ ਦਿੰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਜੋ ਅੱਜ ਭਾਰਤ ਵਿਚ ਮੁਸਲਮਾਨਾਂ ਨਾਲ ਹੋ ਰਿਹਾ ਹੈ, ਉਹੀ 1980 ਦੇ ਦਹਾਕੇ ਵਿਚ ਦਲਿਤਾਂ ਨਾਲ ਹੋਇਆ ਸੀ। ਉਨ੍ਹਾਂ ਕਿਹਾ- ਮੈਂ ਗਾਰੰਟੀ ਦੇ ਸਕਦਾ ਹਾਂ ਕਿ ਸਿੱਖ, ਈਸਾਈ, ਦਲਿਤ, ਆਦਿਵਾਸੀ ਵੀ ਅਜਿਹਾ ਮਹਿਸੂਸ ਕਰ ਰਹੇ ਹਨ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇਥੇ ਭਾਰਤੀ ਪਰਵਾਸੀਆਂ ਦੇ ਇਕੱਠ ਨੂੰ ਆਪਣੇ ਸੰਬੋਧਨ ਵਿੱਚ ਭਾਰਤ ਵਿੱਚ ਸੱਤਾਧਾਰੀ ਭਾਜਪਾ 'ਤੇ ਲੋਕਾਂ ਨੂੰ 'ਧਮਕਾਉਣ' ਅਤੇ ਦੇਸ਼ ਦੀਆਂ ਏਜੰਸੀਆਂ ਦੀ 'ਦੁਰਵਰਤੋਂ' ਕਰਨ ਦੇ ਦੋਸ਼ ਲਾਏ ਹਨ। ਕੈਲੀਫੋਰਨੀਆ ਦੇ ਸੈਂਟਾ ਕਲਾਰਾ ਵਿੱਚ ਸਮਾਗਮ ਦੌਰਾਨ ਸ੍ਰੀ ਗਾਂਧੀ ਨੇ ਕਿਹਾ ਕਿ ਭਾਜਪਾ ਅਤੇ ਰਾਸ਼ਟਰੀ ਸੋਇਮਸੇਵਕ ਸੰਘ (ਆਰਐੱਸਐੱਸ) ਭਾਰਤ ਵਿੱਚ ਰਾਜਨੀਤੀ ਦੇ ਸਾਰੇ ਸਾਧਨਾਂ ਨੂੰ ਕੰਟਰੋਲ ਕਰ ਰਹੇ ਹਨ। ਉੱਥੇ ਮੌਜੂਦ ਕੁਝ ਲੋਕਾਂ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਸਬੰਧ ਵਿੱਚ ਉਨ੍ਹਾਂ ਅਤੇ ਗਾਂਧੀ ਪਰਿਵਾਰ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਹਾਲਾਂਕਿ ਇਸ ਨਾਅਰੇ ਦੇ ਜਵਾਬ 'ਚ ਰਾਹੁਲ ਗਾਂਧੀ ਨੇ ਮੁਸਕਰਾਉਂਦੇ ਹੋਏ ਕਿਹਾ ਕਿ 'ਨਫਰਤ ਦੇ ਬਾਜ਼ਾਰ 'ਚ ਮੁਹੱਬਤ ਦੀ ਦੁਕਾਨ ਦਾ ਸਵਾਗਤ ਹੈ'। ਇਸ ਤੋਂ ਬਾਅਦ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਭਾਰਤ ਜੋੜੋ ਦੇ ਨਾਅਰੇ ਲਾਏ। **(ਹੋਰ ਤਸਵੀਰਾਂ ਦੇਖੋ ਸਫਾ 3 'ਤੇ)**

## ਗੁਰਮੀਤ ਸਿੰਘ ਖੁੱਡੀਆਂ ਅਤੇ ਬਲਕਾਰ ਸਿੰਘ ਪੰਜਾਬ ਦੇ ਮੰਤਰੀ ਮੰਡਲ ਵਿਚ ਸ਼ਾਮਲ

**ਚੰਡੀਗੜ੍ਹ (ਬਿਊਰੋ)-** ਪੰਜਾਬ ਕੈਬਨਿਟ ਦਾ ਬੁੱਧਵਾਰ ਨੂੰ ਦੋ ਨਵੇਂ ਮੰਤਰੀ ਸ਼ਾਮਲ ਹੋਣ ਨਾਲ ਵਿਸਥਾਰ ਹੋਇਆ। ਗਵਰਨਰ ਬਨਵਾਰੀ ਲਾਲ ਪੁਰੋਹਿਤ ਨੇ ਗੁਰਮੀਤ ਸਿੰਘ ਖੁੱਡੀਆਂ ਤੇ ਬਲਕਾਰ ਸਿੰਘ ਨੂੰ ਮੰਤਰੀ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਅਮਨ ਅਰੋੜਾ ਤੋਂ ਬਾਅਦ ਹੁਣ ਕੁਲਦੀਪ ਸਿੰਘ ਧਾਲੀਵਾਲ ਦਾ ਵਿਭਾਗ ਵੀ ਬਦਲਿਆ ਗਿਆ ਹੈ। ਕੁਲਦੀਪ ਸਿੰਘ ਧਾਲੀਵਾਲ ਤੋਂ ਉਨ੍ਹਾਂ ਦਾ ਸਭ ਤੋਂ ਵੱਡਾ ਵਿਭਾਗ ਖੇਤੀਬਾੜੀ ਤੇ ਪੇਂਡੂ ਵਿਕਾਸ ਅਤੇ ਪੰਚਾਇਤ ਲੈ ਲਿਆ ਗਿਆ ਹੈ, ਜਿਸ ਵਿੱਚੋਂ ਖੇਤੀਬਾੜੀ ਵਿਭਾਗ ਨਵ-ਨਿਯੁਕਤ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਦਿੱਤਾ ਗਿਆ ਹੈ, ਜਦਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਲਾਲਜੀਤ ਭੁੱਲਰ ਨੂੰ ਦਿੱਤਾ ਗਿਆ ਹੈ। ਖੁੱਡੀਆ ਨੂੰ ਖੇਤੀਬਾੜੀ ਤੋਂ ਇਲਾਵਾ ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਫੂਡ ਪ੍ਰੋਸੈਸਿੰਗ ਵਿਭਾਗ ਵੀ ਦਿੱਤੇ ਗਏ ਹਨ। ਕੁਲਦੀਪ ਧਾਲੀਵਾਲ ਨੂੰ ਹੁਣ





ਉਨ੍ਹਾਂ ਦੇ ਪੁਰਾਣੇ ਐਨਆਰਆਈ ਵਿਭਾਗ ਤੋਂ ਇਲਾਵਾ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੀ ਦਿੱਤਾ ਗਿਆ ਹੈ। ਪ੍ਰਸ਼ਾਸਨਿਕ ਸੁਧਾਰ ਵਿਭਾਗ ਇਸ ਸਮੇਂ ਗੁਰਮੀਤ ਸਿੰਘ ਮੀਤ ਹੇਅਰ ਕੋਲ ਸੀ। ਨਵੇਂ ਨਿਯੁਕਤ ਕੀਤੇ ਗਏ ਦੂਜੇ ਮੰਤਰੀ ਬਲਕਾਰ ਸਿੰਘ ਨੂੰ ਸਥਾਨਕ ਸਰਕਾਰਾਂ ਤੇ ਸੰਸਦੀ ਮਾਮਲਿਆਂ ਦਾ ਮਹਿਕਮਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਪਿਛਲੇ ਮੰਤਰੀ ਮੰਡਲ ਦੇ ਵਿਸਥਾਰ ਨਾਲ ਵਿਭਾਗਾਂ ਵਿਚ ਹੋਈਆਂ ਤਬਦੀਲੀਆਂ ਵਿਚ ਅਮਨ ਅਰੋੜਾ ਤੋਂ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਅਤੇ ਲੋਕ ਸੰਪਰਕ ਵਿਭਾਗ ਵਰਗੇ ਅਹਿਮ ਵਿਭਾਗ ਲਏ ਗਏ ਸਨ। ਨਿੱਜਰ ਵਾਲੇ ਵਿਭਾਗ ਮੰਤਰੀ ਬਲਕਾਰ ਸਿੰਘ ਨੂੰ ਮਿਲੇ ਹਨ। ਇਸ ਤੋਂ ਇਲਾਵਾ ਗੁਰਮੀਤ ਸਿੰਘ ਖੁੱਡੀਆਂ ਨੂੰ ਤਿੰਨ ਅਹਿਮ ਵਿਭਾਗ ਮਿਲੇ ਹਨ। ਜਲੰਧਰ ਸੰਸਦੀ ਹਲਕੇ ਅਧੀਨ ਆਉਂਦੇ ਨੌਂ ਵਿਧਾਨ ਸਭਾ ਹਲਕਿਆਂ ਵਿੱਚ 'ਆਪ' ਦੇ ਚਾਰ ਵਿਧਾਇਕ ਹਨ, ਜੋ ਸਾਰੇ ਪਹਿਲੀ ਵਾਰ ਵਿਧਾਇਕ ਬਣੇ ਹਨ।

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for
Professional & reliable
services at reasonable rates.

959 Corporate Way, Fremont, CA. 94539

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY
INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



Dr. Paramjit S Takhar, MD

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Goodie Takhar, PhD

We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ (ਪਿਟਸਬਰਗ) ਵਿਖੇ ਮਈ-ਜੂਨ 2023 ਮਹੀਨੇ ਦੇ ਸਮਾਗਮ

* ਸ. ਚਰਨ ਸਿੰਘ ਜੀ ਵੱਲੋਂ ਆਪਣੇ ਪੋਤਰੇ ਸਵਰਗੀ ਸੁਨੀਲ ਸਿੰਘ ਦੀ ਮਿੱਠੀ ਯਾਦ ਦੇ ਸਬੰਧ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸ੍ਰੀ ਗੁਰੂ ਰਵਿਦਾਸ ਟੈਂਪਲ (ਪਿਟਸਬਰਗ) ਵਿਖੇ ਮਿਤੀ 4 ਜੂਨ 2023, ਦਿਨ ਐਤਵਾਰ, ਸਵੇਰੇ 10 ਵਜੇ ਆਰੰਭ ਹੋਣਗੇ। ਉਪਰੰਤ ਭਾਈ ਹਰਨੇਕ ਸਿੰਘ ਜੀ (ਟਰੇਸੀ ਵਾਲੇ) ਤੇ ਭਾਈ ਬਲਵਿੰਦਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਪਰਿਵਾਰ ਵੱਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਦੇਵ ਰਾਮ ਜੀ ਨਾਰੇਬਟ ਸਮੂਹ ਪਰਿਵਾਰ ਵੱਲੋਂ, ਪਰਿਵਾਰ ਦੀ ਤੰਦਰੁਸਤੀ ਤੇ ਚੜ੍ਹਦੀ ਕਲਾ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 9 ਜੂਨ 2023 ਦਿਨ ਸ਼ੁੱਕਰਵਾਰ ਸਵੇਰੇ 10:30 ਵਜੇ ਆਰੰਭ ਹੋਣਗੇ ਅਤੇ 11 ਜੂਨ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਭੋਗ ਪਾਏ ਜਾਣਗੇ। ਉਪਰੰਤ ਗੁਰੂ ਘਰ ਦਾ ਰਾਗੀ ਜਥਾ ਭਾਈ ਬਲਵਿੰਦਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਪਰਿਵਾਰ ਵੱਲੋਂ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

## June 23-24-25, 2023

## Pittsburg Gurughar's 38th Anniversary

ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥

Sri Guru Ravidass Temple Pittsburg's 38th anniversary will be celebrated on June 25, 2023. Akhand Path will start on Friday 6/23/2023 at 10:00 AM and will conclude with Bhog ceremony on Sunday 6/25/2023. Path and langar sewa will be hosted by Gurughar sevadars and entire Sangat. Gurugahr Ragi Jatha of Giani Balwinder Singh ji will do Kirtan Sewa along with other Kirtankars.

Entire Sangat is requested to attend the function and get Guru Sahib's blessings.

**www.sriguruwravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਭਾਜਪਾ ਕਰ ਰਹੀ ਹੈ ਤਾਕਤ ਦੀ ਦੁਰਵਰਤੋਂ- ਰਾਹੁਲ ਗਾਂਧੀ











SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਵਿਸ਼ਵ ਪੰਜਾਬੀ ਸਹਿਤ ਅਕਾਦਮੀ ਵੱਲੋ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਵਿੱਚ ਫਰਿਜਨੋ ਵਿਖੇ ਵਿਸ਼ੇਸ਼ ਸਮਾਗਮ







**ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾ-ਛੀਕੇ / ਕੁਲਵੰਤ ਧਾਲੀਆ)–** ਉੱਘੇ ਲੇਖਕ, ਚਿੰਤਕ, ਸ਼ਾਇਰ ਅਤੇ ਵਿਸ਼ਲੇਸ਼ਕ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਨੂੰ ਸਮਰਪਿਤ "ਵਿਸ਼ਵ ਪੰਜਾਬੀ ਸਹਿਤ ਅਕਾਦਮੀ" ਵੱਲੋ ਉਹਨਾਂ ਦੇ ਫਾਰਮ ਹਾਊਸ ਤੇ ਫਰਿਜਨੋ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿੱਥੇ ਸ਼ਾਇਰ, ਲੇਖਕ, ਸਹਿਤਕਾਰ, ਪੱਤਰਕਾਰ ਪਹੁੰਚੇ ਹੋਏ ਸਨ। ਇਸ ਸਮੇਂ ਜਿੱਥੇ ਕਵੀ ਦਰਬਾਰ ਹੋਇਆ, ਓਥੇ ਗਾਇਕ ਸੁਖਦੇਵ ਸਾਹਿਲ ਨੇ ਗਾਇਕੀ ਦੇ ਐਸੇ ਸੁਰ ਲਾਏ ਕਿ ਹਰ-ਕੋਈ ਅਸ਼ ਅਸ਼ ਕਰ ਉੱਠਿਆ। ਇਸ ਮੌਕੇ ਸਟੇਜ ਦੀ ਸ਼ੁਰੂਆਤ ਸ਼ਾਇਰ ਹਰਜਿੰਦਰ ਕੰਗ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ, ਉਪਰੰਤ ਕਰਨਲ ਹਰਦੇਵ ਸਿੰਘ ਗਿੱਲ ਨੇ ਬੋਲਦਿਆਂ ਕਿਹਾ ਕਿ ਡਾ. ਗੁਰਮੇਲ ਸਿੱਧੂ ਇੱਕ ਬਹੁਪੱਖੀ ਸ਼ਖਸੀਅਤ ਸਨ, ਉਹਨਾਂ ਲੰਮਾ ਸਮਾਂ ਫਰਿਜਨੋ ਸਟੇਟ ਯੂਨੀਵਰਸਿਟੀ ਵਿੱਚ ਪੜ੍ਹਾਇਆ ਅਤੇ ਬਹੁਤ ਖੋਜ ਭਰਪੂਰ ਕਾਰਜ ਕੀਤੇ।

ਡਾ. ਗੁਰੂਮੇਲ ਸਿੱਧੂ ਨੇ ਤਕਰੀਬਨ ਚਾਰ ਪੰਜ ਸ਼ਾਇਰੀ ਸ਼ਾਇਰੀ ਦੀਆਂ ਕਿਤਾਬਾਂ ਲਿਖੀਆਂ। ਕੁਝ ਕੁ ਵਾਰਤਿਕ ਦੀਆਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣਾਈਆ। ਗਦਰ ਦਾ ਦੂਜਾ ਪੱਖ ਉਹਨਾਂ ਦੀਆਂ ਸ਼ਾਹਕਾਰ ਰਚਨਾਵਾਂ ਵਿੱਚੋ ਇੱਕ ਹੈ। ਸੰਤੋਖ ਮਨਿਹਾਸ ਨੇ ਰੇਖਾ ਚਿੱਤਰ ਨਾਮੀ ਕਵਿਤਾ ਪੜਕੇ ਉਹਨਾਂ ਦੇ ਜੀਵਨ ਤੇ ਪੰਛੀ ਝਾਤ ਪਵਾਈ। ਕਹਾਣੀਕਾਰ ਕਰਮ ਸਿੰਘ ਮਾਨ ਨੇ ਉਹਨਾਂ ਨਾਲ ਆਪਣੀਆਂ ਸਾਂਝਾਂ ਸਾਂਝੀਆਂ ਕੀਤੀਆਂ। ਇਸ ਮੌਕੇ ਇੰਡੋ ਅਮੈਰਕਿਨ ਹੈਰੀਟੇਜ਼ ਅਤੇ ਇੰਡੋ ਯੂ. ਐਸ. ਐਸੋਸ਼ੀਏਸ਼ਨ ਦੇ ਮੈਂਬਰਾਂ ਤੋਂ ਬਿਨਾਂ ਡਾ. ਹਰਮੇਸ਼ ਕੁਮਾਰ ਅਤੇ ਸ਼ਾਇਰ ਦਲਜੀਤ ਰਿਆੜ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਬੋਲਣ ਵਾਲੇ ਬੁਲਾਰਿਆਂ ਅਤੇ ਸ਼ਾਇਰਾਂ ਵਿੱਚ ਨੀਲਮ ਲਾਜ ਸੈਣੀ, ਗੁਲਸ਼ਨ ਦਿਆਲ, ਬਲਜਿੰਦਰ ਸਿੰਘ ਸੰਧੂ, ਸੁੱਚਾ ਸਿੰਘ ਥਿੰਦ, ਹਰਜਿੰਦਰ ਢੇਸੀ, ਜਗਜੀਤ ਨੌਸ਼ਿਹਰਬੀ , ਅਸ਼ਰਫ ਗਿੱਲ, ਅਵਤਾਰਾ ਗੋਦਾਰਾ, ਕੁਲਵਿੰਦਰ, ਸਾਧੂ ਸਿੰਘ ਸੰਘਾ, ਪ੍ਰੀਤ, ਇੰਦਰਜੀਤ ਜੀਤ ਚੁੰਗਾਵਾ, ਬਲਜੀਤ ਕੌਰ ਸਿੱਧੂ, ਅਰਜਨ ਸਿੰਘ ਜੋਸ਼ਨ ਆਦਿ ਦੇ ਨਾਮ ਜਿਕਰਯੋਗ ਹਨ।

## ਆਲ ਸਟੇਟ ਇੰਸ਼ੋਰੈਂਸ ਦੇ ਅਵਨਿੰਦਰ ਸਿੰਘ ਨੂੰ ਸਦਮਾ



**ਯੂਨੀਅਨ ਸਿਟੀ (ਪ੍ਰਵਾਨਾ)–** ਅਵਨਿੰਦਰ ਸਿੰਘ ਦੇ ਵੱਡੇ ਭਰਾ ਗੁਰਜਿੰਦਰ ਸਿੰਘ ਦਾ 25 ਮਈ 2023 ਨੂੰ 81 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਹੈ। ਗੁਰਜਿੰਦਰ ਸਿੰਘ ਦਾ ਪਿਛੋਕੜ ਜਲੰਧਰ ਦੇ ਲਾਡੋਵਾਲੀ ਦਾ ਸੀ। ਮੁਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਅਤੇ ਉਚ ਵਿੱਦਿਆ ਜਲੰਧਰ ਸ਼ਹਿਰ ਅਤੇ ਅੰਮ੍ਰਿਤਸਰ ਦੇ ਕਾਲਜਾਂ ਤੋਂ ਪ੍ਰਾਪਤ ਕੀਤੀ। ਉਪਰੰਤ ਇੰਡੀਅਨ ਨੇਵੀ ਵਿਚ 1988 ਤੱਕ ਸਫਲਤਾ ਪੂਰਵਕ ਸੇਵਾ ਨਿਭਾਈ। ਬੰਬਈ ਤੋਂ ਕਈ ਬੰਦਰਗਾਹਾਂ ਦੇ ਸ਼ਹਿਰਾਂ ਵਿਚ ਰਹੇ। ਸੇਵਾ ਮੁਕਤੀ ਤੋਂ ਬਾਅਦ ਦਿੱਲੀ ਵਿਖੇ ਰਿਹਾਇਸ਼ ਕਰ ਲਈ। ਅਪ੍ਰੈਲ 1997 ਵਿਚ ਅਮਰੀਕਾ ਪ੍ਰਵਾਸ ਕੀਤਾ। ਵੱਖ-ਵੱਖ ਮੁਢਲੇ ਕੰਮਾਂ ਨੂੰ ਕਰਦੇ ਵੀ ਆਪਣੇ ਪੁੱਤਰ ਅਤੇ ਦੋ ਧੀਆਂ ਨੂੰ ਅਮਰੀਕਾ ਸਥਾਪਤ ਕੀਤਾ।

ਗੁਰਜਿੰਦਰ ਸਿੰਘ ਦਾ ਦੇਹ ਸੰਸਕਾਰ 3 ਜੂਨ ਦਿਨ ਸ਼ਨਿਚਰਵਾਰ ਸਵੇਰੇ 9.30 ਤੋਂ 11.30 ਵਜੇ ਤੱਕ ਚੈਪਲ ਆਫ ਦੀ ਚਾਈਮਸ 32992 ਮਿਸ਼ਨ ਬੁਲੇਵਾਰਡ, ਹੇਵਰਡ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਰੋਡ ਫਰੀਮਾਂਟ ਵਿਖੇ ਹੋਵੇਗੀ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਦੁੱਖ ਸਾਂਝਾ ਕਰਨ ਲਈ ਸੰਪਰਕ:

ਅਵਨਿੰਦਰ ਸਿੰਘ (510) 825-0807

ਪ੍ਰਮਿੰਦਰ ਸਿੰਘ ਪ੍ਰਵਾਨਾ

(510) 415-9377

## ਪੰਜਾਬੀ ਦੀ ਪ੍ਰਫੁਲਤਾ ਲਈ ਕੀਤੇ ਜਾ ਰਹੇ ਯਤਨਾਂ ਦੇ ਤਹਿਤ ਅਦਬੀ ਪ੍ਰੋਗਰਾਮ 4 ਜੂਨ ਨੂੰ

**ਸਿਆਟਲ–** ਪੁੰਗਰਦੇ ਹਰਫ਼ (ਵਿਸ਼ਵ ਪੰਜਾਬੀ ਸੱਥ) ਵੱਲੋਂ, ਪੰਜਾਬੀ ਦੀ ਪ੍ਰਫੁਲਤਾ ਲਈ ਕੀਤੇ ਜਾ ਰਹੇ ਯਤਨਾਂ ਦੇ ਤਹਿਤ ਇਕ ਅਦਬੀ ਪ੍ਰੋਗਰਾਮ ਸਾਂਝਾ ਕੀਤਾ ਜਾ ਰਿਹਾ ਹੈ। ਭਾਰਤੀ ਸਮੇਂ ਅਨੁਸਾਰ ਸੁਭਾ 9.30 ਵਜੇ, ਜੂਨ 4, 2023, ਦਿਨ ਐਤਵਾਰ ਅਤੇ ਸਿਆਟਲ ਅਮਰੀਕਾ ਵਿੱਚ ਰਾਤੀਂ 9 ਵਜੇ,ਜੂਨ 3,2023 ਦਿਨ ਸ਼ਨੀਵਾਰ ਨੂੰ 'ਸੁਖਨ ਸਾਂਝ ਪ੍ਰੋਗਰਾਮ' ਵਿੱਚ ਪੰਜਾਬੀ ਦੀ ਪ੍ਰਸਿੱਧ ਸੂਫ਼ੀ ਗਾਇਕਾ ਰਾਜਵੀਰ ਜੰਨਤ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਜਾ ਰਹੀ ਹੈ। ਹਾਸ਼ੀਏ ਤੇ ਖੜ੍ਹੇ ਲੋਕਾਂ ਦੀ ਗੱਲ ਕਰਨ ਵਾਲੀ ਸੰਵੇਦਨਸ਼ੀਲ ਕਵਿੱਤਰੀ ਮਨਦੀਪ ਕੌਰ ਭਦੌੜ ਜੀ ਇਸ ਪ੍ਰੋਗਰਾਮ ਦੀ ਮੇਜ਼ਬਾਨੀ ਕਰਨਗੇ।ਪ੍ਰੈਸ ਨੋਟ ਜਾਰੀ ਕਰਦਿਆਂ ਗਰੁੱਪ ਦੇ ਅਹੁਦੇਦਾਰਾਂ ਚੇਅਰਮੈਨ ਬਲਿਹਾਰ ਲ੍ਹੇਲ (ਯੂ .ਐਸ.ਏ), ਸੰਸਥਾਪਕ ਰਮਨਦੀਪ ਕੌਰ ਰੰਮੀ (ਭਾਰਤ), ਪ੍ਰਧਾਨ ਅਮਨਬੀਰ ਧਾਮੀ (ਸਾਊਥ ਕੋਰੀਆ) ਨੇ ਦੱਸਆ ਕਿ ਜ਼ੂਮ ਤੇ ਹੋ ਰਹੇ ਇਸ ਪ੍ਰੋਗਰਾਮ ਨੂੰ ਨਾਲ ਦੀ ਨਾਲ ਨਾਲ ਫੇਸ ਬੁੱਕ ਤੇ ਵੀ ਦੇਖਿਆ ਜਾ ਸਕੇਗਾ।

**ਮੰਗਤ ਕੁਲਜਿੰਦ ਮੋ.ਅਤੇ ਵੱਟਸ.**
+1 425 286 0163




# ਬਾਲ ਕਾਵਿ ਸੰਗ੍ਰਹਿ 'ਮੋਹ ਦੀਆਂ ਰਿਓੜੀਆਂ' ਦਾ ਲੋਕ-ਅਰਪਣ ਅਤੇ ਚਰਚਾ

**ਹੁਸ਼ਿਆਰਪੁਰ-** ਭਾਸ਼ਾ ਵਿਭਾਗ ਦਫ਼ਤਰ ਹੁਸ਼ਿਆਰਪੁਰ ਵਿਖੇ ਅੱਜ ਬਾਲ ਲੇਖਿਕਾ ਉਮਾ ਕਮਲ ਦੀ ਦੂਜੀ ਬਾਲ ਪੁਸਤਕ 'ਮੋਹ ਦੀਆਂ ਰਿਓੜੀਆਂ' ਦੇ ਲੋਕ-ਅਰਪਣ ਅਤੇ ਚਰਚਾ ਨੂੰ ਲੈ ਕੇ ਮਿੰਨੀ ਸਮਾਗਮ ਰਚਾਇਆ ਗਿਆ। ਸਮਾਗਮ ਵਿੱਚ ਮੁਖ ਮਹਿਮਾਨ ਵਜੋਂ ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸ. ਹਰਦੇਵ ਸਿੰਘ ਆਸੀ ਅਤੇ ਸ. ਬੱਗਾ ਸਿੰਘ ਆਰਟਿਸਟ ਪਹੁੰਚੇ। ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਸ਼ਬਦ ਆਖਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਕਿਸੇ ਵੀ ਸਾਹਿਤਕ ਅਤੇ ਸਭਿਆਚਾਰਕ ਸਮਾਗਮ ਲਈ ਭਾਸ਼ਾ ਵਿਭਾਗ ਦੇ ਬੂਹੇ ਹਮੇਸ਼ਾ ਖੁੱਲ੍ਹੇ ਹਨ। ਸੰਵੇਦਨਸ਼ੀਲ ਸਮਾਜ ਦੇ ਨਿਰਮਾਣ ਲਈ ਸਾਹਿਤ ਦਾ ਬਹੁਤ ਉੱਘਾ ਯੋਗਦਾਨ ਹੈ। ਖ਼ਾਸ ਕਰਕੇ ਬਾਲ ਸਾਹਿਤ ਦਾ। ਉਨ੍ਹਾਂ ਨੇ ਬਾਲ ਲੇਖਿਕਾ ਉਮਾ ਕਮਲ ਨੂੰ ਬਾਲ ਕਾਵਿ ਸੰਗ੍ਰਹਿ 'ਮੋਹ ਦੀਆਂ ਰਿਓੜੀਆਂ' ਲਈ ਵਧਾਈ ਦਿੰਦਿਆਂ ਕਿਹਾ ਕਿ ਕਵਿਤਰੀ ਨੇ ਬਾਲ ਪਾਠਕਾਂ ਲਈ ਵੰਨ-ਸੁਵੰਨੇ ਵਿਸ਼ਿਆਂ ਤੇ ਵਿਗਿਆਨਕ ਨਜ਼ਰੀਆ ਰੱਖਦੀਆਂ ਕਾਵਿ ਰਚਨਾਵਾਂ ਨੂੰ ਬਹੁਤ ਦਿਲਚਸਪ ਬਣਾ ਕੇ ਸਿਰਜਿਆ ਹੈ। ਸ਼੍ਰੋਮਣੀ ਸਾਹਿਤਕਾਰ ਬਲਜਿੰਦਰ ਮਾਨ ਨੇ ਕਿਹਾ ਕਿ ਉਮਾ ਕਮਲ ਦੀਆਂ ਬਾਲ ਕਵਿਤਾਵਾਂ ਦੇ ਵਿਸ਼ੇ ਬਾਲ ਮਨਾਂ ਦੇ ਹਾਣ ਦੇ ਹਨ। ਇਨ੍ਹਾਂ ਦੀ ਕਾਵਿਕਤਾ ਹਰ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ। ਪੁਸਤਕ ਦੀਆਂ ਰਚਨਾਵਾਂ ਵਿਚਲੀ ਸ਼ਬਦ ਚੋਣ ਅਤੇ ਵਾਕ ਬਣਤਰ ਤਾਂ ਬਾਲ ਮਨ ਦੀਆਂ ਡੂੰਘੀਆਂ ਤਹਿਆਂ ਤੱਕ ਅੱਪੜ ਜਾਂਦੀ ਹੈ। ਇਸ ਪੁਸਤਕ ਦਾ ਬਾਲ ਪਾਠਕਾਂ ਦੇ ਵਿਹੜੇ ਚਾਵਾਂ ਤੇ ਮਲਾਰਾਂ ਨਾਲ ਸਵਾਗਤ ਕਰਨਾ ਬਣਦਾ ਹੈ। ਬੱਗਾ ਸਿੰਘ ਆਰਟਿਸਟ ਤੇ ਹਰਦੇਵ ਸਿੰਘ ਆਸੀ ਨੇ ਪੁਸਤਕ ਵਿਚਲੀ ਭਾਵਪੂਰਤ ਚਿਤਰਕਾਰੀ ਦੀ ਸਰਾਹਨਾ ਕਰਦਿਆਂ ਉਮਾ ਕਮਲ ਨੂੰ ਵਧਾਈ ਦਿੱਤੀ। ਪੁਸਤਕ ਦੀ ਸਿਰਜਕ ਉਮਾ ਕਮਲ ਨੇ ਆਲੋਚਕਾਂ ਤੇ ਆਏ ਹੋਏ ਵਿਦਵਾਨਾਂ ਵਲੋਂ ਪੁਸਤਕ ਤੇ ਟਿਪਣੀ ਦੇਣ ਲਈ ਧੰਨਵਾਦੀ ਸ਼ਬਦ ਆਖਾਂ। ਇਸ ਮੌਕੇ ਪੁਸਤਕ 'ਮੋਹ ਦੀਆਂ ਰਿਓੜਆਂ' ਦਾ ਲੋਕ ਅਰਪਣ ਵੀ ਕੀਤਾ ਗਿਆ। ਇਸ ਸਮੇਂ ਪ੍ਰਭਜੋਤ ਕੌਰ, ਸ਼ੁਭ ਸੁਖਮਨ, ਕਮਲਜੀਤ, ਸਿਮਰਜੀਤ ਕੌਰ, ਅਭਿਸ਼ੇਕ, ਪ੍ਰੀਤਮ ਕੌਰ, ਜੁਗਲ ਕਿਸ਼ੋਰ, ਪਵਨ ਕੁਮਾਰ, ਸੁਰਿੰਦਰਪਾਲ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ। ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਜੀ ਨੂੰ ਬੇਨਤੀ ਹੈ ਕਿ ਇਹ ਪ੍ਰੈਸ ਨੋਟ ਵੱਖ-ਵੱਖ ਅਖ਼ਬਾਰਾਂ ਵਿੱਚ ਛਪਵਾਉਣ ਦੀ ਖੇਚਲ ਕਰਨਾ ਜੀ।






# ਫੇਅਰਵੈਦਰ ਡਰੌਪ-ਇਨ ਸੈਂਟਰ ਵੱਲੋਂ ਕਰਵਾਏ ਵਿਸਾਖੀ ਸਮਾਗਮ 'ਚ ਰਲ ਮਿਲ ਬੈਠੀ ਇਨਸਾਨੀਅਤ

## ਸਿੱਖ, ਹਿੰਦੂ, ਮੁਸਲਿਮ ਅਤੇ ਈਸਾਈ ਬੀਬੀਆਂ ਨੇ ਰਲ ਕੇ ਕੱਟਿਆ 'ਵਿਸਾਖੀ ਕੇਕ'

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ):** ਭਿੰਨਤਾਵਾਂ ਭਰਿਆ ਸ਼ਹਿਰ ਹੋਣ ਦੇ ਬਾਵਜੂਦ ਵੀ ਗਲਾਸਗੋ ਉਦੋਂ ਹੋਰ ਵਧੇਰੇ ਖੂਬਸੂਰਤ ਬਣ ਜਾਂਦਾ ਹੈ ਜਦੋਂ ਵੱਖ-ਵੱਖ ਫਿਰਕਿਆਂ, ਧਰਮਾਂ ਭਾਈਚਾਰਿਆਂ ਦੇ ਲੋਕ ਤਿੱਥ ਤਿਉਹਾਰਾਂ ਨੂੰ ਬਗ਼ੈਰ ਭੇਦਭਾਵ ਤੋਂ ਇੱਕਜੁਟ ਹੋ ਕੇ ਮਨਾਉਂਦੇ ਹਨ। ਅਜਿਹੀ ਹੀ ਵੱਡੀ ਸਫ਼ਲ ਕੋਸ਼ਿਸ਼ ਫੇਅਰਵੈਦਰ ਡਰੌਪਇਨ ਸੈਂਟਰ ਵੱਲੋਂ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਕੀਤੀ ਜਾ ਰਹੀ ਹੈ। ਵਡੇਰੀ ਉਮਰ ਦੇ ਨਾਗਰਿਕਾਂ ਦੀ ਸਿਹਤਯਾਬੀ ਲਈ ਪ੍ਰੋਗਰਾਮ ਉਲੀਕਦੇ ਰਹਿਣ ਦੇ ਨਾਲ-ਨਾਲ ਸੰਸਥਾ ਵੱਲੋਂ ਵੱਖ-ਵੱਖ ਧਰਮਾਂ ਦੇ ਤਿਉਹਾਰ ਵੀ ਰਲ ਮਿਲ ਕੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ।

ਸੰਸਥਾ ਦੇ ਜਿੰਮੇਵਾਰ ਮੈਂਬਰਾਨ ਜਗਦੀਸ਼ ਸਿੰਘ ਪਨਫੇਰ, ਰਕਸ਼ਿੰਦਾ ਖਾਨ, ਯਸ਼ਵੰਤੀ ਸਿਨਹਾ, ਅਕਸ਼ਾ ਮੁਹੰਮਦ, ਨਸਰੀਨ ਹੁਸੈਨ, ਅਬਦੁਲ ਰਜ਼ਾਕ ਚੌਧਰੀ, ਮੁਹੰਮਦ ਹਨੀਫ ਤੇ ਸਾਥੀਆਂ ਦੀ ਮਿਹਨਤ ਸਦਕਾ ਵਿਖਾਈ ਦੇ ਜਸ਼ਨ ਮਨਾਉਣ ਹਿਤ ਸਮਾਗਮ ਹੋਇਆ।

ਇਸ ਸਮਾਗਮ ਦੀ ਖੂਬਸੂਰਤੀ ਇਹ ਸੀ ਕਿ ਬੇਸ਼ੱਕ ਖਾਲਸਾ ਸਾਜਨਾ ਦਿਵਸ ਨੂੰ ਸਿੱਖ ਧਰਮ ਨਾਲ ਸੰਬੰਧਤ ਹੋਣ ਕਰਕੇ ਦੇਖਿਆ ਜਾਂਦਾ ਹੈ ਪਰ ਇਸ ਸਮਾਗਮ ਵਿੱਚ ਕੇਕ ਕੱਟਣ ਦੀ ਰਸਮ ਸਿੱਖ, ਮੁਸਲਿਮ, ਹਿੰਦੂ ਤੇ ਕ੍ਰਿਸ਼ਚੀਅਨ ਪਰਿਵਾਰਾਂ ਨਾਲ ਸੰਬੰਧਤ ਬੀਬੀਆਂ ਨੇ ਸਾਂਝੇ ਤੌਰ 'ਤੇ ਨਿਭਾਈ।

ਇਸ ਸਮੇਂ ਬੁਲਾਰਿਆਂ ਵਜੋਂ ਜਗਦੀਸ਼ ਸਿੰਘ ਪਨਫੇਰ, ਮਨਦੀਪ ਖੁਰਮੀ ਹਿੰਮਤਪੁਰਾ, ਮੁਹੰਮਦ ਹਨੀਫ, ਈਸਟ ਰੈਨਫਰਿਊਸ਼ਾਇਰ ਕੌਂਸਲ ਵੱਲੋਂ ਵਿੱਕੀ ਕਿਟਸਨ ਤੇ ਬੁਸ਼ਰਾ ਸ਼ਰੀਫ ਨੇ ਆਪਣੇ ਸੰਬੋਧਨ ਦੌਰਾਨ ਹਾਜਰੀਨ ਨੂੰ ਵਿਸਾਖੀ ਦੀ ਮਹੱਤਤਾ ਦਸਦਿਆਂ ਵਧਾਈ ਪੇਸ਼ ਕੀਤੀ।

ਸਮਾਗਮ ਦੌਰਾਨ ਸਮੂਹ ਮੈਂਬਰਾਨ ਅਤੇ ਮਹਿਮਾਨਾਂ ਨੇ ਰਲ ਮਿਲ ਕੇ ਦੁਪਹਿਰ ਦਾ ਖਾਣਾ ਖਾਣ ਉਪਰੰਤ ਅਗਲੇ ਸਮਾਗਮ ਵਿੱਚ ਮੁੜ ਮਿਲਣ ਦਾ ਵਾਅਦਾ ਕਰਦਿਆਂ ਅਲਵਿਦਾ ਆਖੀ। ਜਿਕਰਯੋਗ ਹੈ ਕਿ ਸੰਸਥਾ ਵੱਲੋਂ ਬੀਤੇ ਦਿਨੀ ਈਦ ਸੰਬੰਧੀ ਸਮਾਗਮ ਵੀ ਇਸੇ ਤਰ੍ਹਾਂ ਹੀ ਜੋਸ਼ੋ ਖਰੋਸ਼ ਨਾਲ ਕੀਤਾ ਗਿਆ ਸੀ।







NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020



HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਭਾਰਤੀ ਲੀਡਰਾਂ ਦੇ ਵਿਦੇਸ਼ ਦੌਰੇ

ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ, ਮੋਦੀ ਦੇ ਵਿਦੇਸ਼ ਦੌਰੇ ਅਤੇ ਉਥੇ ਵੱਡੀਆਂ-ਵੱਡੀਆਂ ਰੈਲੀਆਂ ਕਰਨ ਕਰਕੇ ਪ੍ਰਵਾਸੀ ਭਾਰਤੀ ਭਾਈਚਾਰਾ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਹਾਲ ਹੀ ਵਿਚ ਰਾਹੁਲ ਗਾਂਧੀ ਅਮਰੀਕਾ ਦੇ ਦੌਰੇ ਤੇ ਗਏ ਹਨ ਅਤੇ ਕੁਝ ਦਿਨਾਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਅਮਰੀਕਾ ਦਾ ਦੌਰਾ ਕਰਨ ਜਾ ਰਹੇ ਹਨ, ਜਿਸ ਦੀ ਭਰਪੂਰ ਚਰਚਾ ਹੋ ਰਹੀ ਹੈ। ਪ੍ਰਵਾਸੀ ਭਾਰਤੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਵੱਸਦੇ ਹਨ। ਇਹਨਾਂ ਦੀ ਭਾਰਤੀ ਰਾਜਨੀਤੀ ਵਿਚ ਅਹਿਮੀਅਤ ਨੂੰ ਹੁਣ ਤੱਕ ਜ਼ਿਆਦਾ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਸੀ। ਰਾਜੀਵ ਗਾਂਧੀ ਦੇ ਦੌਰ ਵਿਚ ਪ੍ਰਵਾਸੀ ਭਾਰਤੀਆਂ ਨੂੰ ਭਾਰਤੀ ਰਾਜਨੀਤੀ ਨਾਲ ਜੋੜਨ ਦੀ ਸ਼ੁਰੂਆਤ ਹੋਈ ਪਰ ਵੱਡੀ ਤਬਦੀਲੀ ਅਟਲ ਬਿਹਾਰੀ ਵਾਜਪਾਈ ਦੇ ਵਕਤ ਸਾਹਮਣੇ ਆਈ, ਜਦੋਂ ਪ੍ਰਵਾਸੀ ਭਾਰਤੀ ਸੰਮੇਲਨ ਭਾਰਤ ਵਿਚ ਹੋਣ ਲੱਗੇ। ਇਸ ਤੋਂ ਬਾਅਦ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਪਾਸੇ ਜ਼ਿਆਦਾ ਧਿਆਨ ਨਹੀਂ ਦਿੱਤਾ ਪਰ ਜਿਉਂ ਹੀ ਨਰਿੰਦਰ ਮੋਦੀ ਸੱਤਾ ਵਿਚ ਆਏ, ਪ੍ਰਵਾਸੀ ਭਾਰਤੀਆਂ ਦੀ ਅਹਿਮੀਅਤ ਅਤੇ ਉਹਨਾਂ ਨੂੰ ਭਾਰਤੀ ਰਾਜਨੀਤੀ ਨਾਲ ਜੋੜਨ ਦੀ ਇਕ ਲਹਿਰ ਹੀ ਚੱਲ ਪਈ। ਇਸ ਪਿੱਛੇ ਕਈ ਕਾਰਨ ਹਨ। ਪ੍ਰਵਾਸੀ ਭਾਰਤੀ ਜੋ ਵਿਦੇਸ਼ਾਂ ਵਿਚ 3 ਕਰੋੜ ਦੇ ਕਰੀਬ ਰਹਿੰਦੇ ਹਨ, ਦੁਨੀਆਂ ਦਾ ਸਭ ਤੋਂ ਵੱਡਾ ਪ੍ਰਵਾਸੀ ਭਾਰਤੀ ਭਾਈਚਾਰਾ ਕੁਹਾਉਂਦੇ ਹਨ। ਕਈ ਮੁਲਕਾਂ ਦੀ ਰਾਜਨੀਤੀ ਵਿਚ ਵੀ ਪ੍ਰਵਾਸੀ ਭਾਰਤੀਆਂ ਦੀ ਪਕੜ ਵਧੀ ਹੈ। ਇੰਗਲੈਂਡ ਵਿਚ ਤਾਂ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪ੍ਰਵਾਸੀ ਭਾਰਤੀ ਸ੍ਰੀ ਰਿਸ਼ੀ ਸ਼ੁਨਕ ਪਹੁੰਚ ਗਏ ਹਨ ਜਦਕਿ ਅਮਰੀਕਾ ਵਿਚ ਉਪ ਰਾਸ਼ਟਰਪਤੀ ਵੀ ਭਾਰਤੀ ਮੂਲ ਦੇ ਹੀ ਹਨ।ਹਾਲਾਂਕਿ ਪ੍ਰਵਾਸੀ ਭਾਰਤੀ ਜਿੱਥੇ ਰਹਿੰਦੇ ਹਨ, ਉਥੋਂ ਦੀ ਰਾਜਨੀਤੀ ਤੇ ਅਸਰ-ਅੰਦਾਜ਼ ਹਨ, ਇਸ ਦੇ ਬਾਵਜੂਦ ਵੀ ਉਹਨਾਂ ਦੀ ਘਰੇਲੂ ਰਾਜਨੀਤੀ ਵਿਚ ਦਿਲਚਸਪੀ ਸਿਖਰ 'ਤੇ ਹੈ। ਅੱਜ ਵੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਮੁਲਕਾਂ ਵਿਚ ਭਾਰਤੀ ਭਾਸ਼ਾਵਾਂ ਵਿਚ ਛਪਦੇ ਅਖਬਾਰ/ਰਸਾਲਿਆਂ ਵਿਚ ਜ਼ਿਆਦਾਤਰ ਚਰਚਾ ਭਾਰਤੀ ਰਾਜਨੀਤੀ ਅਤੇ ਭਾਰਤ ਵਿਚ ਵਾਪਰਨ ਵਾਲੀਆਂ ਘਟਨਾਵਾਂ 'ਤੇ ਹੁੰਦੀ ਹੈ। ਇਸ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਪੱਖ ਹਨ। ਸਕਾਰਾਤਮਕ ਪੱਖ ਇਹ ਹੈ ਕਿ ਪ੍ਰਵਾਸੀ ਭਾਰਤੀ ਭਾਰਤ ਦੇ ਅਰਥਚਾਰੇ ਵਿਚ ਅਹਿਮ ਯੋਗਦਾਨ ਪਾਉਂਦੇ ਹਨ। ਇਸ ਕਰਕੇ ਭਾਰਤ ਦੀ ਕੇਂਦਰੀ ਅਤੇ ਸੂਬਾਈ ਸਰਕਾਰਾਂ ਪ੍ਰਵਾਸ ਨੂੰ ਅਹਿਮੀਅਤ ਦਿੰਦੀਆਂ ਹਨ। ਨਕਾਰਾਤਮਕ ਪੱਖ ਇਹ ਹੈ ਕਿ ਪ੍ਰਵਾਸੀ ਭਾਰਤੀਆਂ ਵਿਚੋਂ ਕੁਝ ਲੋਕੀ ਭਾਰਤ ਦੀ ਘਰੇਲੂ ਰਾਜਨੀਤੀ ਵਿਚ ਦਖਲ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਵਿਦੇਸ਼ਾਂ ਵਿਚ ਭਾਰਤ ਦਾ ਵਿਰੋਧ ਕਿਤੇ-ਕਿਤੇ ਕਰਦੇ ਰਹਿੰਦੇ ਹਨ। ਕੈਨੇਡਾ, ਆਸਟ੍ਰੇਲੀਆ ਵਿਚ ਮੰਦਰਾਂ ਪ੍ਰਤੀ ਨਫਰਤੀ ਨਾਅਰੇ ਅਤੇ ਨਫਰਤੀ ਚਿੱਤਰ ਵੀ ਦੇਖਣ ਨੂੰ ਮਿਲਦੇ ਹਨ। ਭਾਰਤ ਦੇ ਅੰਦਰ ਦੀ ਰਾਜਨੀਤੀ ਅਤੇ ਭਾਰਤੀ ਉਪ ਮਹਾਂਦੀਪ ਵਿਚ ਆਉਂਦੇ ਮੁਲਕ ਪਾਕਿਸਤਾਨ, ਬੰਗਲਾਦੇਸ਼ ਦੇ ਲੋਕਾਂ ਦਾ ਆਪਸੀ ਅਤੇ ਭਾਰਤੀਆਂ ਨਾਲ ਟਕਰਾਅ ਵੀ ਦੇਖਿਆ ਜਾਂਦਾ ਰਿਹਾ ਹੈ, ਜਿਵੇਂ ਕਿ ਹਾਲ ਹੀ ਵਿਚ ਇੰਗਲੈਂਡ ਵਿਚ ਭਾਰਤੀ ਅਤੇ ਪਾਕਿਸਤਾਨੀ ਮੂਲ ਦੇ ਲੋਕ ਆਹਮੋ-ਸਾਹਮਣੇ ਆ ਗਏ ਸਨ। ਇਹ ਵੀ ਦੇਖਿਆ ਜਾਂਦਾ ਹੈ ਕਿ ਅਮਰੀਕਾ, ਕੈਨੇਡਾ ਦੀਆਂ ਸਰਕਾਰਾਂ ਕਈ ਵਾਰ ਇਸ ਦਾ ਫਾਇਦਾ ਲੈ ਕੇ ਭਾਰਤ ਦੀ ਘਰੇਲੂ ਰਾਜਨੀਤੀ ਤੇ ਵੀ ਟਿੱਪਣੀਆਂ ਕਰ ਜਾਂਦੇ ਹਨ। ਪਰ ਜੇਕਰ ਇਸ ਨੂੰ ਸਕਾਰਾਤਮਕ ਪੱਖ ਤੋਂ ਲਿਆ ਜਾਵੇ ਤਾਂ ਇਹ ਪੱਖ ਕਿਤੇ ਜ਼ਿਆਦਾ ਭਾਰੂ ਹੈ।

ਇਕ ਤਾਂ ਪ੍ਰਵਾਸੀ ਭਾਰਤੀਆਂ ਨੂੰ ਆਪਣੇ ਮੁਲਕ ਨਾਲ ਜੁੜੇ ਰਹਿਣ, ਆਪਣੇ ਸਭਿਆਚਾਰ, ਵਿਰਾਸਤ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਮਿਲਦੀ ਹੈ, ਦੂਜਾ ਭਾਰਤ ਦੀਆਂ ਸਰਕਾਰਾਂ ਨੂੰ ਵੀ ਵਿਦੇਸ਼ੀ ਧਰਤੀ ਤੇ ਆਪਣੀ ਤਾਕਤ ਦਿਖਾਉਣ ਦਾ ਮੌਕਾ ਮਿਲਦਾ ਰਹਿੰਦਾ ਹੈ ਅਤੇ ਵਿਦੇਸ਼ਾਂ ਦੀਆਂ ਸਰਕਾਰਾਂ ਵੀ ਭਾਰਤ ਸਰਕਾਰ ਦੇ ਦਬਾਅ ਵਿਚ ਰਹਿ ਕੇ ਭਾਰਤ ਨੂੰ ਆਪਣੇ ਨਾਲ ਜੋੜ ਕੇ ਰੱਖਦੀਆਂ ਰਹਿੰਦੀਆਂ ਹਨ। ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਵਰਗੇ ਮੁਲਕ ਤਾਂ ਭਾਰਤ ਨਾਲ ਮੁਕਤ ਵਪਾਰ ਕਰਨ ਲਈ ਅੱਗੇ ਵੱਧ ਰਹੇ ਹਨ, ਜਦਕਿ ਅਮਰੀਕਾ ਵਰਗੇ ਮੁਲਕ ਭਾਰਤ ਨੂੰ ਆਪਣੇ ਨਾਲ ਜੋੜਨ ਲਈ ਤੱਤਪਰ ਰਹਿੰਦੇ ਹਨ।

ਭਾਰਤੀ ਸਿਆਸਤਦਾਨਾਂ ਦੇ ਵਿਦੇਸ਼ੀ ਦੌਰਿਆਂ ਨੂੰ ਬੇਸ਼ੱਕ ਆਮ ਲੋਕੀ ਆਪੋ-ਆਪਣੀ ਰਾਜਨੀਤਿਕ ਇੱਛਾ ਅਤੇ ਘਰੇਲੂ ਮਸਲਿਆਂ ਨੂੰ ਵਿਦੇਸ਼ੀ ਧਰਤੀ ਤੇ ਲੈ ਕੇ ਜਾਣ ਤੱਕ ਵੀ ਸੀਮਤ ਕਰ ਦਿੰਦੇ ਹਨ ਪਰ ਇਸ ਨੂੰ ਜੇਕਰ ਸਕਾਰਾਤਮਕ ਪੱਖੋਂ ਲਿਆ ਜਾਵੇ ਤਾਂ ਇਹ ਪੁਰਾਤਨ ਭਾਰਤ ਨੂੰ ਮੁੜ ਸਥਾਪਤ ਕਰਨ ਦੀ ਇਕ ਕੋਸ਼ਿਸ਼ ਵੀ ਹੋ ਸਕਦੀ ਹੈ, ਜਦੋਂ ਪਹਿਲੀ ਸਦੀ ਵਿਚ ਭਾਰਤ ਅੱਧੀ ਧਰਤੀ ਤੇ ਫੈਲਿਆ ਹੋਇਆ ਸੀ ਅਤੇ ਦੁਨੀਆ ਦੀ ਕੁੱਲ ਜੀਡੀਪੀ ਦਾ 40 ਫੀਸਦੀ ਦਾ ਮਾਲਕ ਹੋਇਆ ਕਰਦਾ ਸੀ। ਦੂਜਾ ਭਾਰਤੀ ਮੂਲ ਦੇ ਲੋਕਾਂ ਨੂੰ ਇਹ ਵੀ ਫਾਇਦਾ ਰਹਿੰਦਾ ਹੈ ਕਿ ਉਹ ਦੂਜੇ ਮੁਲਕਾਂ ਵਿਚ ਨਸਲੀ ਨਫਰਤ ਦਾ ਸ਼ਿਕਾਰ ਹੋਣ ਦੀ ਸੂਰਤ ਵਿਚ ਭਾਰਤ ਸਰਕਾਰ ਨੂੰ ਆਵਾਜ਼ ਉਠਾਉਣ ਲਈ ਵੀ ਦਬਾਅ ਪਾ ਸਕਦੇ ਹਨ, ਜਿਵੇਂ ਕਿ ਹਾਲ ਹੀ ਵਿਚ ਆਸਟ੍ਰੇਲੀਆ ਵਿਚ ਮੰਦਰਾਂ 'ਤੇ ਹਮਲਿਆਂ ਦਾ ਮਸਲਾ ਉਠਾਇਆ ਗਿਆ ਹੈ। ਇੰਗਲੈਂਡ, ਅਮਰੀਕਾ ਵਿਚ ਵੀ ਜਦੋਂ ਭਾਰਤੀ ਮੂਲ ਦੇ ਲੋਕਾਂ ਨਾਲ ਕੋਈ ਅਣਹੋਣੀ ਹੁੰਦੀ ਹੈ ਤਾਂ ਭਾਰਤ ਵਿਰੋਧ ਦਰਜ ਕਰਵਾਉਂਦਾ ਹੈ।

# ਅਮਰੀਕਾ ਬਣਾਏਗਾ ਇੱਕ ਖ਼ਰਬ ਡਾਲਰ ਦਾ ਸਿੱਕਾ

ਅਮਰੀਕਾ ਨੂੰ ਕਰਜ਼ੇ ਦੇ ਸੰਕਟ ਤੋਂ ਬਚਾਉਣ ਲਈ ਰਿਪਬਲਿਕਨ ਅਤੇ ਡੈਮੋਕਰੇਟਸ ਕੋਲ ਬਚਿਆ ਸਮਾਂ ਬਹੁਤ ਤੇਜ਼ੀ ਨਾਲ ਖ਼ਤਮ ਹੋਣ ਜਾ ਰਿਹਾ ਹੈ। ਇਸ ਸੰਕਟ ਦੇ ਮੱਦੇਨਜ਼ਰ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਮੁਲਕ ਦੀ ਕਾਂਗਰਸ (ਸੰਸਦ) ਨੂੰ ਸਰਕਾਰੀ ਕਰਜ਼ਾ ਚੁੱਕਣ ਦੀ ਸੀਮਾ ਵਧਾਉਣ ਵਾਲਾ ਸਮਝੌਤਾ ਵਧਾਉਣ ਦੀ ਅਪੀਲ ਕੀਤੀ ਹੈ। ਇਸ ਦਾ ਮਕਸਦ ਅਮਰੀਕਾ ਨੂੰ ਦਰਪੇਸ਼ ਕਰਜ਼ ਆਫ਼ਤ ਨੂੰ ਟਾਲਣਾ ਹੈ।

ਐਤਵਾਰ ਰਾਤ ਨੂੰ ਡੈਮੋਕ੍ਰੇਟਸ ਅਤੇ ਰੀਪਬਲੀਕਨਾਂ ਵਿਚਾਲੇ ਇਹ ਸਮਝੌਤਾ ਸਿਰੇ ਚੜ੍ਹਿਆ ਹੈ। ਤੇ ਜੇ ਇਸ ਸਮਝੌਤੇ ਉੱਤੇ ਕਾਂਗਰਸ ਦੀ ਮੋਹਰ ਲੱਗਣ ਤੋਂ ਬਾਅਦ ਕੇਂਦਰੀ ਸਰਕਾਰ ਨੂੰ ਨਵੰਬਰ 2024 ਦੀਆਂ ਰਾਸ਼ਟਰਪਤੀ ਚੋਣਾਂ ਤੱਕ ਹੋਰ ਕਰਜ਼ ਲੈ ਸਕੇਗੀ। ਪਰ ਜੇ ਜੂਨ ਤੋਂ ਪਹਿਲਾਂ ਕਰਜ਼ ਸੀਮਾ ਵਧਾਉਣ 'ਤੇ ਕੋਈ ਸਮਝੌਤਾ ਨਾ ਹੁੰਦਾ ਤਾਂ ਅਮਰੀਕਾ ਡਿਫਾਲਟ ਹੋ ਜਾਵੇਗਾ। ਕਿਉਂਕਿ ਅਮ-ਰੀਕਾ ਪੂਰੀ ਦੁਨੀਆਂ ਦੀ ਆਰਥਿਕਤਾ ਦਾ ਧੁਰਾ ਹੈ, ਇਸ ਦਾ ਅਸਰ ਵਿਸ਼ਵ ਅਰਥਚਾਰੇ 'ਤੇ ਵੀ ਪੈਵੇਗਾ। ਹਾਲ ਹੀ ਦੇ ਦਿਨਾਂ ਵਿੱਚ, ਵ੍ਹਾਈਟ ਹਾਊਸ ਅਤੇ ਕਾਂਗਰਸ ਵਿੱਚ ਰਿਪਬਲਿਕਨਾਂ ਨੇ ਸੰਕੇਤ ਦਿੱਤਾ ਹੈ ਕਿ ਗੱਲਬਾਤ ਇੱਕ ਸਕਾਰਾਤਮਕ ਦਿਸ਼ਾ ਵਿੱਚ ਅੱਗੇ ਵਧ ਰਹੀ ਹੈ। ਪਰ ਫ਼ਿਰ ਵੀ ਲੋਕਾਂ ਦੀ ਬੇਚੈਨੀ ਬਣੀ ਹੋਈ ਹੈ। ਅਜਿਹੀ ਸਥਿਤੀ ਵਿੱਚ, ਕੁਝ ਵਿਦਵਾਨਾਂ ਅਤੇ ਵਿਸ਼ਲੇਸ਼ਕਾਂ ਨੇ ਆਖਰੀ ਉਪਾਅ ਵਜੋਂ ਇੱਕ ਖ਼ਰਬ ਅਮਰੀਕੀ ਡਾਲਰ ਦੀ ਕੀਮਤ ਦੇ ਇੱਕ ਪਲੈਟੀਨਮ ਸਿੱਕੇ ਦੀ ਚਰਚਾ ਸ਼ੁਰੂ ਕਰ ਦਿੱਤੀ ਹੈ, ਜੋ ਦੇਸ਼ ਨੂੰ ਡਿਫਾਲਟ ਹੋਣ ਤੋਂ ਬਚਾ ਸਕਦਾ ਹੈ।




ਸਾਲ 1997 ਵਿੱਚ ਬਣਾਇਆ ਗਿਆ ਇੱਕ ਕਾਨੂੰਨ ਅਮਰੀਕੀ ਖਜ਼ਾਨਾ ਸਕੱਤਰ ਨੂੰ ਕਿਸੇ ਵੀ ਕਾਰਨ ਅਤੇ ਕਿਸੇ ਵੀ ਮੁੱਲ ਦੇ ਪਲੈਟੀਨਮ ਸਿੱਕੇ ਨੂੰ ਢਾਲਣ ਦੀ ਆਗਿਆ ਦਿੰਦਾ ਹੈ। ਜਿਹੜੇ ਲੋਕ ਪਲੈਟੀਨਮ ਸਿੱਕੇ ਨੂੰ ਢਾਲਣ ਦੀ ਵਕਾਲਤ ਕਰ ਰਹੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਕਾਂਗਰਸ ਕਰਜ਼ੇ ਦੀ ਸੀਮਾ ਨੂੰ ਵਧਾਉਣ ਲਈ ਸਹਿਮਤ ਨਹੀਂ ਹੁੰਦੀ ਹੈ, ਤਾਂ ਇਸ ਤਰ੍ਹਾਂ ਅਮਰੀਕੀ ਸਰਕਾਰ ਆਪਣੇ ਖਰਚੇ ਝੱਲ ਸਕਦੀ ਹੈ ਅਤੇ ਦੀਵਾਲੀਆ ਹੋਣ ਤੋਂ ਬਚ ਸਕਦੀ ਹੈ। ਹਾਲਾਂਕਿ ਖਜ਼ਾਨਾ ਸਕੱਤਰ ਜੈਨੇਟ ਯੇਲੇਨ ਨੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ ਹੈ, ਪਰ ਬਿਡੇਨ ਪ੍ਰਸ਼ਾਸਨ ਦੇ ਕੁਝ ਅਧਿਕਾਰੀ ਇਸ ਬਾਰੇ ਸਕਾਰਾਤਮਕ ਸੋਚ ਰੱਖਦੇ ਹਨ। ਜੇਕਰ ਸਰਕਾਰ ਅਜਿਹਾ ਫ਼ੈਸਲਾ ਕਰਦੀ ਹੈ ਤਾਂ ਸਰਕਾਰੀ ਟਕਸਾਲ ਇੱਕ ਖਰਬ ਡਾਲਰ ਦਾ ਸਿੱਕਾ ਬਣਾ ਸਕਦੀ ਹੈ।

### ਕਿਵੇਂ ਜਾਰੀ ਹੋ ਸਕਦਾ ਹੈ ਇਹ ਸਿੱਕਾ

ਹਾਲਾਂਕਿ, ਇਹ ਕਦੇ ਵੀ ਅਮਰੀਕੀ ਕਰਜ਼ੇ ਦੀ ਸੀਮਾ ਵਧਾਉਣ ਦਾ ਹੱਲ ਨਹੀਂ ਰਿਹਾ। ਪਰ ਖਜ਼ਾਨਾ ਸਕੱਤਰ ਨੂੰ ਅਜਿਹੇ ਵਿਸ਼ੇਸ਼ ਐਡੀਸ਼ਨ ਵਾਲੇ ਸਿੱਕੇ ਜਾਰੀ ਕਰਨ ਦਾ ਅਧਿਕਾਰ ਹੈ ਜਿਸ ਨੂੰ ਲੋਕ ਖ਼ਰੀਦ ਸਕਦੇ ਹਨ। ਜੇ ਇੱਕ ਖ਼ਬਰ ਡਾਲਰ ਦੇ ਪਲੈਟੀਨਮ ਦਾ ਸਿੱਕਾ ਢਾਲਣ ਦਾ ਫ਼ੈਸਲਾ ਲਿਆ ਗਿਆ ਤਾਂ ਕੀ ਹੋਵੇਗਾ? ਅਮਰੀਕੀ ਟਕਸਾਲ ਦੇ ਸਾਬਕਾ ਮੁਖੀ ਫ਼ਿਲਿਪ ਡੀਲ ਨੇ ਕਿਹਾ, "ਉਨ੍ਹਾਂ ਨੇ ਬਸ ਸਿੱਕੇ 'ਤੇ ਇੱਕ ਖ਼ਰਬ ਡਾਲਰ ਲਿਖ ਕੇ ਫ਼ੈਡਰਲ ਰਿਜ਼ਰਵ ਨੂੰ ਭੇਜ ਦੇਣਾ ਹੈ।" ਹਾਲਾਂਕਿ ਲੋਕ ਇਹ ਸੋਚ ਵੀ ਨਹੀਂ ਸਕਦੇ ਕਿ ਇੰਨੀ ਵੱਡੀ ਕੀਮਤ ਦਾ ਪਲੈਟੀਨਮ ਸਿੱਕਾ ਬਹੁਤ ਵੱਡਾ ਅਤੇ ਭਾਰੀ ਹੋਵੇਗਾ ਪਰ ਇਹ ਅਸਲ ਵਿੱਚ ਇੱਕ ਚੌਥਾਈ ਡਾਲਰ ਦੇ ਸਿੱਕੇ ਦੇ ਬਰਾਬਰ ਹੋਵੇਗਾ ਜੋ ਜੇਬ ਵਿੱਚ ਰੱਖਿਆ ਜਾ ਸਕੇ। ਇਥੋਂ ਤੱਕ ਕਿ ਸਿੱਕੇ 'ਤੇ ਇੱਕ ਖ਼ਰਬ ਜਿੰਨੀਆਂ ਜ਼ੀਰੋ ਲਿਖਣ ਦੀ ਵੀ ਲੋੜ ਨਹੀਂ ਹੈ, ਬਸ ਇੱਕ ਖ਼ਰਬ ਡਾਲਰ ਲਿਖਣਾ ਕਾਫ਼ੀ ਹੋਵੇਗਾ। ਹੁਣ ਸਵਾਲ ਇਹ ਹੈ ਕਿ ਜਦੋਂ ਸਿੱਕੇ ਦਾ ਮੁੱਲ ਲਿਖ ਕੇ ਤੈਅ ਕਰਨਾ ਹੁੰਦਾ ਹੈ ਤਾਂ ਪਲੈਟੀਨਮ ਸਿੱਕਾ ਹੀ ਕਿਉਂ? ਦਰਅਸਲ, ਅਮਰੀਕੀ ਕਾਨੂੰਨ ਤਹਿਤ 50 ਡਾਲਰ ਤੋਂ ਵੱਧ ਮੁੱਲ ਦੇ ਸਿੱਕਿਆਂ ਲਈ ਪਲੈਟੀਨਮ ਧਾਤ ਦੀ ਵਰਤੋਂ ਨੂੰ ਲਾਜ਼ਮੀ ਬਣਾਇਆ ਗਿਆ ਹੈ। ਇੱਕ ਖ਼ਰਬ ਡਾਲਰ ਦਾ ਸਿੱਕਾ ਬਣਾਉਣ ਦਾ ਆਈਡੀਆ ਦੇਣ ਵਾਲੇ ਵਿਲਮੇਟ ਯੂਨੀਵਰਸਿਟੀ ਦੇ ਪ੍ਰੋਫੈਸਰ ਰੋਹਨ ਗ੍ਰੇ ਕਹਿੰਦੇ ਹਨ, "ਜੇ ਤੁਹਾਨੂੰ ਦੀਵਾਲੀਆ ਹੋਣ ਅਤੇ ਮੁਦਰਾ ਛਾਪਣ ਵਿੱਚੋਂ ਕੋਈ ਇੱਕ ਚੁਣਨਾ ਪਵੇ ਤਾਂ ਤੁਸੀਂ ਕੀ ਕਰੋਗੇ ।।। ਕਾਰਜਕਾਰੀ ਡਿਫਾਲਟ ਹੋਣ ਦੀ ਆਗਿਆ ਤਾਂ ਨਹੀਂ ਦੇ ਸਕਦਾ ਹੈ।

### ਇੱਕ ਖ਼ਰਬ ਡਾਲਰ ਦੇ ਸਿੱਕੇ ਦਾ ਵਿਚਾਰ ਕਿਵੇਂ ਆਇਆ?

ਅਸਲ ਵਿੱਚ, ਡਿਫਾਲਟਰ ਹੋਣ ਤੋਂ ਬਚਣ ਲਈ ਇੱਕ ਖ਼ਰਬ ਡਾਲਰ ਦਾ ਸਿੱਕਾ ਜਾਰੀ ਕਰਨ ਦਾ ਵਿਚਾਰ ਸਭ ਤੋਂ ਪਹਿਲਾਂ 2010 ਵਿੱਚ ਕਾਰਲੋਸ ਮੁਚਾ ਨਾਮ ਦੇ ਅਟਲਾਂਟਾ ਦੇ ਇੱਕ ਵਕੀਲ ਨੇ ਦਿੱਤੀ ਸੀ। ਕਾਰਲੋਸ ਨੂੰ ਪਤਾ ਲੱਗਾ ਕਿ 1997 ਦੇ ਕਰੰਸੀ ਐਕਟ ਦੇ ਤਹਿਤ, ਪਲੈਟੀਨਮ ਸਿੱਕਿਆਂ ਨੂੰ ਢਾਲਣ ਦੀ ਇਜਾਜ਼ਤ ਹੈ। ਉਨ੍ਹਾਂ ਨੇ ਆਪਣੇ ਲੇਖ ਵਿੱਚ ਲਿਖਿਆ, "ਦਿਲਚਸਪ ਗੱਲ ਇਹ ਹੈ ਕਿ, ਕਾਂਗਰਸ ਪਹਿਲਾਂ ਹੀ ਖਜ਼ਾਨੇ ਨੂੰ ਇੱਕ ਖ਼ਰਬ ਡਾਲਰ ਦੇ ਸਿੱਕੇ ਢਾਲਣ ਦੇ ਅਧਿਕਾਰ ਦੇ ਚੁੱਕੀ ਹੈ।" ਮੋਚਾ ਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਦੀ ਇਸ ਗੱਲ ਦੇ ਵ੍ਹਾਈਟ ਹਾਊਸ ਅਤੇ ਕੈਪੀਟਲ ਹਿੱਲ ਤੱਕ ਚਰਚੇ ਹੋਣਗੇ। ਇਸ ਤੋਂ ਕੁਝ ਦਿਨ ਬਾਅਦ ਟਕਸਾਲ ਦੇ ਸਾਬਕਾ ਨਿਰਦੇਸ਼ਕ ਫ਼ਿਲਿਪ ਡੀਏਲ ਦੀ ਇੱਕ ਈਮੇਲ ਮਿਲੀ ਜਿਸ ਵਿੱਚ ਕਿਹਾ ਗਿਆ ਸੀ ਕਿ ਕਾਰਲੋਸ ਦਾ ਪ੍ਰਸਤਾਵ 'ਅਸਲੋਂ ਕੰਮ ਕਰ ਸਕਦਾ ਹੈ'। ਇਹ ਗੱਲ ਵਾਇਰਲ ਹੋ ਗਈ ਅਤੇ ਬਲੌਗ ਦੇ ਸਮਰਥਕਾਂ ਦੀ ਗਿਣਤੀ ਵਧਣ ਲੱਗੀ, ਪਰ 2011 ਤੱਕ ਜਨਤਕ ਬਹਿਸ ਦਾ ਮੁੱਦਾ ਨਹੀਂ ਸੀ ਬਣੀ, ਜਦੋਂ ਤੱਕ ਬਰਾਕ ਓਬਾਮਾ ਦੇ ਪਹਿਲੇ ਕਾਰਜਕਾਲ ਵਿੱਚ ਕਰਜ਼ਾ ਸੰਕਟ ਨਹੀਂ ਸੀ ਆਇਆ।

ਉਨ੍ਹੀਂ ਦਿਨੀਂ 7,000 ਲੋਕਾਂ ਦੇ ਹਸਤਾਖਰਾਂ ਨਾਲ ਇੱਕ ਪੱਤਰ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸ ਵਿੱਚ ਵੱਡੇ-ਵੱਡੇ ਅਰਥਸ਼ਾਸਤਰੀ ਜਿਵੇਂ ਕਿ ਨੋਬਲ ਪੁਰਸਕਾਰ ਜੇਤੂ ਪਾਲ ਕਰੂਗਮੈਨ ਅਤੇ ਫ਼ਿਲਿਪ ਡੀਏਲ ਵਰਗੇ ਨਾਮਾਂ ਨੇ ਖ਼ੁਦ ਇਸ ਵਿਚਾਰ ਨੂੰ ਸਮਰਥਨ ਦਿੱਤਾ ਸੀ। ਅਮਰੀਕਾ 'ਚ ਕਰਜ਼ੇ ਦੀ ਸੀਮਾ ਵਧਾਉਣ ਨੂੰ ਲੈ ਕੇ ਜੋ ਸੰਕਟ ਚੱਲ ਰਿਹਾ ਹੈ ਉਸ ਵਿੱਚ ਜੋਅ ਬਾਇਡਨ ਦੀ ਸਰਕਾਰ ਨੇ ਇਸ ਤਰ੍ਹਾਂ ਦੇ ਬਦਲ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਹੀ ਇਨਕਾਰ ਕਰ ਦਿੱਤਾ ਹੈ।

ਖਜ਼ਾਨਾ ਸਕੱਤਰ ਜੈਨੇਟ ਯੇਲੇਨ ਨੇ ਕੁਝ ਦਿਨ ਪਹਿਲਾਂ ਕਿਹਾ ਸੀ, "ਮੇਰੀ ਸਮਝ ਵਿੱਚ ਇਹ ਇੱਕ ਧੋਖਾ ਹੋਵੇਗਾ।" ਕੁਝ ਮਾਹਰਾਂ ਦਾ ਕਹਿਣਾ ਹੈ ਕਿ ਇੱਕ ਖ਼ਰਬ ਡਾਲਰ ਦਾ ਸਿੱਕਾ ਜਾਰੀ ਕਰਨ ਦਾ ਪ੍ਰਸਤਾਵ ਦੇਣ ਨਾਲ ਰਿਪਬਲਿਕਨਾਂ ਨਾਲ ਗੱਲਬਾਤ ਵਿੱਚ ਡੈਮੋਕਰੇਟਸ ਦੇ ਹੱਥ ਇੱਕ ਹੋਰ ਤੀਰ ਆ ਸਕਦਾ ਹੈ। ਕਰਜ਼ ਦੀ ਸੀਮਾਂ ਨੂੰ ਵਧਾਉਣ ਦੀ ਜੋਅ ਬਾਇਡਨ ਦੀ ਅਪੀਲ 'ਤੇ ਰਿਪਬਲਿਕਨ ਸਹਿਮਤ ਨਹੀਂ ਹੋ ਰਹੇ ਹਨ ਤੇ ਉਨ੍ਹਾਂ ਦੀ ਮੰਗ ਹੈ ਕਿ ਜਨਤਕ ਖਰਚਿਆਂ ਵਿੱਚ ਕਟੌਤੀ ਕੀਤੀ ਜਾਵੇ। ਜੇ ਦੋਵੇਂ ਧਿਰਾਂ 1 ਜੂਨ ਤੱਕ ਕਿਸੇ ਸਮਝੌਤੇ 'ਤੇ ਨਹੀਂ ਪਹੁੰਚਦੀਆਂ, ਤਾਂ ਅਮਰੀਕਾ ਆਪਣਾ ਭੁਗਤਾਨ ਕਰਨ ਵਿੱਚ ਅਸਫ਼ਲ ਹੋਣਾ ਸ਼ੁਰੂ ਕਰ ਦੇਵੇਗਾ।

# ਪੰਜਾਬ 'ਚ ਬੇਅਦਬੀਆਂ ਦਾ ਮੁੱਦਾ

ਪਿਛਲੇ ਲੰਬੇ ਸਮੇਂ ਤੋਂ ਪੰਜਾਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਨਹੀਂ ਬਲਕਿ ਹੋਰ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਵੀ ਹੁੰਦੀਆਂ ਰਹੀਆਂ ਹਨ। ਮੰਦਭਾਗੀ ਗੱਲ ਇਹ ਹੈ ਕਿ ਬੇਅਦਬੀਆਂ ਦਾ ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਪਿਛਲੇ ਸਾਲਾਂ ਦੌਰਾਨ ਕਦੇ ਬਰਗਾੜੀ ਕਾਂਡ ਕਾਰਨ ਸੂਬੇ ਦੀ ਭਾਈਚਾਰਕ ਸਾਂਝ ਖ਼ਤਰੇ 'ਚ ਪਈ ਤੇ ਕਦੇ ਮੋਰਿੰਡਾ, ਪਟਿਆਲਾ ਤੇ ਰਾਜਪੁਰਾ ਆਦਿ ਥਾਵਾਂ 'ਤੇ ਗੁਰੂ ਘਰਾਂ 'ਚ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ।

ਕਦੇ ਤਰਨਤਾਰਨ ਜ਼ਿਲ੍ਹੇ 'ਚ ਚਰਚ ਦੀ ਭੰਨਤੋੜ ਕੀਤੀ ਗਈ ਤੇ ਕਦੇ ਅੰਮ੍ਰਿਤਸਰ ਦੇ ਮਾਨਾਂਵਾਲਾ 'ਚ ਬਾਈਬਲ ਪਾੜਨ ਦੀ ਗੱਲ ਸਾਹਮਣੇ ਆਈ। ਮੁੱਕਦੀ ਗੱਲ ਇਹ ਕਿ ਸ਼ਰਾਰਤੀ ਅਨਸਰਾਂ ਵੱਲੋਂ ਹਰ ਢੰਗ-ਤਰੀਕਾ ਵਰਤ ਕੇ ਸਰਹੱਦੀ ਸੂਬੇ ਦਾ ਫ਼ਿਰਕੂ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕੀਤੀ ਗਈ। ਸਾਲ 2018 'ਚ ਪੰਜਾਬ ਵਿਧਾਨ ਸਭਾ 'ਚ ਇੰਡੀਅਨ ਪੀਨਲ ਕੋਡ (ਪੰਜਾਬ) ਸੋਧ ਬਿੱਲ 2018 ਤੇ ਕੋਡ ਆਫ ਕ੍ਰਿਮੀਨਲ ਪ੍ਰੋਸੀਜਰ (ਪੰਜਾਬ) ਸੋਧ ਬਿੱਲ 2018 ਪਾਸ ਕਰ ਕੇ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜੇ ਗਏ ਸਨ ਜੋ ਅਜੇ ਤਕ ਲੰਬਿਤ ਹਨ। ਇਨ੍ਹਾਂ ਬਿੱਲਾਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੀ ਵਿਵਸਥਾ ਹੈ।

ਇਨ੍ਹਾਂ ਬਿੱਲਾਂ ਨੂੰ ਰਾਸ਼ਟਰਪਤੀ ਤੋਂ ਛੇਤੀ ਮਨਜ਼ੂਰੀ ਦਿਵਾਉਣ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੇ ਜੋ ਚਿੱਠੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖੀ ਹੈ, ਉਹ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸ਼ਾਹ ਦੇ ਮੰਤਰਾਲੇ ਨੇ 2018 'ਚ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਬਿੱਲਾਂ ਬਾਰੇ ਸੂਬੇ ਨੂੰ ਜਵਾਬ ਦਿੱਤਾ ਹੈ ਕਿ ਬੇਅਦਬੀ ਮਾਮਲਿਆਂ 'ਚ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਸੀਆਰਪੀਸੀ ਤੇ ਆਈਪੀਸੀ 'ਚ ਜੋ ਸੋਧ ਕੀਤੀ ਗਈ ਹੈ, ਉਸ ਵਿਚ ਸਜ਼ਾ ਬਹੁਤ ਜ਼ਿਆਦਾ ਲੱਗ ਰਹੀ ਹੈ। ਇਸ ਦੇ ਜਵਾਬ 'ਚ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖਦਿਆਂ ਕਿਹਾ ਹੈ ਕਿ ਬੇਅਦਬੀ ਮਾਮਲਿਆਂ 'ਚ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਪੰਜਾਬ ਵਿਧਾਨ ਸਭਾ ਨੇ 2018 'ਚ ਜੋ ਸੋਧ ਬਿੱਲ ਭੇਜੇ ਹਨ ਉਹ ਬਿਲਕੁਲ ਠੀਕ ਹਨ।

ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਨਿਰਸੰਦੇਹ ਉਮਰ ਕੈਦ ਦੀ ਸਜ਼ਾ ਮਿਲਣੀ ਚਾਹੀਦੀ ਹੈ ਕਿਉਂਕਿ ਬੇਅਦਬੀ ਵਰਗੀਆਂ ਘਟਨਾਵਾਂ ਨਾਲ ਭਾਈਚਾਰਕ ਸਾਂਝ ਨੂੰ ਜਿੱਥੇ ਸੱਟ ਵੱਜਦੀ ਹੈ ਉੱਥੇ ਫ਼ਿਰਕੂ ਸਦਭਾਵਨਾ ਨੂੰ ਵੀ ਖ਼ਤਰਾ ਪੈਦਾ ਹੁੰਦਾ ਹੈ। ਇਸ ਨਾਲ ਜਿੱਥੇ ਸੂਬੇ ਦੀ ਅਮਨ -ਸ਼ਾਂਤੀ ਨੂੰ ਅੱਗ ਲੱਗਦੀ ਹੈ ਉੱਥੇ ਦੇਸ਼ ਦੀ ਅਖੰਡਤਾ ਨੂੰ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਤਾਂ ਹਾਲਾਤ ਇਹੋ ਜਿਹੇ ਬਣ ਜਾਂਦੇ ਹਨ ਕਿ ਆਮ ਲੋਕਾਂ ਦੀਆਂ ਜਾਨਾਂ ਵੀ ਖ਼ਤਰੇ 'ਚ ਪੈ ਜਾਂਦੀਆਂ ਹਨ। ਸੀਐੱਮ ਭਗਵੰਤ ਮਾਨ ਦੀਆਂ ਇਹ ਦਲੀਲਾਂ ਸੱਚਮੁੱਚ ਬੜੀਆਂ ਅਹਿਮ ਹਨ ਕਿ ਫ਼ਿਰਕੂ ਸਦਭਾਵਨਾ ਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣਾ ਕਿਸੇ ਇਕ ਦੀ ਨਹੀਂ ਬਲਕਿ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

ਯਕੀਨਨ ਫ਼ਿਰਕੂਵਾਦ ਪੈਦਾ ਕਰਨ ਵਾਲਾ ਵਿਅਕਤੀ ਤਾਉਮਰ ਸੀਖਾਂ ਪਿੱਛੇ ਜਾਣਾ ਚਾਹੀਦਾ ਹੈ। ਜੇ ਉਹ ਇਸ ਤਰ੍ਹਾਂ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਖੁੱਲ੍ਹੇਆਮ ਵਿਚਰਦਾ ਰਹੇਗਾ ਤਾਂ ਉਸ ਦਾ ਹੌਸਲਾ ਹੋਰ ਬੁਲੰਦ ਹੋਵੇਗਾ ਤੇ ਉਹ ਇਹੋ ਜਿਹੀਆਂ ਹੋਰ ਵਾਰਦਤਾਂ ਕਰੇਗਾ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਰਾਸ਼ਟਰਪਤੀ ਉਕਤ ਲੰਬਿਤ ਪਏ ਬਿੱਲਾਂ 'ਤੇ ਦਸਤਖ਼ਤ ਕਰਦਿਆਂ ਤੁਰੰਤ ਇਨ੍ਹਾਂ ਨੂੰ ਮਨਜ਼ੂਰੀ ਦੇਣਗੇ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਰਾਸ਼ਟਰਪਤੀ ਨੂੰ ਜ਼ੋਰਦਾਰ ਸਿਫ਼ਾਰਸ਼ ਕਰ ਕੇ ਪੰਜਾਬ ਵਿਧਾਨ ਸਭਾ ਵੱਲੋਂ 2018 'ਚ ਪਾਸ ਕੀਤੇ ਗਏ ਸੋਧ ਬਿੱਲਾਂ ਨੂੰ ਮਨਜ਼ੂਰੀ ਦਿਵਾਉਣਗੇ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਨੌਜੁਆਨ ਕਬੱਡੀ ਖੇਡ ਪ੍ਰਮੋਟਰ ਮਨਜਿੰਦਰ ਸ਼ੇਰ ਗਿੱਲ ਦੀ ਅਚਾਨਕ ਮੌਤ, ਅੰਤਿਮ ਸੰਸਕਾਰ 30 ਮਈ ਨੂੰ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਚ ਕਬੱਡੀ ਖੇਡ ਨੂੰ ਪ੍ਰਮੋਟ ਕਰਨ ਵਾਲੇ ਤੇ ਵੱਖ ਵੱਖ ਸਮਾਜਿਕ ਕੰਮਾਂ ਵਿੱਚ ਵੱਧ ਚੜ ਕੇ ਹਿੱਸਾ ਪਾਉਣ ਵਾਲੇ ਨੌਜੁਆਨ ਮਨਜਿੰਦਰ ਸਿੰਘ ਸ਼ੇਰਗਿੱਲ ਇਸ ਦੁਨੀਆਂ ਤੋਂ ਅਚਾਨਕ ਰੁੱਖਸਤ ਹੋ ਗਏ। ਪਰਿਵਾਰਿਕ ਸੂਤਰਾਂ ਤੋਂ ਪਤਾ ਚਲਿਆ ਹੈ ਕਿ ਮਨਜਿੰਦਰ ਸਿੰਘ ਸ਼ੇਰਗਿੱਲ ਉਰਫ ਮੈਨੀ ਸ਼ੇਰਗਿੱਲ ਪੁਤਰ ਦਲਜੀਤ ਸਿੰਘ ਸ਼ੇਰਗਿੱਲ ਨੂੰ ਅਚਾਨਕ ਰਾਤ ਨੂੰ ਦੌਰਾ ਪਿਆ ਤੇ ਸੁੱਤਾ ਪਿਆ ਹੀ ਰਹਿ ਗਿਆ। ਇਸ ਅਚਾਨਕ ਮੌਤ ਨਾਲ ਪਰਿਵਾਰ, ਸਮੁਚੇ ਖੇਡ ਪ੍ਰੇਮੀਆਂ, ਖੇਡ ਕਲੱਬਾਂ ਤੇ ਕੈਲੀਫੋਰਨੀਆਂ ਕਬੱਡੀ ਫੇਡਰੇਸ਼ਨ ਦਾ ਸਦਮੇ 'ਚ ਆਉਣਾ ਸੁਭਾਵਕ ਹੀ ਸੀ। ਇਸ ਮੌਕੇ ਉਨਾਂ ਨੂੰ ਪਿਆਰ ਕਰਨ ਵਾਲੇ ਕੈਲੀਫੋਰਨੀਆਂ ਕਬੱਡੀ ਫੇਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਕਬੱਡੀ ਪ੍ਰਮੋਟਰ ਤੇ ਬਿਜਨਸਮੈਨ ਸੁਰਿੰਦਰ ਸਿੰਘ ਨਿੱਝਰ, ਐਨ ਆਰ ਆਈ ਸਭਾ ਦੇ ਪ੍ਰਧਾਨ ਪਾਲ ਸਹੋਤਾ, ਉਘੇ ਕਬੱਡੀ ਪ੍ਰਮੋਟਰ ਜੌਹਨ ਸਿੰਘ ਗਿੱਲ (ਜੋ ਇਨਾਂ ਦੇ ਪੰਜਾਬ ਤੋਂ ਪੇਂਡੂ ਵੀ ਹਨ), ਸੈਂਟਰ ਵੈਲੀ ਸਪੋਰਟਸ ਕਲੱਬ ਦੇ ਲਖਬੀਰ ਸਿੰਘ ਸਹੋਤਾ ਕਾਲਾ ਟਰੇਸੀ, ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਧੀਰਾ ਨਿੱਝਰ, ਬਿਜਨਸਮੈਂਨ ਮਾਈਕ ਬੋਪਾਰਾਏ, ਬਿਜਨਸਮੈਂਨ ਭਿੰਦਾ ਗਾਖਲ, ਰਘਵੀਰ ਸਿੰਘ ਸ਼ੇਰਗਿੱਲ, ਰਜਿੰਦਰ ਸੇਖੋਂ, ਹਰਨੇਕ ਸਿੰਘ ਅਟਵਾਲ ਅਤੇ ਲਗਭਗ ਸਾਰੀਆਂ ਖੇਡ ਸੰਸਥਾਵਾਂ ਨੇ ਗਹਿਰਾ ਸ਼ੋਕ ਵਿਅਕਤ ਕੀਤਾ ਹੈ।



ਮਨਜਿੰਦਰ ਸਿੰਘ ਸ਼ੇਰਗਿੱਲ ਉਰਫ ਮੈਨੀ ਸ਼ੇਰਗਿੱਲ ਦੀ ਦੇਹ ਦਾ ਅੰਤਿਮ ਸੰਸਕਾਰ 30 ਮਈ ਨੂੰ ਦੁਪਿਹਰ 12 ਵਜੇ ਲੇਕਵੁਡ ਫਿਊਨਰਲ ਹੋਮ 900 ਸੈਂਟਾ ਫੀ ਐਵਨੀਓ ਹਗਸਨ ਵਿਖੇ ਹੋਵੇਗਾ। ਇਸ ਤੋਂ ਇਲਾਵਾ ਅੰਤਿਮ ਅਰਦਾਸ ਸਿੱਖ ਟੈਂਪਲ ਮਡੈਸਟੋ ਵਿਖੇ ਹੋਵੇਗੀ। ਵਰਨਣਯੋਗ ਹੈ ਕਿ ਮੈਨੀ ਸ਼ੇਰਗਿੱਲ ਦਾ ਪੰਜਾਬ ਵਿਚਲਾ ਸ਼ਹਿਰ ਬੰਗਾ ਲਾਗੇ ਪਿੰਡ ਚੱਕ ਬਿਲਗਾਂ ਹੈ ਤੇ ਉਹ ਆਪਣੇ ਪਰਿਵਾਰ ਨਾਲ ਇਥੇ ਸੀਰੀਜ ਤੇ ਟਰਲੱਕ, ਕੈਲੀਫੋਰਨੀਆ ਰਹੇ।

# ਅਮਰੀਕਾ ਵਿਚ ਸਕੂਲ ਬੱਸ ਤੇ ਟੈਂਕਰ ਟਰੱਕ ਵਿਚਾਲੇ ਟੱਕਰ ਵਿੱਚ ਅਨੇਕਾਂ ਵਿਦਿਆਰਥੀ ਜ਼ਖਮੀ, 10 ਨੂੰ ਕਰਵਾਇਆ ਹਸਪਤਾਲ ਦਾਖਲ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੀ ਲੀਸਿੰਗਟਨ ਕਾਊਂਟੀ ਵਿਚ ਦੱਖਣੀ ਕੈਰੋਲੀਨਾ ਵਿੱਚ ਇਕ ਸਕੂਲ ਬੱਸ ਤੇ ਟੈਂਕਰ ਟਰੱਕ ਵਿਚਾਲੇ ਭਿਆਨਕ ਟੱਕਰ ਹੋਣ ਦੀ ਖਬਰ ਹੈ । ਮੁੱਢਲੀ ਰਿਪੋਰਟ ਅਨੁਸਾਰ ਹਾਦਸੇ ਵਿਚ ਅਨੇਕਾਂ ਵਿਦਿਆਰਥੀ ਜ਼ਖਮੀ ਹੋਏ ਹਨ। ਸਾਊਥ ਕੈਰੋਲੀਨਾ ਪਬਲਿਕ ਸੇਫਟੀ ਵਿਭਾਗ ਅਨੁਸਾਰ ਘੱਟੋ ਘੱਟ 10 ਵਿਦਿਆਰਥੀਆਂ ਨੂੰ ਲੀਸਿੰਗਟਨ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਵਿਭਾਗ ਅਨੁਸਾਰ ਹਾਦਸੇ ਵੇਲੇ ਬੱਸ ਵਿਚ ਕੁਲ 36 ਵਿਦਿਆਰਥੀ ਸਵਾਰ ਸਨ । ਜ਼ਖਮੀ ਵਿਦਿਆਰਥੀਆਂ ਦੀ ਮੌਜੂਦ ਹਾਲਤ ਬਾਰੇ ਵਿਭਾਗ ਨੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ ਤੇ ਕੇਵਲ ਏਨਾ ਕਿਹਾ ਹੈ ਕਿ ਉਹ ਜੇਰੇ ਇਲਾਜ਼ ਹਨ। ਹਾਦਸੇ ਦੀ ਜਾਂਚ ਦੱਖਣੀ ਕੈਰੋਲੀਨਾ ਦੇ ਰਾਸ਼ਟਰੀ ਮਾਰਗ ਗਸ਼ਤੀ ਦਲ ਦੁਆਰਾ ਕੀਤੀ ਜਾਵੇਗੀ।

# ਅਮਰੀਕਾ ਵਿਚ ਸੱਤਾਧਾਰੀ ਤੇ ਵਿਰੋਧੀ ਧਿਰ ਕਰਜ਼ਾ ਹੱਦ ਵਧਾਉਣ ਲਈ ਸਹਿਮਤੀ ਦੇ ਨੇੜੇ ਪੁੱਜੇ

**ਸੈਕਰਾਮੈਂਟੋ, ਕੈਲੀਫੋਰਨੀਆ–** ਦੇਣਦਾਰੀਆਂ ਵਿਚ ਫਸੀ ਅਮਰੀਕੀ ਸਰਕਾਰ ਲਈ ਇਹ ਸੁਖਾਵੀਂ ਰਿਪੋਰਟ ਹੈ ਕਿ ਕਰਜ਼ਾ ਹੱਦ ਵਧਾਉਣ ਬਾਰੇ ਛੇਤੀ ਸਹਿਮਤੀ ਬਣ ਸਕਦੀ ਹੈ। ਸੱਤਾਧਾਰੀ ਡੈਮੋਕਰੈਟਿਕ ਤੇ ਵਿਰੋਧੀ ਰਿਪਬਲੀਕਨਾਂ ਵਿਚਾਲੇ 1 ਜੂਨ ਤੋਂ ਪਹਿਲਾਂ ਕਰਜ਼ਾ ਹੱਦ ਵਧਾਉਣ ਲਈ ਸਹਿਮਤੀ ਬਣਨ ਦੀ ਸੰਭਾਵਨਾ ਵਧ ਗਈ ਹੈ। ਡੈਮੋਕਰੈਟਿਕ ਸੂਤਰਾਂ ਅਨੁਸਾਰ ਵਾਈਟ ਹਾਊਸ ਤੇ ਰਿਪਬਲੀਕਨ ਗੱਲਕਾਰ ਸਮਝੌਤੇ ਨੇੜੇ ਪੁੱਜ ਗਏ ਹਨ। ਸੂਤਰਾਂ ਅਨੁਸਾਰ ਬੀਤੀ ਸ਼ਾਮ ਦੋਨਾਂ ਧਿਰਾਂ ਵਿਚਾਲੇ ਗੱਲਬਾਤ ਦੌਰਾਨ ਸਲਾਨਾ ਖਰਚਾ ਹੱਦ ਵਧਾਉਣ ਬਾਰੇ ਪ੍ਰਗਤੀ ਹੋਈ ਹੈ। ਰਿਪਬਲੀਕਨ ਅਖਤਿਆਰੀ ਫੰਡ ਬਾਰੇ ਸਲਾਨਾ ਹੱਦ 6 ਸਾਲ ਲਈ ਵਧਾਉਣਾ ਚਹੁੰਦੇ ਹਨ ਜਦ ਕਿ ਵਾਈਟ ਹਾਊਸ ਕੇਵਲ 2 ਸਾਲ ਲਈ ਹੱਦ ਵਧਾਉਣ ਦੇ ਹੱਕ ਵਿਚ ਹੈ।

ਇਕ ਰਿਪੋਰਟ ਅਨੁਸਾਰ ਸਦਨ ਦੇ ਸਪੀਕਰ ਕੈਵਿਨ ਮੈਕਰਥੀ ਚਹੁੰਦੇ ਹਨ ਕਿ ਪਿਛਲੇ ਸਾਲ ਨਾਲੋਂ ਅਗਲੇ ਵਿੱਤੀ ਸਾਲ ਵਿੱਚ ਖਰਚਾ ਘੱਟ ਹੋਵੇ। ਵਾਈਟ ਹਾਊਸ ਨੇ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ। ਕੋਈ ਵੀ ਸੰਭਾਵੀ ਸਮਝੌਤਾ ਹੋਣ ਨਾਲ ਕਰਜ਼ਾ ਹੱਦ ਵਧ ਜਾਵੇਗੀ ਜੋ ਇਹ ਤੈਅ ਕਰੇਗੀ ਕਿ 2024 ਦੇ ਅੰਤ ਤੱਕ ਅਮਰੀਕੀ ਸਰਕਾਰ ਕਿੰਨਾ ਉਧਾਰ ਲੈ ਸਕੇਗੀ।

ਇਸ ਦੌਰਾਨ ਰਾਸ਼ਟਰਪਤੀ ਜੋ ਬਾਈਡਨ ਨੇ ਕਿਹਾ ਹੈ ਕਿ ਗੱਲਬਾਤ ਵਿੱਚ ਪ੍ਰਗਤੀ ਹੋਈ ਹੈ, ਮੈ ਸਪੱਸ਼ਟ ਕਰਨਾ ਚਹੁੰਦਾ ਹਾਂ ਕਿ ਸਾਡੇ ਕੌਮੀ ਕਰਜ਼ੇ ਸਬੰਧੀ ਸਥਿੱਤੀ ਨੂੰ ਖਰਾਬ ਕਰਨਾ ਕੋਈ ਵੀ ਢੰਗ ਤਰੀਕਾ ਨਹੀਂ ਹੋ ਸਕਦਾ।

# ਵਿਸ਼ਵ ਪੰਜਾਬੀ ਸਹਿਤ ਅਕਾਦਮੀ ਵੱਲੋ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਵਿੱਚ ਫਰਿਜਨੋ ਵਿਖੇ ਵਿਸ਼ੇਸ਼ ਸਮਾਗਮ





**ਸੈਕਰਾਮੈਂਟੋ, ਕੈਲੀਫੋਰਨੀਆ–** ਉੱਘੇ ਲੇਖਕ, ਚਿੰਤਕ, ਸ਼ਾਇਰ ਅਤੇ ਵਿਸ਼ਲੇਸ਼ਕ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਨੂੰ ਸਮਰਪਿਤ "ਵਿਸ਼ਵ ਪੰਜਾਬੀ ਸਹਿਤ ਅਕਾਦਮੀ" ਵੱਲੋ ਉਹਨਾਂ ਦੇ ਫਾਰਮ ਹਾਊਸ ਤੇ ਫਰਿਜਨੋ ਵਿਖੇ ਵਿਸ਼ੇਸ਼ ਸਮਾਗਮ ਕਰਵ–ਾਇਆ ਗਿਆ। ਜਿੱਥੇ ਸ਼ਾਇਰ, ਲੇਖਕ, ਸਹਿਤਕਾਰ, ਪੱਤਰਕਾਰ ਪਹੁੰਚੇ ਹੋਏ ਸਨ।

ਇਸ ਸਮੇਂ ਜਿੱਥੇ ਕਵੀ ਦਰਬਾਰ ਹੋਇਆ, ਓਥੇ ਗਾਇਕ ਸੁਖਦੇਵ ਸਾਹਿਲ ਨੇ ਗਾਇਕੀ ਦੇ ਐਸੇ ਸੁਰ ਲਾਏ ਕਿ ਹਰ–ਕੋਈ ਅਸ਼ ਅਸ਼ ਕਰ ਉੱਠਿਆ। ਇਸ ਮੌਕੇ ਸਟੇਜ ਦੀ ਸ਼ੁਰੂਆਤ ਸ਼ਾਇਰ ਹਰਜਿੰਦਰ ਕੰਗ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ, ਉਪਰੰਤ ਕਰਨਲ ਹਰਦੇਵ ਸਿੰਘ ਗਿੱਲ ਨੇ ਬੋਲਦਿਆਂ ਕਿਹਾ ਕਿ ਡਾ. ਗੁਰਮੇਲ ਸਿੱਧੂ ਇੱਕ ਬਹੁਪੱਖੀ ਸ਼ਖਸੀਅਤ ਸਨ, ਉਹਨਾਂ ਲੰਮਾ ਸਮਾਂ ਫਰਿਜਨੋ ਸਟੇਟ ਯੂਨੀਵਰਸਿਟੀ ਵਿੱਚ ਪੜ੍ਹਾਇਆ ਅਤੇ ਬਹੁਤ ਖੋਜ ਭਰਪੂਰ ਕਾਰਜ ਕੀਤੇ। ਡਾ. ਗੁਰੂਮੇਲ ਸਿੱਧੂ ਨੇ ਤਕਰੀਬਨ ਚਾਰ ਪੰਜ ਸ਼ਾਇਰੋ ਸ਼ਾਇਰੀ ਦੀਆਂ ਕਿਤਾਬਾਂ ਲਿਖੀਆਂ। ਕੁਝ ਕੁ ਵਾਰਤਿਕ ਦੀਆਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣਾਈਆ।

ਗਦਰ ਦਾ ਦੂਜਾ ਪੱਖ ਉਹਨਾਂ ਦੀਆਂ ਸ਼ਾਹਕਾਰ ਰਚਨਾਵਾਂ ਵਿੱਚੋ ਇੱਕ ਹੈ। ਸੰਤੋਖ ਮਨਿਹਾਸ ਨੇ ਰੇਖਾ ਚਿੱਤਰ ਨਾਮੀ ਕਵਿਤਾ ਪੜਕੇ ਉਹਨਾਂ ਦੇ ਜੀਵਨ ਤੇ ਪੰਛੀ ਝਾਤ ਪਵਾਈ।

ਕਹਾਣੀਕਾਰ ਕਰਮ ਸਿੰਘ ਮਾਨ ਨੇ ਉਹਨਾਂ ਨਾਲ ਆਪਣੀਆਂ ਸਾਂਝਾਂ ਸਾਂਝੀਆਂ ਕੀਤੀਆਂ। ਇਸ ਮੌਕੇ ਇੰਡੋ ਅਮੈਰਕਿਨ ਹੈਰੀਟੇਜ਼ ਅਤੇ ਇੰਡੋ ਯੂ. ਐਸ. ਐਸੋਸ਼ੀਏਸ਼ਨ ਦੇ ਮੈਂਬਰਾਂ ਤੋਂ ਬਿਨਾਂ ਡਾ. ਹਰਮੇਸ਼ ਕੁਮਾਰ ਅਤੇ ਸ਼ਾਇਰ ਦਲਜੀਤ ਰਿਆੜ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਬੋਲਣ ਵਾਲੇ ਬੁਲਾਰਿਆਂ ਅਤੇ ਸ਼ਾਇਰਾਂ ਵਿੱਚ ਨੀਲਮ ਲਾਜ ਸੈਣੀ, ਗੁਲਸ਼ਨ ਦਿਆਲ, ਬਲਜਿੰਦਰ ਸਿੰਘ ਸੰਧੂ, ਸੁੱਚਾ ਸਿੰਘ ਥਿੰਦ, ਹਰਜਿੰਦਰ ਢੇਸੀ, ਜਗਜੀਤ ਨੌਸ਼ਿਹਰਬੀ , ਅਸ਼ਰਫ ਗਿੱਲ, ਅਵਤਾਰਾ ਗੋਦਾਰਾ, ਕੁਲਵਿੰਦਰ, ਸਾਧੂ ਸਿੰਘ ਸੰਘਾ, ਪ੍ਰੀਤ, ਇੰਦਰਜੀਤ ਜੀਤ ਚੁੰਗਾਵਾ, ਬਲਜੀਤ ਕੌਰ ਸਿੱਧੂ, ਅਰਜਨ ਸਿੰਘ ਜੋਸ਼ਨ ਆਦਿ ਦੇ ਨਾਮ ਜਿਕਰਯੋਗ ਹਨ।

# ਸੋਫੇ 'ਤੇ ਪਈ ਗੰਨ ਅਚਾਨਕ ਚੱਲ ਜਾਣ ਨਾਲ 2 ਸਾਲ ਦੇ ਬੱਚੇ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਮਿਸ਼ੀਗਨ ਰਾਜ ਦੇ ਕੈਂਟਵੁੱਡ ਸ਼ਹਿਰ ਦੇ ਇਕ ਘਰ ਵਿਚ ਸੋਫੇ 'ਤੇ ਪਈ ਗੰਨ 2 ਸਾਲ ਦੇ ਬੱਚੇ ਦੇ ਹੱਥ ਆ ਜਾਣ ਉਪੰਰਤ ਅਚਾਨਕ ਘੋੜਾ ਦੱਬ ਜਾਣ ਦੇ ਸਿੱਟੇ ਵਜੋਂ ਚੱਲੀ ਗੋਲੀ ਨਾਲ ਬੱਚੇ ਦੀ ਮੌਤ ਹੋਣ ਦੀ ਖਬਰ ਹੈ। ਪੁਲਿਸ ਅਨੁਸਾਰ ਗੰਨ ਬੱਚੇ ਦੀ ਮਾਂ ਦੇ ਦੋਸਤ ਮਾਰਕਸ ਨੈਵਿਲਸ ਜੁਨੀਅਰ (22) ਦੀ ਸੀ ਜੋ ਕਾਈਏਅਰ ਮੈਕੋਇ ਨਾਮੀ ਬੱਚੇ ਦੀ ਮੌਤ ਦਾ ਕਾਰਨ ਬਣੀ। ਬੱਚੇ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਮਾਰਕਸ ਨੈਵਿਲਸ ਵਿਰੁੱਧ ਗੈਰ ਇਰਾਦਾ ਕਤਲ ਦਾ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਨੈਵਿਲਸ ਨੇ ਅਦਾਲਤ ਵਿਚ ਪੇਸ਼ੀ ਦੌਰਾਨ ਆਪਣੇ ਵਿਰੁੱਧ ਦੋਸ਼ ਆਇਦ ਕਰਨ ਦਾ ਵਿਰੋਧ ਕਰਦਿਆਂ ਕਿਹਾ ਕਿ ਮੈ ਬੱਚੇ ਨੂੰ ਨਹੀਂ ਮਾਰਿਆ। ਬਚਾਅ ਪੱਖ ਦੇ ਵਕੀਲ ਰਿਚਰਡ ਜ਼ਮਬੋਨ ਨੇ ਕਿਹਾ ਕਿ ਇਹ ਇਕ ਬਹੁਤ ਦੁੱਖਦਾਈ ਘਟਨਾ ਹੈ ਤੇ ਇਸ ਵਿਚ ਕੋਈ ਅਪਰਾਧਕ ਇਰਾਦਾ ਨਜਰ ਨਹੀਂ ਆਉਂਦਾ। ਦੂਸਰੇ ਪਾਸੇ ਇਸਤਗਾਸਾ ਪੱਖ ਨੇ ਦਲੀਲ ਦਿੱਤੀ ਇਹ ਸਿਰੇ ਦੀ ਲਾਪਰਵਾਹੀ ਹੈ। ਇਥੇ ਜਿਕਰਯੋਗ ਹੈ ਕਿ ਹਾਲ ਹੀ ਵਿਚ ਰਾਜ ਦੇ ਗਵਰਨਰ ਗਰੈਚਨ ਵਿਟਮਰ ਨੇ ਇਕ ਕਾਨੂੰਨ ਉਪਰ ਸਹੀ ਪਾਈ ਹੈ ਜਿਸ ਵਿਚ ਗੰਨ ਮਾਲਕਾਂ ਨੂੰ ਕਿਹਾ ਗਿਆ ਹੈ ਕਿ ਬੱਚਿਆਂ ਦੀ ਮੌਜੂਦਗੀ ਵਿਚ ਗੰਨ ਤੇ ਹੋਰ ਹਥਿਆਰ ਤਾਲੇ ਦੇ ਅੰਦਰ ਰਖੇ ਜਾਣ।

# ਪੰਜਾਬੀ ਅਮਰੀਕਨ ਫੈਸਟੀਵਲ ਯੂਬਾ ਸਿਟੀ ਦੇ ਮੇਲੇ 'ਚ ਵੱਖ ਵੱਖ ਸਭਿਆਚਾਰਕ ਆਈਟਮਾਂ ਨੇ ਰੰਗ ਬਖੇਰੇ

**ਸੈਕਰਾਮੈਂਟੋ, ਕੈਲੀਫੋਰਨੀਆ–** ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਯੂਬਾ ਸਿਟੀ ਵਿੱਚ 27ਵਾਂ ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਵਲੋਂ ਕਰਵਾਇਆ ਗਿਆ ਪੰਜਾਬੀ ਅਮਰੀਕਨ ਫੈਸਟੀਵਲ ਚ ਜਿੱਥੇ ਗਿੱਧੇ ਭੰਗੜੇ, ਗੀਤ–ਸੰਗੀਤ, ਕਾਮੇਡੀ–ਸਕਿੱਟਾਂ ਦਿਖਾਈਆਂ ਉਥੇ ਹੀ ਕਰਾਫਟਸ, ਬੱਚਿਆਂ ਦੀਆਂ ਖੇਡਾਂ ਅਤੇ ਪੰਜਾਬੀ ਪਕਵਾਨ, ਮਹਿੰਦੀ ਦੇ ਗਹਿਣੇ ਅਤੇ ਹੋਰ ਵੀ ਬਹੁਤ ਕੁਝ ਦੇਖਣ ਨੂੰ ਮਿਲਿਆ। ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਦੀ ਸਥਾਪਨਾ 1993 ਵਿਚ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਮਨੋਰਥ ਨਾਲ ਕੀਤੀ ਗਈ ਸੀ। ਇਸ ਮੇਲੇ ਵਿਚ ਹੁਣ ਤਕ ਸੈਂਕੜੇ ਕਲਾਕਾਰ ਆਪਣੇ ਫਨ ਦਾ ਮੁਜ਼ਾਹਰਾ ਕਰ ਚੁੱਕੇ ਹਨ। ਇਸ ਵੇਰਾਂ ਵੀ ਪ੍ਰੋਗਰਾਮ ਦਾ ਅਗਾਜ ਸ਼ਬਦ ਨਾਲ ਕੀਤਾ ਗਿਆ । ਇਸ ਤੋਂ ਬਾਅਦ ਵੱਖ ਵੱਖ ਸਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਗਈਆਂ ਜਿਨਾਂ ਚ ਯਾਰ ਅਣਮੁੱਲੇ, ਗੱਭਰੂ ਪੰਜਾਬ, ਰੋਜ਼ਵਿਲ ਤੋਂ ਹੀਰ ਸਲੇਟੀਆਂ, ਨੱਚਦੀ ਜਵਾਨੀ, ਨੱਚ ਦੀਆਂ ਕਲੀਆਂ, ਸਾਡਾ ਵਿਰਸਾ, ਰੰਗਲਾ ਪੰਜਾਬ, ਰੌਣਕ ਪੰਜਾਬ ਦੀ, ਨੱਚਦਾ ਸੰਸਾਰ, ਪੰਜਾਬੀ ਮੁਟਿਆਰਾਂ, ਗਿੱਧਾ ਮੁਟਿਆਰਾਂ ਦਾ, ਖੱਟੀਆਂ ਮਿੱਠੀਆਂ ਜਸਵੀਰ ਐਸ ਗਿੱਲ ਅਤੇ ਰੂਬੀ ਦਿਓਲ ਆਦਿ ਨੇ ਵੱਖ ਵੱਖ ਰੰਗ ਪੇਸ਼ ਕੀਤੇ। ਵਿਸ਼ਵ ਪ੍ਰਸਿੱਧ ਖੇਤੀ ਵਿਗਿਆਨੀ ਅਤੇ ਜੈਨੇਟਿਕਸਿਸਟ ਪ੍ਰੋਫੈਸਰ ਗੁਰਦੇਵ ਸਿੰਘ ਖੁਸ਼ 87, ਇਸ ਪੰਜਾਬੀ ਅਮਰੀਕਨ ਫੈਸਟੀਵਲ ਦੇ ਮੁੱਖ ਮਹਿਮਾਨ ਵਜੋਂ ਹਾਜਿਰ ਸਨ। ਗੁਰਦੇਵ ਸਿੰਘ ਖੁਸ਼ ਜਿਨਾਂ ਨੂੰ ਹਰੀ ਕ੍ਰਾਂਤੀ ਦੇ ਮੋਢੀ ਮੰਨਿਆ ਜਾਂਦਾ ਹੈ ਉਸਨੇ ਚਾਵਲ ਦੀਆਂ ਕਈ ਕਿਸਮਾਂ ਦੀ ਕਾਢ ਕੱਢੀ। ਪੰਜਾਬੀ ਅਮਰੀਕਨ ਫੈਸਟੀਵਲ ਵਿੱਚ ਹੈਰੀਟੇਜ ਸੁਸਾਇਟੀ ਵੱਲੋਂ ਉਨਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਦਾਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸਟੇਜ ਸੰਚਾਲਨਾ ਜੋਤ ਰਣਜੀਤ ਨੇ ਸਟੇਜ ਦੇ ਬਰਾਬਰ ਦੀ ਹੋ ਕੇ ਨਿਭਾਈ ਤੇ ਹਰਜੀਤ ਉਪਲ ਨੇ ਵੀ ਨਿਜੀਂ ਵਰਤਾਰੇ ਦੇ ਟੋਟਕਿਆਂ ਨਾਲ ਬੀਬੀਆਂ ਨੂੰ ਸਟੇਜ ਨਾਲ ਜੋੜੀ ਰੱਖਿਆ। ਪ੍ਰੋਗਾਮ ਦੇ ਅਖੀਰ ਵਿੱਚ ਪਾਕਿਸਾਨੀ ਗਾਇਕ ਹੁਸੈਨ ਜਵੇਦ ਨੇ ਕੁਝ ਸੂਫੀ ਤੇ ਕੁਝ ਪੰਜਾਬੀ ਫੋਕ ਗਾ ਕੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕਾਂ ਦਾ ਮੰਨ ਜਿੱਤਿਆ। ਦੂਸਰੇ ਪਾਸੇ ਉਸ ਵੇਲੇ ਕੋਈ ਕਸਰ ਨਾ ਰਹੀ ਜਦੋਂ ਹੈਰੀਟੇਜ ਸੋਸਾਇਟੀ ਵਲੋਂ ਮਹਿੰਗੇ ਭਾਅ ਲਿਆਂਦੀ ਜੈਸਮੀਨ ਸੈਂਡਲਸ ਨੇ ਸੀ ਡੀ ਲਾ ਕੇ ਗਾਇਆ ਪਰ ਫਿਰ ਵੀ ਗੱਲ ਨਹੀਂ ਬਣੀ। ਸਟੇਜ ਉਸਦੇ ਹੱਥੋਂ ਉਦੋਂ ਨਿਕਲ ਗਈ ਜਦੋਂ ਸਟੇਜ ਦੀ ਸ਼ੁਰੂਆਤ ਵਿੱਚ ਹੀ ਸਟੇਜ ਦੇ ਅੱਗੇ ਬੈਠੀਆਂ ਉਸਦੀਆਂ ਕੁਝ ਫੈਨ ਕੁੜੀਆਂ ਨੂੰ ਸਟੇਜ ਤੇ ਭੰਗੜੇ ਲਈ ਸੱਦ ਲਿਆ ਤੇ ਬਾਅਦ ਚ ਸਲੋਅ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਤੇ ਫਿਰ ਉਹ ਸਟੇਜ ਤੇ ਆਪਣਾ ਪ੍ਰਭਾਵ ਨਹੀਂ ਦੇ ਸਕੀ। ਉਸਨੇ ਸਟੇਜ ਤੋਂ ਗੱਲਾਂ ਜਿਆਦਾ ਤੇ ਗੀਤ ਘੱਟ ਗਾਏ। ਉਸ ਵੇਲੇ ਹੱਦ ਨਹੀ ਰਹੀ ਜਦੋਂ ਸਟੇਜ ਅੱਗੇ ਬੈਠੀਆਂ ਬੱਚੀਆਂ ਨੂੰ ਪੁਛਿਆ ਕੇ "ਦਾਰੂ ਕਿਸਨੇ ਕਿਸਨੇ ਪੀਤੀ ਅੱਜ" ਤੇ ਕਿਹਾ ਮੈਂ ਤਾਂ ਦੋ ਪੈਗ ਪੀ ਕੇ ਆਈ ਹਾਂ। ਇਸ ਗੱਲ ਪ੍ਰਤੀ ਬਹੁਤੇ ਸਰੋਤਿਆਂ ਨੇ ਬੁਰਾ ਮਨਾਇਆ। ਲਾਲ ਰੰਗ ਚ ਰੰਗੇ ਹੋਏ ਵਾਲਾਂ ਵਾਲੀ ਜੈਸਮੀਨ ਸੈਂਡਲਸ ਜਦੋਂ ਸਟੇਜ ਤੇ ਆਈ ਤਾਂ ਲੋਕਾਂ ਨੂੰ ਲੱਗਿਆ ਕਿ ਕੁਝ ਸਭਿਆਚਾਰਕ ਗਾਵੇਗੀ ਪਰ ਇੱਕ ਵੀ ਗੀਤ ਸਭਿਅਕ ਨਹੀਂ ਗਾਇਆ ਜੇ ਗਾਇਆ ਵੀ ਉਹ ਵੀ ਪੁਰਾਣੇ ਪੰਜਾਬੀ ਗਾਇਕਾਵਾਂ ਦੇ। ਇੱਕ ਫੁਕਰਾ ਅਖੋਤੀ ਵੱਡਾ ਪ੍ਰਮੋਟਰ ਵੀ ਉਸਦਾ ਬਾਡੀ ਗਾਰਡ ਬਣ ਕੇ ਉਸਦੇ ਅੱਗੇ ਪਿਛੇ ਰਿਹਾ ਜੋ ਉਸਨੂੰ ਪ੍ਰਬੰਧਕਾਂ ਨੂੰ ਵੀ ਮਿਲਣ ਨਹੀਂ ਸੀ ਦੇ ਰਿਹਾ। ਪਰ ਜਸਮੀਨ ਸੈਂਡਲਸ ਨੇ ਇਕ ਗੱਲ ਸੱਚੀ ਕਹਿ ਦਿੱਤੀ ਕਿ "ਮੈਂ ਤਾਂ ਫੁਕਰੀ ਮਾਰਦੀ ਹਾਂ"। ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਨੂੰ ਇਹੋ ਜਿਹੇ ਕਲਾਕਾਰ ਨੂੰ ਸੱਦ ਕਿ ਆਪਣੇ ਮਨੋਰਥ ਤੋਂ ਭਟਕਣਾ ਨਹੀਂ ਚਾਹੀਦਾ।



# ਪੰਜਾਬ ਦੀ ਫ਼ਸਲ ਐਕਸਪੋਰਟ ਕਰਨ ਲਈ ਉਪਰਾਲੇ ਜਾਰੀ- ਬਾਲਮਕੰਦ ਸ਼ਰਮਾ







**ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ)–** ਬੁੱਧਵਾਰ ਰਾਤੀਂ ਸਥਾਨਕ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਵਿਖੇ ਕਰੋਬਾਰੀ ਨੀਟੂ ਵਡਿਆਲ ਵੱਲੋ ਕਮੇਡੀਅਨ ਅਤੇ ਮਾਰਕਫਿੱਡ ਦੇ ਅਡੀਸ਼ਨਲ ਧ ਰਹੇ ਬਾਲ ਮਕੰਦ ਸ਼ਰਮਾ ਜੀ ਦੇ ਸਨਮਾਨ ਹਿੱਤ ਇੱਕ ਸ਼ਾਨਦਾਰ ਸਮਾਗਮ ਦਾ ਅਯੋਜਨ ਕੀਤਾ ਗਿਆ। ਜਿੱਥੇ ਸ਼ਹਿਰ ਦੀਆਂ ਸਿਰਕੱਢ ਸਖਸ਼ੀਅਤਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਹੋਰ ਵੀ ਚਾਰ ਚੰਨ ਲਾਏ। ਇਸ ਮੌਕੇ ਸ਼੍ਰੀ ਬਾਲ ਮਕੰਦ ਸ਼ਰਮਾ ਨੇ ਪੰਜਾਬ ਦੀ ਕਿਰਸਾਨੀ ਦੀ ਗੱਲ ਕੀਤੀ। ਉਹਨਾਂ ਕਿਹ ਕਿ ਸਾਡੀ ਟੀਮ ਇਸ ਕੋਸ਼ਿਸ਼ ਵਿੱਚ ਹੈ ਕਿ ਕਿਸੇ ਤਰੀਕੇ ਪੰਜਾਬ ਦੇ ਕਿਸਾਨ ਦੀ ਫਸਲ ਅਮਰੀਕਾ, ਕਨੇਡਾ, ਇੰਗਲੈਂਡ ਜਾਂ ਆਸਟ੍ਰੇਲੀਆ ਵਰਗੇ ਦੇਸ਼ਾਂ ਨੂੰ ਹਵਾਈ ਜਹਾਜ਼ਾਂ ਰਾਹੀਂ ਓਣਪੋਰਟ ਹੋਣ ਲੱਗ ਜਾਵੇ, ਉਹਨਾਂ ਇਹ ਵੀ ਕਿਹਾ ਕਿ ਇਸ ਪ੍ਰੋਜੈਕਟ ਲਈ ਸਾਡੀ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੂਰੀ ਮੱਦਦ ਕਰ ਰਹੇ ਹਨ।

ਉਹਨਾਂ ਕਿਹਾ ਕਿ ਇਸ ਦੀ ਸ਼ੁਰੂਆਤ ਬਾਹਰ ਖੁੱਲ੍ਹੇ ਵੱਡੇ ਪੰਜਾਬੀ ਗਰੌਸਰੀ ਸਟੋਰਾਂ ਦੇ ਸਹਿਯੋਗ ਨਾਲ ਹੋਵੇਗੀ, ਅਤੇ ਉਹਨਾਂ ਕਿਹਾ ਕਿ ਨੀਟੂ ਵਡਿਆਲ ਜਿਹੜੇ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਦੇ ਨਾਲ "ਗਰੌਸਰੀ ਡੀਪੂ" ਨਾਮੀ ਵੱਡਾ ਪੰਜਾਬੀ ਗਰੌਸਰੀ ਅਤੇ ਹਰੀਆ ਸਬਜ਼ੀਆਂ ਦਾ ਸਟੋਰ ਵੀ ਚਲਾ ਰਹੇ ਹਨ, ਅਗਰ ਏਦਾਂ ਦੇ ਸੱਜਣ ਸਾਡੇ ਇਸ ਪ੍ਰੋਜੈਕਟ ਲਈ ਮੱਦਦ ਕਰਨ ਤਾਂ ਇਹ ਕੰਮ ਕੋਈ ਔਖਾ ਵੀ ਨਹੀਂ। ਉਹਨਾਂ ਕਿਹਾ ਕਿ ਅੱਜਕੱਲ ਤਕਨੀਕੀ ਯੁੱਗ ਵਿੱਚ ਹਵਾਈ ਜਹਾਜ਼ ਇੰਡੀਆ ਤੋਂ ਉੱਡਕੇ ਸਿੱਧੇ ਪੰਦਰਾਂ ਘੰਟਿਆਂ 'ਚ ਅਮਰੀਕਾ ਆ ਜਾਂਦੇ ਨੇ, ਅਗਰ ਬਾਹਰ ਵਸਦੇ ਪੰਜਾਬੀ ਤੇ ਸਰਕਾਰਾਂ ਸਾਥ ਦੇਣ ਤਾਂ ਕੁਝ ਵੀ ਅਸੰਭਵ ਨਹੀਂ। ਇਸ ਮੌਕੇ ਜੋਤ ਰਣਜੀਤ ਕੌਰ, ਸੰਜੀਵ ਕੁਮਾਰ, ਡਾ। ਮੋਮੀ ਆਦਿ ਨੇ ਆਪਣੇ ਵਿਚਾਰ ਰੱਖੇ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ।

ਗਾਇਕ ਕਮਲਜੀਤ ਬੈਨੀਪਾਲ ਨੇ ਇੱਕ ਗੀਤ ਨਾਲ ਹਾਜ਼ਰੀ ਲਵਾਈ। ਅਖੀਰ ਬੇ-ਲੀਫ਼ ਦੇ ਸੁਆਦਿਸ਼ਟ ਖਾਣੇ ਤੋਂ ਬਾਅਦ ਇਹ ਪ੍ਰੋਗ੍ਰਾਮ ਅਮਿੱਟ ਪੈੜ੍ਹਾ ਛੱਡਦਾ ਸਮਾਪਤ ਹੋਇਆ।

****

# ਮੀਡੀਆ 'ਤੇ ਹਮਲਾ ਕਰਨ ਪਿੱਛੇ ਭਗਵੰਤ ਮਾਨ 'ਚ ਗੋਰੀ ਸਰਕਾਰ ਦਾ ਭੂਤ - ਜਸਵੀਰ ਗੜ੍ਹੀ

**ਜਲੰਧਰ–** ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਮੀਡੀਆ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਲੈ ਕੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਸਰਕਾਰ ਦੀ ਸਖਤ ਨਿਖੇਧੀ ਕੀਤੀ। ਜਾਰੀ ਬਿਆਨ ਵਿੱਚ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅੰਗਰੇਜਾਂ ਦੀ ਗੋਰੀ ਸਰਕਾਰ ਦੇ ਦਿਨ ਚੇਤੇ ਕਰਵਾ ਦਿੱਤੇ ਹਨ ਜੋ ਸਰਕਾਰ ਦੀ ਨੁਕਤਾਚੀਨੀ ਕਰਨ ਉਤੇ ਦੇਸੀ ਤੇ ਅੰਗਰੇਜ਼ੀ ਅਖਬਾਰਾਂ ਨੂੰ ਹੀ ਬੰਦ ਕਰ ਦਿੰਦੇ ਸਨ। ਸ ਗੜ੍ਹੀ ਨੇ ਇਤਿਹਾਸਿਕ ਜਾਣਕਾਰੀ ਦਿੰਦਿਆ ਕਿਹਾ ਕਿ 240 ਸਾਲ ਪਹਿਲਾਂ 1782 ਵਿੱਚ ਈਸ਼ਟ ਇੰਡੀਆ ਕੰਪਨੀ ਦੀ ਨੁਕਤਾਚੀਨੀ ਕਰਨ ਉਤੇ ਅੰਗਰੇਜ਼ ਸਰਕਾਰ ਨੇ "ਹਿੱਕੀ ਬੰਗਾਲ ਗਜ਼ਟ" ਅਖ਼ਬਾਰ ਨੂੰ ਬੰਦ ਕਰ ਦਿੱਤਾ ਸੀ। ਹੁਣ 240 ਸਾਲ ਬਾਅਦ ਗੋਰੀ ਸਰਕਾਰ ਦਾ ਭੂਤ ਭਗਵੰਤ ਮਾਨ 'ਚ ਪ੍ਰਵੇਸ਼ ਕਰ ਗਿਆ ਹੈ। ਉਨ੍ਹਾਂ ਕਿਹਾ ਕਿ 1857 ਦੀ ਕ੍ਰਾਂਤੀ ਸਮੇਂ ਗੋਰੀ ਸਰਕਾਰ ਨੇ 35 ਦੇਸ਼ੀ ਅਖਬਾਰਾਂ ਦੇ ਮਾਲਕਾਂ ਨੂੰ



ਸੰਮਨ ਕੀਤਾ ਸੀ ਜਿਸ ਵਿੱਚ "ਅਮ੍ਰਿਤਾ ਬਾਜ਼ਾਰ ਪੱਤਿਰਕਾ" ਦਾ ਸੰਪਾਦਕ ਸ਼ਿਸ਼ਰ ਕੁਮਾਰ ਘੋਸ ਵੀ ਸ਼ਾਮਲ ਸੀ।

ਇਸ ਗੋਰੀ ਸਰਕਾਰ ਦਾ ਕਾਲਾ ਭੂਤ ਪ੍ਰਵੇਸ਼ ਹੋਣ ਕਾਰਨ ਹੀ ਭਗਵੰਤ ਮਾਨ ਸਰਕਾਰ ਵੱਡੇ ਪੱਧਰ ਉਤੇ ਮੀਡੀਆ ਨਾਲ ਧੱਕੇਸ਼ਾਹੀ ਕਰ ਰਹੀ ਹੈ, ਜਿਸ ਵਿੱਚ ਅਜੀਤ ਅਖਬਾਰ ਦੇ ਮੁੱਖ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਜੀ ਨੂੰ ਵਿਜੀਲੈਂਸ ਰਾਹੀਂ ਅਤੇ ਇਸ਼ਤਿਆਰ ਦੇਣ ਚ ਵਿਤਕਰੇਬਾਜ਼ੀ ਕਰਕੇ ਪਰੇਸ਼ਾਨ ਕਰ ਰਹੇ ਹਨ ਜਦੋਂਕਿ ਹਮਦਰਦ ਪਰਿਵਾਰ ਪਿਛਲੇ ਤਿੰਨ ਪੀੜ੍ਹੀਆਂ ਤੋਂ ਦੇਸ਼ ਵਿਦੇਸ਼ ਵਿਚ ਵਸਦੇ 6 ਕਰੋੜ ਪੰਜਾਬੀਆਂ ਦੀ ਸੇਵਾ ਕਰ ਰਹੇ ਹਨ। ਬਸਪਾ ਸੂਬਾ ਪ੍ਰਧਾਨ ਸ ਗੜ੍ਹੀ ਨੇ ਜਾਣਕਾਰੀ ਦਿੱਤੀ ਕਿ ਅਜਿਹੇ ਧੱਕੇਸ਼ਾਹੀ ਵਾਲੇ ਹਾਲਾਤਾਂ ਖਿਲਾਫ ਬਹੁਜਨ ਸਮਾਜ ਪਾਰਟੀ 1 ਜੂਨ ਨੂੰ ਹਮਦਰਦ ਭਵਨ ਵਿੱਚ ਹੋਣ ਵਾਲੀ ਸਰਬ ਪਾਰਟੀ ਮੀਟਿੰਗ ਵਿੱਚ ਸ਼ਾਮਲ ਹੋਵੇਗੀ ਅਤੇ ਸਰਕਾਰ ਖ਼ਿਲਾਫ਼ ਸਮਾਂ ਆਉਣ ਤੇ ਸੜਕ ਤੇ ਆਉਣ ਤੋਂ ਵੀ ਗੁਰੇਜ਼ ਨਹੀਂ ਕਰੇਗੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com






# ਸੈਕਰਾਮੈਂਟੋ ਵਿੱਚ ਕਰਵਾਏ ਗਏ ਕਬੱਡੀ ਟੂਰਨਾਮੈਂਟ 'ਚ ਪਹਿਲਾ ਸਥਾਨ ਬੇ-ਏਰੀਆ ਸਪੋਰਟਸ ਕਲੱਬ ਤੇ ਮੈਟਰੋ ਨਿਊਯਾਰਕ ਨੇ ਸਾਂਝੇ ਤੌਰ ਤੇ ਜਿੱਤਿਆ ਤੇ ਦੂਜੇ ਤੇ ਚੜਦਾ ਪੰਜਾਬ ਰਿਹਾ

## ਵੱਖ ਵੱਖ ਸ਼ਖਸ਼ੀਅਤਾਂ ਦਾ ਸੋਨੇ ਦੇ ਤਮਗਿਆਂ ਨਾਲ ਸਨਮਾਨ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਵਲੋਂ ਕਰਵਾਏ ਗਏ ਕਬੱਡੀ ਟੂਰਨਾਮੈਂਟ ਵਿੱਚ ਐਤਕਾਂ ਵੀ ਕਾਫੀ ਫਸਵੇਂ ਮੈਚ ਦੇਖਣ ਨੂੰ ਮਿਲੇ ਪਰ ਬੇ-ਏਰੀਆ ਸਪੋਰਟਸ ਕਲੱਬ ਅਤੇ ਮੈਟਰੋ ਨਿਊਯਾਰਕ ਨੇ ਚੜ੍ਹਦਾ ਪੰਜਾਬ ਨੂੰ ਹਰਾ ਕੇ 40-48 ਨੰਬਰਾਂ ਦੇ ਫ਼ਰਕ ਨਾਲ ਫਾਈਨਲ ਮੈਚ ਜਿੱਤ ਲਿਆ। ਜੇਤੂ ਟੀਮ ਨੂੰ 15 ਹਜ਼ਾਰ ਡਾਲਰ ਦਾ ਨਗਦ ਇਨਾਮ ਅਤੇ ਵੱਡੀ ਟਰਾਫ਼ੀ ਦਿੱਤੀ ਗਈ। ਇਹ ਇਨਾਮ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਰੋਜ਼ਵਿਲ ਵਲੋਂ ਸਪੌਂਸਰ ਕੀਤਾ ਗਿਆ। ਦੂਜਾ ਇਨਾਮ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਨੂੰ 13 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਗਿਆ ਜੋ ਕਿ ਮਾਇਕ ਬੋਪਾਰਾਏ , ਨੇਕੀ ਅਟਵਾਲ, ਭਿੰਦਾ ਗਾਖਲ, ਪਿੰਕੀ ਅਟਵਾਲ, ਕੁਲਜੀਤ ਸਿੰਘ ਨਿੱਝਰ, ਜਗਜੀਤ ਰੱਕੜ ਵਲੋਂ ਸਪੌਂਸਰ ਕੀਤਾ ਗਿਆ ਸੀ। ਤੀਜਾ ਇਨਾਮ ਸੋਢੀ ਸ਼ੋਕਰ, ਜਾਗਰ ਉੱਪਲ , ਬਲਵਿੰਦਰ ਸਿੱਧੂ ਰਿਵਰਸਾਈਡ ਵਲੋਂ 11 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਗਿਆ। ਇਸ ਦੌਰਾਨ ਬੈਸਟ ਰੇਡਰ ਸੁਲਤਾਨ ਸਮਸਪੁਰੀਆਂ ਤੇ ਬੈਸਟ ਜਾਫੀ ਪਾਲਾ ਜਲਾਲਪੁਰੀਆਂ ਨੂੰ ਚੁਣਿਆ ਗਿਆ। ਇਸ ਮੌਕੇ ਉੱਘੇ ਕੱਬਡੀ ਪ੍ਰਮੋਟਰ ਬੰਤ ਸਿੰਘ ਨਿੱਝਰ ਕਨੇਡਾ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ। ਇਸ ਤੋਂ ਇਲਾਵਾ ਉਨ੍ਹਾਂ ਨੇ ਵੱਖ ਵੱਖ ਟੀਮਾਂ ਦੇ ਖਿਡਾਰੀਆਂ ਨੂੰ ਟ੍ਰਾਫੀਆਂ ਦੇ ਕੇ





ਸਨਮਾਨਿਤ ਕੀਤਾ।

ਇਸ ਮੌਕੇ ਉਹਨਾਂ ਦੇ ਨਾਲ ਉੱਘੇ ਕੱਬਡੀ ਪ੍ਰਮੋਟਰ ਜੌਨ ਸਿੰਘ ਗਿੱਲ, ਅਮੋਲਕ ਗਾਖਲ, ਇਕਬਾਲ ਗਾਖਲ , ਸੁਰਿੰਦਰ ਨਿੱਝਰ, ਕੁਲਜੀਤ ਨਿੱਝਰ, ਤੀਰਥ ਗਾਖਲ ਨੇ ਵੀ ਇਨਾਮ ਤਕਸੀਮ ਕੀਤੇ। ਬਾਕੀ ਮੁੱਖ ਸਪੌਂਸਰਾ ਵਿਚ ਗਾਖਲ ਬ੍ਰਦਰਜ, ਬਲਜੀਤ ਬਾਸੀ, ਮੱਖਣ ਝੱਟੂ, ਪਾਲ ਸਿੰਘ ਕੈਲੇ, ਸੰਘਾਂ ਬ੍ਰਦਰਜ, ਸ਼ੇਰੂ ਭਾਟੀਆ, ਜਸਵਿੰਦਰ ਬੈਂਸ, ਸੈਂਟਰਲਵੈਲੀ ਦੇ ਰਾਜਾ ਧਾਮੀ, ਹੈਰੀ ਭੰਗੂ ਬਲਜੀਤ ਸੰਧੂ, ਕੁਲਦੀਪ, ਜੱਸੀ ਬੇ-ਏਰੀਆ ਸਪੋਰਟਸ ਕਲੱਬ , ਤਾਰੀ ਡੱਬ੍ਹ, ਨਰਿੰਦਰ ਔਜਲਾ, ਅਮਨਦੀਪ ਸੰਧੂ, ਗੁਰਚਰਨ ਚੰਨੀ, ਰਾਮਪਾਲ ਨਿੱਝਰ ਇਸ ਮੌਕੇ ਮੁੱਖ ਕੱਬਡੀ ਪ੍ਰੋਮੋਟਰਾਂ ਵਜੋਂ ਇਸ ਟੂਰਨਾਮੈਂਟ ਵਿਚ ਸ਼ਾਮਿਲ ਸਨ। ਇਸ ਕਬੱਡੀ ਮੈਚਾਂ ਦੀ ਕੁਮੈਂਟਰੀ ਮੱਖਣ ਅਲੀ , ਕਾਲਾ ਰਾਸ਼ੀਨ, ਸੁਰਜੀਤ ਕਕਰਾਲੀ ਨੇ ਕੀਤੀ ਤੇ ਵਿਸ਼ੇਸ਼ ਤੌਰ ਤੇ ਇਸ ਸਾਰੇ ਟੂਰਨਾਮੈਂਟ ਦੀ ਸੰਚਾਲਣਾ ਮੁੱਖ ਸਟੇਜ਼ ਤੋਂ ਬੀਬੀ ਆਸ਼ਾ ਸ਼ਰਮਾ ਨੇ ਬੜੀ ਤਰਤੀਬ ਨਾਲ ਕੀਤੀ।

ਇਸ ਟੂਰਨਾਮੈਂਟ ਵਿੱਚ ਵੱਖ ਵੱਖ ਸ਼ਖ਼ਸੀਅਤਾਂ ਨੂੰ ਉਹਨਾਂ ਦੇ ਖੇਡ ਤੇ ਸੱਭਿਆਚਾਰ ਵਿਚ ਪਾਏ ਯੋਗਦਾਨ ਬਦਲੇ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਬੰਤ ਸਿੰਘ ਨਿੱਝਰ ਕਨੇਡਾ, ਜੌਨ ਸਿੰਘ ਗਿੱਲ, ਅਮੋਲਕ ਗਾਖਲ, ਬੀਬੀ ਆਸ਼ਾ ਸ਼ਰਮਾ ,ਮਾਇਕ ਬੋਪਾਰਾਏ, ਬਲਜੀਤ ਬਾਸੀ, ਮੱਖਣ ਧਾਲੀਵਾਲ, ਵਿੱਕੀ ਫੈਲਾਡਾਲਫੀਆਂ, ਆਦਿ ਨੂੰ ਸਨਮਾਨਿਤ ਕੀਤਾ ਗਿਆ। ਇਸ ਟੂਰਨਾਮੈਂਟ ਵਿੱਚ ਸ਼ਾਮਿਲ ਭਾਰੀ ਗਿਣਤੀ ਵਿਚ ਮਰਦਾਂ ਤੋਂ ਇਲਾਵਾ ਬੀਬੀਆਂ ਨੇ ਵੀ ਇਸ ਕੱਬਡੀ ਖੇਡ ਦਾ ਆਨੰਦ ਮਾਣਿਆ।

ਇਸ ਮੌਕੇ ਸਕਿਓਰਿਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ। ਮੁੱਖ ਪ੍ਰਬੰਧਕਾਂ ਵਿਚ ਕਿੰਦੂ ਰਾਮੀਦੀ , ਗੁਰਮੁੱਖ ਸੰਧੂ, ਸੋਢੀ ਢੀਂਡਸਾ, ਸੀਤਲ ਸਿੰਘ ਨਿੱਝਰ, ਸੁਖਵਿੰਦਰ ਤੂਰ, ਗੁਰਨੇਕ ਢਿਲੋਂ, ਜੱਸੀ ਢਿੱਲੋਂ ਆਦਿ ਵਲੋਂ ਅਗਲੇ ਵਰ੍ਹੇ 25 ਮਈ ਨੂੰ 9 ਵਾਂ ਟੂਰਨਾਮੈਂਟ ਕਰਵਾਉਣ ਦਾ ਐਲਾਨ ਕੀਤਾ ਗਿਆ।

# ਬਰਲਿਨ ਸਪੈਸ਼ਲ ਓਲੰਪਿਕ ਲਈ ਹੈੱਡ ਕੋਚ ਚੁਣੀ ਗਈ ਹੁਸ਼ਿਆਰਪੁਰ ਦੀ ਅੰਜਨਾ ਦਾ ਕੈਬਨਿਟ ਮੰਤਰੀ ਜ਼ਿੰਪਾ ਨੇ ਕੀਤਾ ਸਨਮਾਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਬਰਲਿਨ (ਜਰਮਨੀ) ਵਿੱਚ ਹੋਣ ਜਾ ਰਹੀਆਂ ਸਪੈਸ਼ਲ ਓਲੰਪਿਕ ਖੇਡਾਂ 2023 ਲਈ ਹੈਡ ਕੋਚ ਦੇ ਤੌਰ ’ਤੇ ਚੁੱਣੀ ਗਈ ਆਸ਼ਾ ਕਿਰਨ ਸਪੈਸ਼ਲ ਸਕੂਲ ਦੀ ਕੋਚ ਅੰਜਨਾ ਨੂੰ ਸਕੂਲ ਜਾ ਕੇ ਸਨਮਾਨਿਤ ਕੀਤਾ। ਇਸ ਦੌਰਾਨ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਵੀ ਅੰਜਨਾ ਨੂੰ ਇਸ ਪ੍ਰਾਪਤੀ ਲਈ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਕੈਬਨਿਟ ਮੰਤਰੀ ਨੇ ਕਿਹਾ ਕਿ ਜ਼ਿਲ੍ਹੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਬਰਲਿਨ ਵਿਖੇ 14 ਤੋਂ 25 ਜੂਨ ਤੱਕ ਹੋਣ ਵਾਲੀਆਂ ਸਪੈਸ਼ਲ ਉਲੰਪਿਕ ਖੇਡਾਂ ਵਿੱਚ ਪੂਰੇ ਸੂਬੇ ਵਿਚੋਂ ਹੁਸ਼ਿਆਰਪੁਰ ਦੀ ਅੰਜਨਾ ਨੂੰ ਹੈਡ ਕੋਚ ਵਜੋਂ ਚੁਣਿਆ ਗਿਆ ਹੈ, ਜੋ ਕਿ ਆਸ਼ਾ ਕਿਰਨ ਸਪੈਸ਼ਲ ਸਕੂਲ ਵਿੱਚ ਕੋਚ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਤੋਂ ਅਥਲੈਟਿਕਸ ਤੋਂ ਮੁੱਖ ਕੋਚ ਅੰਜਨਾ, 7 ਅਥਲੀਟ ਅਤੇ ਇੱਕ ਯੂਨੀਫਾਈਡ ਪਾਰਟਨਰ ਜਾ ਰਹੇ ਹਨ। ਸਮਾਗਮ ਦੌਰਾਨ ਆਸ਼ਾ ਕਿਰਨ ਸਪੈਸ਼ਲ ਸਕੂਲ ਦੇ ਬੱਚਿਆਂ ਦੀਆਂ ਗਤੀਵਿਧੀਆਂ ਦੇਖ ਕੇ ਬੇਹੱਦ ਪ੍ਰਭਾਵਿਤ ਹੁੰਦਿਆਂ ਉਨ੍ਹਾਂ ਕਿਹਾ ਕਿ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੀ ਪੂਰੀ ਟੀਮ ਸ਼ਲਾਘਾਯੋਗ ਕੰਮ ਕਰ ਰਹੀ ਹੈ ਅਤੇ ਨਿਰਸਵਾਰਥ ਹੋ ਕੇ ਮਨੁੱਖਤਾ ਦੀ ਸੇਵਾ ਵਿੱਚ ਲੱਗੀ ਹੋਈ ਹੈ। ਇਸ ਮੌਕੇ ਉਨ੍ਹਾਂ 26



ਜਨਵਰੀ 2023 ਨੂੰ ਸੱਭਿਆਚਾਰਕ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਸੰਸਥਾ ਨੂੰ ਇਕ ਲੱਖ ਰੁਪਏ ਦੀ ਗ੍ਰਾਂਟ ਦਾ ਚੈਕ ਸੌਂਪਿਆ। ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਇਸ ਦੌਰਾਨ ਸਕੂਲ ਨੂੰ ਛੇ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਅਤੇ ਭਵਿੱਖ ਵਿੱਚ ਵੀ ਅਜਿਹੇ ਸਹਿਯੋਗ ਦਾ ਭਰੋਸਾ ਦਿੱਤਾ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਸਪੈਸ਼ਲ ਬੱਚਿਆਂ ਦੀਆਂ ਗਤੀਵਿਧੀਆਂ ਨੂੰ ਦੇਖ ਕੇ ਭਾਵੁਕ ਹੋ ਗਏ ਅਤੇ ਕਿਹਾ ਕਿ ਬਿਨ੍ਹਾਂ ਸੁਣੇ ਅਤੇ ਬਿਨ੍ਹਾਂ ਦੇਖੇ ਕੋਈ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਿਸ ਤਰ੍ਹਾਂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਸਕੂਲ ਦੇ ਅਧਿਆਪਕਾਂ ਦੀ ਸਮਰਪਿਤ ਭਾਵਨਾ ਸਦਕਾ ਹੀ ਸੰਭਵ ਹੋ ਸਕਿਆ ਹੈ। ਸਮਾਗਮ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਸਕੂਲ ਦੇ ਵਿਹੜੇ ਵਿੱਚ ਬੂਟੇ ਵੀ ਲਗਾਏ।

ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਐਡਵਾਈਜ਼ਰ ਪਰਮਜੀਤ ਸਿੰਘ ਸਚਦੇਵਾ ਨੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਅਤੇ ਡਿਪਟੀ ਕਮਿਸ਼ਨਰ ਦਾ ਸਵਾਗਤ ਕੀਤਾ ਅਤੇ ਸਕੂਲ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਚਾਰ ਸਪੈਸ਼ਲ ਬੱਚਿਆਂ, ਇੱਕ ਅਧਿਆਪਕ ਅਤੇ ਇਕ ਕਿਰਾਏ ਦੀ ਇਮਾਰਤ ਨਾਲ ਇਹ ਸਪੈਸ਼ਲ ਸਕੂਲ ਸ਼ੁਰੂ ਕੀਤਾ ਗਿਆ ਸੀ, ਜਿਸ ਤੋਂ ਬਾਅਦ ਪਿੰਡ ਜਹਾਨਖੇਲਾਂ ਦੀ ਪੰਚਾਇਤ ਨੇ ਸਕੂਲ ਨੂੰ ਜ਼ਮੀਨ ਦਾਨ ਦਿੱਤੀ ਅਤੇ ਲੋਕਾਂ ਦੇ ਸਹਿਯੋਗ ਨਾਲ ਅੱਜ ਇਹ ਸਕੂਲ ਨਾ ਸਿਰਫ਼ ਵਿਸ਼ੇਸ਼ ਬੱਚਿਆਂ ਨੂੰ ਪੜ੍ਹਾ ਰਿਹਾ ਹੈ, ਉਥੇ ਫਿਜ਼ੀਓਥੈਰੇਪੀ, ਸਪੀਚ ਥੈਰੇਪੀ, ਵਿਸ਼ੇਸ਼ ਸਿੱਖਿਆ ਦੇ ਨਾਲ-ਨਾਲ ਸੱਭਿਆਚਾਰਕ ਪ੍ਰੋਗਰਾਮ ਆਰਟ ਐਂਡ ਕਰਾਫਟ ਟ੍ਰੇਨਿੰਗ ਐਂਡ ਸਪੋਰਟਸ ਦੀ ਵੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਡਿਪਲੋਮਾ ਇਨ੍ ਸਪੈਸ਼ਲ ਐਜੂਕੇਸ਼ਨ ਜੋ ਕਿ ਰੀਹੈਬਲੀਟੇਸ਼ਨ ਕੌਂਸਲ ਆਫ ਇੰਡੀਆ ਤੋਂ ਮਾਨਤਾ ਪ੍ਰਾਪਤ ਹੈ, ਵੀ ਚਲਾਇਆ ਜਾ ਰਿਹਾ ਹੈ। ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਤਰਨਜੀਤ ਸਿੰਘ (ਸੀ.ਏ) ਨੇ ਮੁੱਖ ਮਹਿਮਾਨਾਂ ਦਾ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਅਤੇ ਹੈਂਡ ਕੋਚ ਅੰਜਨਾ ਨੂੰ ਵਿਸ਼ੇਸ਼ ਓਲੰਪਿਕ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਅੰਬਾਤੀ ਰਾਇਡੂ ਫਾਈਨਲ ਮੈਚ ਤੋਂ ਬਾਅਦ ਲੈ ਲੈਣਗੇ ਸੰਨਿਆਸ

**ਚੇਨਈ–** ਆਈਪੀਐਲ 2023 ਵਿੱਚ ਚੇਨਈ ਸੁਪਰ ਕਿੰਗਜ਼ ਆਪਣਾ ਫਾਈਨਲ ਮੈਚ ਗੁਜਰਾਤ ਟਾਈਟਨਸ ਦੇ ਖਿਲਾਫ ਖੇਡਣ ਜਾ ਰਹੀ ਹੈ। ਇਸ ਦੌਰਾਨ ਵੱਡੀ ਜਾਣਕਾਰੀ ਸਾਹਮਣੇ ਆਈ ਹੈ ਕਿ ਇੱਕ ਸਟਾਰ ਖਿਡਾਰੀ ਕ੍ਰਿਕਟ ਨੂੰ ਅਲਵਿਦਾ ਕਹਿਣ ਵਾਲਾ ਹੈ। ਚਿੰਤਾ ਨਾ ਕਰੋ, ਇਹ ਐਮਐਸ ਧੋਨੀ ਨਹੀਂ ਬਲਕਿ ਚੇਨਈ ਦੇ ਬੱਲੇਬਾਜ਼ ਅੰਬਾਤੀ ਰਾਇਡੂ ਹਨ ਜੋ ਫਾਈਨਲ ਮੈਚ ਤੋਂ ਬਾਅਦ ਸੰਨਿਆਸ ਲੈ ਲੈਣਗੇ। ਉਨ੍ਹਾਂ ਨੇ ਖੁਦ ਟਵੀਟ ਕਰਕੇ ਇਸ ਗੱਲ ਦਾ ਸੰਕੇਤ ਦਿੱਤਾ ਹੈ। ਤੁਹਾਨੂੰ ਦੱਸ ਦੇਈਏ ਕਿ ਅੰਬਾਤੀ ਰਾਇਡੂ ਲਈ ਇਹ ਸੀਜ਼ਨ ਖਾਸ ਨਹੀਂ ਰਿਹਾ। ਰਾਇਡੂ 15 ਮੈਚਾਂ ਦੀਆਂ 11 ਪਾਰੀਆਂ ‘ਚ ਸਿਰਫ 139 ਦੌੜਾਂ ਹੀ ਬਣਾ ਸਕੇ ਹਨ। ਖੈਰ, ਹੁਣ ਦੇਖਣਾ ਹੋਵੇਗਾ ਕਿ ਉਹ ਆਪਣੇ ਆਖਰੀ ਮੈਚ ‘ਚ ਕੀ ਕਮਾਲ ਦਿਖਾ ਸਕਦਾ ਹੈ?

**ਅੰਬਾਤੀ ਰਾਇਡੂ ਦਾ ਕਰੀਅਰ**

ਅੰਬਾਤੀ ਰਾਇਡੂ ਦੇ ਕਰੀਅਰ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ 2010 ਵਿੱਚ ਮੁੰਬਈ ਇੰਡੀਅਨਜ਼ ਨਾਲ ਆਪਣੇ ਆਈਪੀਐਲ ਕਰੀਅਰ ਦੀ ਸ਼ੁਰੂਆਤ ਕੀਤੀ ਸੀ ਅਤੇ ਇਸ ਦੌਰਾਨ ਉਹ 2017



ਤੱਕ ਇਸ ਟੀਮ ਦਾ ਹਿੱਸਾ ਰਹੇ। 7 ਸਾਲਾਂ ‘ਚ ਉਸ ਨੂੰ ਇਸ ਟੀਮ ਲਈ 3 ਵਾਰ ਟਰਾਫੀ ਚੁੱਕਣ ਦਾ ਮੌਕਾ ਮਿਲਿਆ।

ਇਸ ਦੇ ਨਾਲ ਹੀ 2018 ਵਿੱਚ ਅੰਬਾਤੀ ਰਾਇਡੂ ਚੇਨਈ ਸੁਪਰ ਕਿੰਗਜ਼ ਦਾ ਹਿੱਸਾ ਬਣ ਗਏ ਅਤੇ ਹੁਣ ਤੱਕ ਉਹ ਇਸ ਟੀਮ ਦਾ ਹਿੱਸਾ ਹਨ। ਧੋਨੀ ਦੀ ਕਪਤਾਨੀ ‘ਚ ਉਹ ਦੋ ਵਾਰ ਆਈਪੀਐੱਲ ਟਰਾਫੀ ਆਪਣੇ ਨਾਂ ਕਰ ਚੁੱਕੇ ਹਨ। ਨਾਲ ਹੀ ਜੇਕਰ ਉਨ੍ਹਾਂ ਦੇ ਕਰੀਅਰ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ 202 ਮੈਚਾਂ ਦੀਆਂ 186 ਪਾਰੀਆਂ ‘ਚ 1 ਸੈਂਕੜਾ ਅਤੇ 22 ਅਰਧ ਸੈਂਕੜੇ ਦੀ ਮਦਦ ਨਾਲ 4329 ਦੌੜਾਂ ਬਣਾਈਆਂ ਹਨ।

# ਪੰਜਾਬ ਦਾ ਅਜਿਹਾ ਪਿੰਡ ਜਿੱਥੇ ਲੋਕਾਂ ਨੂੰ ਕਿਸ਼ਤੀਆਂ ਰਾਹੀ ਕਰਨਾ ਪੈਂਦਾ ਸਫ਼ਰ

**ਲੁਧਿਆਣਾ–** ਸਨਅਤੀ ਸ਼ਹਿਰ ਕਹਿਣ ਨੂੰ ਤਾਂ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਹੈ ਪਰ ਇੱਥੇ ਵੀ 21ਵੀਂ ਸਦੀ ਦੇ ਬਾਵਜੂਦ ਲੋਕ 20ਵੀਂ ਸਦੀ ਵਾਲਾ ਜੀਵਨ ਬਤੀਤ ਕਰਨ ਨੂੰ ਮਜ਼ਬੂਰ ਹਨ। ਸਤਲੁਜ ਦਰਿਆ ਦੇ ਕੰਢੇ ਵਸਦੇ ਲੋਕ ਅੱਜ ਵੀ ਜਲੰਧਰ ਤੋਂ ਲੁਧਿਆਣਾ ਅਤੇ ਲੁਧਿਆਣਾ ਤੋਂ ਜਲੰਧਰ ਆਉਣ ਦੇ ਲਈ ਬੇੜੀ ਦਾ ਇਸਤੇਮਾਲ ਕਰਦੇ ਹਨ। ਇਹਨਾਂ ਪਿੰਡਾਂ ਨੂੰ ਸਤਲੁਜ ਦਰਿਆ ਦਾ ਪੁਲ 25 ਤੋਂ 30 ਕਿਲੋਮੀਟਰ ਪੈਂਦੇ ਹੈ। ਭਾਵੇਂ ਕੰਮ ਕਾਜ ਵਾਲੇ ਲੋਕ ਹੋਣ, ਬੱਚੇ ਜਾਂ ਫਿਰ ਕਿਸਾਨ ਸਭ ਨੂੰ ਵੀ ਬੇੜੀ ਦੀ ਵਰਤੋਂ ਕਰਕੇ ਜਾਂ ਫਿਰ ਟਰੈਕਟਰ ਦਰਿਆ ਵਿੱਚੋਂ ਆਪਣੀ ਜਾਨ ਜੋਖ਼ਮ 'ਚ ਪਾ ਕੇ ਕੱਢਣਾ ਪੈਂਦਾ ਹੈ। ਬਰਸਾਤ ਦੇ ਦਿਨਾਂ 'ਚ ਇਨ੍ਹਾਂ ਪਿੰਡਾਂ ਦੇ ਲੋਕਾਂ ਲਈ ਪਾਰ ਜਾਣਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ। ਸਰਕਾਰੀ ਠੇਕੇ 'ਤੇ ਚੱਲ ਰਹੀ ਇਸ ਕਿਸ਼ਤੀ 'ਚ 10 ਰੁਪਏ ਅੰਦਰ ਉਹ 10 ਮਿੰਟ 'ਚ ਲੁਧਿਆਣਾ ਤੋਂ ਜਲੰਧਰ ਪੁੱਜ ਜਾਂਦੇ ਹਨ। ਇਨ੍ਹਾਂ ਹੀ ਨਹੀਂ ਬੇੜੀ 2 ਪਹਿਆਂ ਵਾਹਨ ਵੀ ਨਾਲ ਲੈ ਜਾਂਦੀ ਹੈ ਜਿਸ ਦਾ 10 ਰੁਪਏ ਵਾਧੂ ਚਾਰਜ ਦੇਣਾ ਪੈਂਦਾ ਹੈ।

ਦਰਅਸਲ ਸਤਲੁਜ ਦਰਿਆ ਦੇ ਨਾਲ ਲੱਗਦੇ, ਲੁਧਿਆਣਾ ਅਤੇ ਜਲੰਧਰ ਫਿਲੌਰ ਦੇ ਪਿੰਡਾਂ ਦੇ ਲੋਕਾਂ ਲਈ ਇਹ ਬੇੜੀ ਹੀ ਮੁੱਖ ਸਾਧਨ ਹੈ। ਲੁਧਿਆਣਾ ਵੱਲ ਨੂਰਪੁਰ ਬੇਟ, ਵਲੀਪੁਰ ਖੁਰਦ ਅਤੇ ਕਲਾਂ, ਗੋਂਸਗੜ, ਸਿੱਧਵਾਂ ਖਾਸ, ਮਾਨੀਵਾਲ, ਘਮਨੇਵਾਲ, ਖੈਰਾਬੇਟ, ਰਜਾਪੁਰ, ਬਾਣੀਵਾਲ ਆਦਿ ਪਿੰਡ ਜਲੰਧਰ ਵੱਲ ਲੱਗਦੇ ਹਨ ਅਤੇ ਜਲੰਧਰ ਵੱਲ ਵੀ ਫਿਲੌਰ ਦੇ 1 ਦਰਜਨ ਪਿੰਡਾਂ ਲਈ ਇਹ ਬੇੜੀ ਹੀ ਲੁਧਿਆਣਾ ਆਉਣ ਦਾ ਸਾਧਨ ਹੈ। ਲੋਕਾਂ ਨੇ ਦੱਸਿਆ ਕੇ ਉਹ ਕੰਮਾਂਕਾਰਾਂ ਲਈ,



ਆਪਣੀਆਂ ਜ਼ਮੀਨਾਂ ਲਈ, ਰਿਸ਼ਤੇਦਾਰੀ 'ਚ ਜਾਣ ਲਈ, ਗੁਰੂ ਅਰਜੁਨ ਦੇਵ ਜੀ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਇਸ ਬੇੜੀ ਦਾ ਇਸਤੇਮਾਲ ਕਰਦੇ ਹਨ।

ਸਤਲੁਜ ਦਰਿਆ 'ਚ ਚੱਲਣ ਵਾਲੀ ਇਹ ਬੇੜੀ ਸਿਰਫ ਆਮ ਲੋਕਾਂ ਦੇ ਆਉਣ ਜਾਣ ਦੇ ਲਈ ਨਹੀਂ ਸਗੋਂ ਕਿਸਾਨਾਂ ਲਈ ਵੀ ਵੱਡਾ ਸਾਧਨ ਹੈ। ਕਿਸਾਨਾਂ ਦੀਆਂ ਜਮੀਨਾਂ ਵੱਡੇ ਪੱਧਰ 'ਤੇ ਦਰਿਆ ਦੇ ਕੰਢੇ ਇਸ ਪਾਰ ਵੀ ਹਨ ਅਤੇ ਉਸ ਪਾਰ ਵੀ ਹਨ। ਕਿਸਾਨਾਂ ਨੂੰ ਇਸ ਬੇੜੀ ਦੀ ਵਰਤੋਂ ਕਰਕੇ ਆਪਣੀਆਂ ਜ਼ਮੀਨਾਂ ਦੇ ਵਿੱਚ ਜਾ ਕੇ ਖੇਤੀ ਕਰਨੀ ਪੈਂਦੀ ਹੈ। ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ ਉਹਨਾਂ ਨੂੰ ਸਤਲੁਜ ਦਰਿਆ 'ਤੇ ਲੱਗੇ ਦੋਵੇਂ ਪੁਲ ਬਹੁਤ ਦੂਰ ਲਗਦੇ ਹਨ ਅਤੇ ਫਿਰ ਉਹਨਾਂ ਦੋਹਾਂ 'ਤੇ ਟੋਲ ਟੈਕਸ ਵੀ ਲੱਗਦਾ ਹੈ। ਲਾਡੋਵਾਲ 'ਤੇ ਸਥਿਤ ਟੋਲ ਪਲਾਜ਼ਾ ਦੀ ਕੀਮਤ 150 ਰੁਪਏ ਇਕ ਪਾਸੇ ਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦਾ ਸੜਕ 'ਤੇ ਜਾਣ ਦੇ ਨਾਲ ਪੈਟਰੋਲ ਡੀਜ਼ਲ ਦਾ ਖਰਚਾ ਵੀ ਆ ਜਾਂਦਾ ਹੈ।

ਇਸ ਇਲਾਕੇ ਵਿੱਚ ਬੇੜੀ ਦੀ ਸੁਵਿਧਾ ਬੀਤੇ ਲੰਮੇਂ ਸਮੇਂ ਤੋਂ ਚੱਲ ਰਹੀ ਹੈ। ਸਰਕਾਰੀ ਠੇਕੇ 'ਤੇ ਦਿੱਤੀ ਹੋਈ ਇਸ ਬੇੜੀ ਦੀ ਸ਼ੁਰੂਆਤ ਸਮੇਂ ਦੋ ਰੁਪਏ ਵਿੱਚ ਲੋਕਾਂ ਨੂੰ ਪਾਰ ਲਗਾਉਂਦੀ ਸੀ। ਸਮੇਂ ਦੇ ਨਾਲ- ਨਾਲ ਕਿਸ਼ਤੀ ਦਾ ਕਿਰਾਇਆ ਤਾਂ 10 ਰੁਪਏ ਹੋ ਗਿਆ ਪਰ ਇਸ ਇਲਾਕੇ ਦਾ ਕੋਈ ਵਿਕਾਸ ਨਹੀਂ ਹੋਇਆ। ਬੇੜੀ ਚਲਾਉਣ ਵਾਲੇ ਰਾਜੂ ਨੇ ਦੱਸਿਆ ਕਿ ਪਹਿਲਾ ਬਾਂਸ ਦੇ ਨਾਲ ਕਿਸ਼ਤੀ ਰਾਹੀਂ ਲੋਕਾਂ ਨੂੰ ਪਾਰ ਲੰਘਾਇਆ ਜਾਂਦਾ ਸੀ ਪਰ ਹੁਣ ਮੋਟਰ ਵਾਲੀ ਬੇੜੀ ਚੱਲ ਪਈ ਹੈ। ਬਰਸਾਤਾਂ ਦੇ ਦਿਨਾਂ ਦੇ ਵਿੱਚ ਉਹਨਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਣੀ ਦਾ ਪੱਧਰ ਕਾਫੀ ਉੱਪਰ ਆ ਜਾਂਦਾ ਹੈ ਅਤੇ ਉਹਨਾਂ ਦਾ ਸਫ਼ਰ ਵੀ ਵੱਧ ਜਾਂਦਾ ਹੈ। ਦਰਿਆ ਤੋਂ ਉਸ ਪਾਰ ਜਾਣ ਲਈ ਕਾਫ਼ੀ ਰਿਸਕ ਵੀ ਰਹਿੰਦਾ ਹੈ। ਏਥੋਂ ਤੱਕ ਕਿ ਬੇੜੀ ਦੇ ਸਵਾਰ ਲੋਕਾਂ ਨੂੰ ਲਾਈਫ ਜੈਕਟ ਦੇਣ ਦੀ ਵੀ ਸੁਵਿਧਾ ਨਹੀਂ ਹੈ।

ਸਤਲੁਜ ਦਰਿਆ ਦੇ ਕੰਢੇ ਰਹਿੰਦੇ ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਸਾਡਾ ਇਲਾਕਾ ਪਿਛਲੇ ਕਈ ਦਹਾਕਿਆਂ ਤੋਂ ਵਿਕਾਸ ਤੋਂ ਵਾਂਝਾ ਹੈ। ਇਲਾਕੇ ਦੇ ਵਿੱਚ ਕੋਈ ਵੀ ਪੁਲ ਨਹੀਂ ਬਣਾਇਆ ਗਿਆ। ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਸਮੇਂ ਦੀਆਂ ਸਰਕਾਰਾਂ ਬਦਲੀਆਂ ਪਰ ਸਾਡੇ ਇਲਾਕੇ ਦੇ ਵਿੱਚ ਹਾਲਾਤ ਅੱਜ ਵੀ ਆਜ਼ਾਦੀ ਤੋਂ ਪਹਿਲਾਂ ਵਾਲੇ ਹੀ ਹਨ। ਉਹਨਾਂ ਨੂੰ ਰੋਜ਼ ਮਰਾ ਦੀ ਜ਼ਿੰਦਗੀ ਦੇ ਲਈ ਸੰਘਰਸ਼ ਕਰਨਾ ਪੈਂਦਾ ਹੈ । ਇੱਥੋਂ ਤੱਕ ਕਿ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਪਰਿਵਾਰਾਂ ਕੋਲ ਜਾਣ ਲਈ ਜਾਨ ਜੋਖਮ ਵਿਚ ਪਾ ਕੇ ਬੇੜੀ ਦਾ ਸਹਾਰਾ ਲੈਣਾ ਪੈਂਦਾ ਹੈ।

# ਸਕਾਲਰਸ਼ਿਪ ਦੀ ਰਾਸ਼ੀ ਜਾਰੀ ਕਰਨ ਦੀ ਮੰਗ ਕਰਨ ਵਾਲਿਆਂ ਤੇ ਪੁਲਿਸ ਦਾ ਜਬਰ ਨਿੰਦਣਯੋਗ – ਪ੍ਰਵੀਨ ਬੰਗਾ

**ਫਗਵਾੜਾ 27 ਮਈ (ਬੀ. ਕੇ. ਰੱਤੂ)** ਜਲੰਧਰ (ਰਿਜ਼ਰਵ) ਲੋਕ ਸਭਾ ਉਪ ਚੋਣ ਜਿੱਤਣ ਤੋ ਬਾਅਦ ਰਿਵਾਇਤੀ ਪਾਰਟੀਆਂ ਵਾਂਗ ਬਦਲਾਅ ਦੇ ਨਾਂ ਤੇ ਬਣੀ ਆਮ ਪਾਰਟੀ ਦੀ ਸਰਕਾਰ ਵਲੋਂ ਸਕਾਲਰਸ਼ਿਪ (ਵਜ਼ੀਫ਼ੇ) ਦੀ ਬਕਾਇਆ ਰਾਸ਼ੀ ਜਾਰੀ ਕਰਨ ਦੀ ਮੰਗ ਕਰਨ ਵਾਲੇ ਵਿਦਿਆਰਥੀਆਂ ਉਪਰ ਜਲੰਧਰ ਪੁਲੀਸ ਵਲੋਂ ਕੀਤੇ



ਜ਼ਬਰ ਦਾ ਬਸਪਾ ਪੁਰਜੋਰ ਵਿਰੋਧ ਕਰਦੇ ਹੋਏ ਆਖਿਆ ਸਰਕਾਰ ਦਾ ਦਲਿਤ ਵਿਰੋਧੀ ਚੇਹਰਾ ਬੇਨਕਾਬ ਹੋ ਗਿਆ ਹੈ। ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਨੇ ਆਖਿਆ ਸਕਾਲਰਸ਼ਿਪ ਦੀ ਰਾਸ਼ੀ ਤੁਰੰਤ ਜਾਰੀ ਕਰਨ ਦੇ ਨਾਲ ਨਾਲ ਦੋਸ਼ੀ ਅਧਿਕਾਰੀਆਂ ਦੇ ਖ਼ਿਲਾਫ਼ ਕਾਰਵਾਈ ਤੇ ਰੋਕੀਆਂ ਹੋਈਆਂ ਡਿਗਰੀਆਂ ਦੇਣ ਦੀ ਬਹੁਜਨ ਸਮਾਜ ਪਾਰਟੀ ਮੰਗ ਕਰਦੀ ਹੈ।

# ਭਾਰਤ ਬਣੇਗਾ ਆਟੋ ਸੈਕਟਰ ਦਾ 'ਕਿੰਗ'

**ਨਵੀਂ ਦਿੱਲੀ–** ਭਾਰਤ 'ਚ ਲਗਾਤਾਰ ਨਿਰਮਾਣ ਇਕਾਈਆਂ ਦਾ ਵਿਸਤਾਰ ਦੇਖਣ ਨੂੰ ਮਿਲਿਆ ਹੈ। ਨਵੀਆਂ-ਨਵੀਆਂ ਇਕਾਈਆਂ ਅਤੇ ਨਿਵੇਸ਼ ਦੇਖਣ ਨੂੰ ਮਿਲ ਰਿਹਾ ਹੈ। ਚੀਨ ਅਤੇ ਅਮਰੀਕਾ (ਯੂ. ਐੱਸ.) ਤੋਂ ਬਾਅਦ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਆਟੋ ਇੰਡਸਟਰੀ ਹੈ। ਅਜਿਹੀ ਕੋਈ ਕੰਪਨੀ ਜੋ ਭਾਰਤ 'ਚ ਮੌਜੂਦ ਨਾ ਹੋਵੇ, ਜੋ ਨਹੀਂ ਹੈ ਉਹ ਵੀ ਭਾਰਤ 'ਚ ਆਉਣ ਨੂੰ ਕਾਹਲੀ ਹੈ। ਇਸ 'ਚ ਇਕ ਨਵਾਂ ਨਾਂ ਜੁੜ ਗਿਆ ਹੈ ਅਤੇ ਉਹ ਹੈ ਟੈਸਲਾ ਦਾ, ਜਿਸ ਦੀ ਭਾਰਤ ਸਰਕਾਰ ਨਾਲ ਗੱਲਬਾਤ ਚੱਲ ਰਹੀ ਹੈ। ਅਜਿਹੇ 'ਚ ਸਵਾਲ ਇਹ ਹੈ ਕਿ ਕੀ ਆਟੋ ਸੈਕਟਰ ਖਾਸ ਕਰ ਕੇ ਈ. ਵੀ. ਸੈਗਮੈਂਟ 'ਚ ਭਾਰਤ ਅਮਰੀਕਾ ਅਤੇ ਚੀਨ ਨੂੰ ਪਿੱਛੇ ਛੱਡ ਸਕਦਾ ਹੈ। ਸਵਾਲ ਵੱਡਾ ਇਸ ਲਈ ਵੀ ਹੈ ਕਿਉਂਕਿ ਮੌਜੂਦਾ ਸਮੇਂ 'ਚ ਹਾਲੇ ਸੈਮੀਕ-ੰਡਕਟਰ ਦੀ ਕਮੀ ਪੂਰੀ ਨਹੀਂ ਹੋ ਰਹੀ ਹੈ। ਨਿਰਮਾਣ ਸਮਰੱਥਾ ਨੂੰ ਪੂਰਾ ਕਰਨ 'ਚ ਵੱਡੀ ਤੋਂ ਵੱਡੀ ਕੰਪਨੀ ਪਿੱਛੇ ਹੈ। ਉੱਥੇ ਹੀ ਦੂਜੇ ਪਾਸੇ ਯੂਰਪ, ਬ੍ਰਿਟੇਨ ਅਤੇ ਅਮਰੀਕਾ 'ਚ ਮੰਦੀ ਦੇ ਸੰਘਣੇ ਬੱਦਲ ਛਾਏ ਹੋਏ ਹਨ। ਨੌਕਰੀਆਂ ਜਾ ਰਹੀਆਂ ਹਨ, ਜਿਸ ਕਾਰਣ ਮੰਗ ਘੱਟ ਹੋਣ ਦੇ ਆਸਾਰ ਵਧ ਗਏ ਹਨ। ਅਜਿਹੇ 'ਚ ਇਸ ਇੰਡਸਟਰੀ ਦੇ ਸਾਹਮਣੇ ਕਾਫੀ ਚੁਣੌਤੀਆਂ ਹਨ। ਉਂਝ ਮਾਰੂਤੀ ਸੁਜ਼ੂਕੀ ਦੇ ਚੇਅਰਮੈਨ ਨੇ ਹਾਲ ਹੀ 'ਚ ਕਿਹਾ ਕਿ ਭਾਰਤ ਦੀ ਆਟੋ ਇੰਡਸਟਰੀ ਸਾਲ 2030 ਤੋਂ ਪਹਿਲਾਂ ਦੁਨੀਆ ਦੀ ਸਭ ਤੋਂ ਵੱਡੀ ਆਟੋ ਇੰਡਸਟਰੀ ਬਣ ਸਕਦੀ ਹੈ।



ਹਾਲ ਹੀ ਦੇ ਸਾਲਾਂ 'ਚ ਭਾਰਤ ਵਾਹਨ ਨਿਰਮਾਤਾਵਾਂ ਲਈ ਮੇਨ ਮਾਰਕੀਟ ਵਜੋਂ ਉੱਭਰਿਆ ਹੈ। ਭਾਰਤ 'ਚ ਲਗਾਤਾਰ ਨਿਰਮਾਣ ਇਕਾਈਆਂ ਦਾ ਵਿਸਤਾਰ ਦੇਖਣ ਨੂੰ ਮਿਲਿਆ ਹੈ। ਨਵੀਆਂ-ਨਵੀਆਂ ਇਕਾਈਆਂ ਅਤੇ ਨਿਵੇਸ਼ ਦੇਖਣ ਨੂੰ ਮਿਲ ਰਿਹਾ ਹੈ। ਹੁਣ ਤਾਂ ਟੈਸਲਾ ਦੀ ਵੀ ਗੱਲ ਚੱਲ ਰਹੀ ਹੈ ਜੋ ਕਿ ਕਾਫੀ ਹਾਂਪੱਖੀ ਮੋੜ 'ਤੇ ਹੈ। ਅਜਿਹੇ 'ਚ ਦੇਸ਼ ਆਉਣ ਵਾਲੇ ਸਾਲਾਂ 'ਚ ਅਮਰੀਕਾ ਅਤੇ ਚੀਨ ਵਰਗੀ ਵੱਡੀ ਮਾਰਕੀਟ ਨੂੰ ਪਿੱਛੇ ਛੱਡ ਸਕਦਾ ਹੈ। ਇਸ ਗੱਲ ਦੀ ਭਵਿੱਖਬਾਣੀ ਮਾਰੂਤੀ ਸੁਜ਼ੂਕੀ ਇੰਡੀਆ ਦੇ ਚੇਅਰਮੈਨ ਆਰ. ਸੀ. ਭਾਰਗਵ ਨੇ ਵੀ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਅਗਲੇ 5 ਸਾਲਾਂ ਦੇ ਅੰਦਰ ਅਮਰੀਕਾ ਅਤੇ ਚੀਨ ਦੋਹਾਂ ਨੂੰ ਪਛਾੜਦੇ ਹੋਏ ਦੁਨੀਆ ਦੀ ਨੰਬਰ ਵਨ ਕਾਰ ਮਾਰਕੀਟ ਬਣ ਜਾਏਗਾ।

**ਅਗਲੇ 5 ਸਾਲਾਂ 'ਚ ਹੋ ਸਕਦਾ ਹੈ 70,000 ਕਰੋੜ ਰੁਪਏ ਦਾ ਨਿਵੇਸ਼**

ਅਗਲੇ ਪੰਜ ਸਾਲਾਂ 'ਚ ਆਟੋ ਮੈਨੂਫੈਕਚਰਿੰਗ 'ਚ 70,000 ਕਰੋੜ ਤੋਂ ਵੱਧ ਦਾ ਨਿਵੇਸ਼ ਹੋ ਸਕਦਾ ਹੈ। ਮਾਰੂਤੀ ਸੁਜ਼ੂਕੀ ਖੁਦ 18,000 ਕਰੋੜ ਰੁਪਏ ਦਾ ਨਿਵੇਸ਼ ਕਰਨ ਜਾ ਰਹੀ ਹੈ। ਉਹ ਹਰਿਆਣਾ ਦੇ ਸੋਨੀਪਤ 'ਚ ਪ੍ਰੋਡਕਸ਼ਨ ਯੂਨਿਟ ਦਾ ਨਿਰਮਾਣ ਕਰੇਗੀ। ਇਹ ਕੰਪਨੀ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਉਤਪਾਦਨ ਇਕਾਈ ਹੋਣ ਦਾ ਅਨੁਮਾਨ ਹੈ। ਮਾਰੂਤੀ ਸੁਜ਼ੂਕੀ ਤੋਂ ਇਲਾਵਾ ਦੂਜੇ ਕਾਰ ਨਿਰਮਾਤਾ ਵੀ ਆਪਣੇ ਉਤਪਾਦਨ ਨੂੰ ਵਧਾਉਣ ਲਈ ਨਿਵੇਸ਼ ਕਰਨ ਦਾ ਮਨ ਬਣਾ ਚੁੱਕੇ ਹਨ।

ਹੁੰਡਈ ਦੇਸ਼ 'ਚ 20,000 ਕਰੋੜ ਰੁਪਏ ਦਾ ਨਿਵੇਸ਼ ਕਰ ਕੇ ਉਤਪਾਦਨ ਇਕਾਈ ਬਣਾਉਣ ਦਾ ਐਲਾਨ ਕਰ ਚੁੱਕੀ ਹੈ ਤਾਂ ਕਿ ਉਤਪਾਦਨ ਵਧਾ ਕੇ ਐਕਸਪੋਰਟ ਨੂੰ ਵਧਾਇਆ ਜਾ ਸਕੇ। ਉੱਥੇ ਹੀ ਦੂਜੇ ਪਾਸੇ ਐੱਮ. ਜੀ. ਮੋਟਰਸ ਵੀ ਦੇਸ਼ 'ਚ 5,000 ਕਰੋੜ ਰੁਪਏ ਦਾ ਨਿਵੇਸ਼ ਕਰ ਸਕਦੀ ਹੈ। ਦੁਨੀਆ ਦੀ ਸਭ ਤੋਂ ਵੱਡੀ ਈ. ਵੀ. ਕੰਪਨੀ ਭਾਰਤ 'ਚ ਐਂਟਰੀ ਕਰਨ ਲਈ ਤਿਆਰ ਹੈ। ਜੇ ਸਰਕਾਰ ਦੀ ਡੀਲ ਹੁੰਦੀ ਹੈ ਤਾਂ ਅਨੁਮਾਨ ਮੁਤਾਬਕ ਟੈਸਲਾ ਵੀ ਭਾਰਤ 'ਚ 30 ਤੋਂ 35 ਹਜ਼ਾਰਕਰੋੜ ਰੁਪਏ ਦਾ ਨਿਵੇਸ਼ ਕਰ ਸਕਦੀ ਹੈ।

**ਚੀਨ ਨੂੰ ਕਿਵੇਂ ਛੱਡ ਸਕਦਾ ਹੈ ਪਿੱਛੇ**

ਮੌਜੂਦਾ ਸਮੇਂ 'ਚ ਚੀਨ ਦੁਨੀਆ ਦੀ ਸਭ ਤੋਂ ਵੱਡੀ ਕਾਰ ਮਾਰਕੀਟ ਹੈ। ਇੱਥੇ ਸਭ ਤੋਂ ਵੱਧ ਕਾਰਾਂ ਦੀ ਵਿਕਰੀ ਹੁੰਦੀ ਹੈ। ਅਜਿਹੇ 'ਚ ਭਾਰਤ ਲਈ ਚੀਨ ਨੂੰ ਪਿੱਛੇ ਛੱਡਣਾ ਮੁਸ਼ਕਲ ਤਾਂ ਹੈ ਪਰ ਅਸੰਭਵ ਨਹੀਂ। ਅੰਕੜਿਆਂ 'ਤੇ ਗੱਲ ਕਰੀਏ ਤਾਂ ਸਾਲ 2022 ਵਿਚ ਭਾਰਤ 'ਚ ਸਾਰੀਆਂ ਸ਼੍ਰੇਣੀਆਂ ਦੇ ਵਾਹਨਾਂ ਦੀ ਵਿਕਰੀ 20.75 ਮਿਲੀਅਨ ਇਕਾਈਆਂ ਸ ਚੀਨ ਨੇ ਇਸ ਸਾਲ 'ਚ 26.86 ਮਿਲੀਅਨ ਆਟੋਮੋਬਾਇਲ ਵੇਚੇ ਹਨ। ਕਈ ਉਪਾਅ ਨੂੰ ਕਰਨ ਦੇ ਨਾਲ ਭਾਰਤ ਚੀਨ ਨੂੰ ਪਿੱਛੇ ਛੱਡ ਸਕਦਾ ਹੈ।

# ਮੈਕਸੀਕੋ 'ਚ 175 ਪ੍ਰਵਾਸੀਆਂ ਨਾਲ ਭਰਿਆ ਟਰੱਕ ਮਿਲਿਆ

**ਮੈਕਸੀਕੋ ਸਿਟੀ–** ਨੈਸ਼ਨਲ ਇੰਸਟੀਚਿਊਟ ਆਫ ਮਾਈਗ੍ਰੇਸ਼ਨ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮੈਕਸੀਕੋ ਦੇ ਚਿਆਪਾਸ ਸੂਬੇ ਵਿਚ ਇਕ ਟਰੱਕ ਵਿਚ ਸਵਾਰ 175 ਪ੍ਰਵਾਸੀ ਮਿਲੇ, ਜਿਨ੍ਹਾਂ ਵਿਚ ਜ਼ਿਆਦਾਤਰ ਮੱਧ ਅਮਰੀਕਾ ਤੋਂ ਹਨ। ਆਈ.ਐੱਨ.ਐੱਮ. ਨੇ ਕਿਹਾ ਕਿ ਪ੍ਰਵਾਸੀ ਇਕ ਵੱਡੇ ਟ੍ਰੈਕਟਰ ਟ੍ਰੇਲਰ ਵਿਚ ਯਾਤਰਾ ਕਰ ਰਹੇ ਸਨ। ਹੋ ਸਕਦਾ ਹੈ ਕਿ ਇਹ ਪ੍ਰਵਾਸੀ ਵੀ ਸਰਹੱਦ ਪਾਰ ਅਮਰੀਕਾ ਜਾਣ ਦੀ ਤਾਕ ਵਿਚ ਹੋਣ। ਉਨ੍ਹਾਂ ਨੂੰ ਚਿਆਪਾ ਡੇ ਕੋਰੋਜੋ ਸ਼ਹਿਰ ਵਿਚ ਇਕ ਜਾਂਚ ਚੌਕੀ 'ਤੇ ਰੋਕਿਆ ਗਿਆ। ਉਨ੍ਹਾਂ ਕਿਹਾ ਕਿ ਜਾਂਚ ਚੌਕੀ 'ਤੇ ਨਿਰੀਖਣ ਦੌਰਾਨ ਟਰੱਕ ਵਿਚ ਗਵਾਟੇਮਾਲਾ ਦੇ 154, ਇਕਵਾਡੋਰ ਦੇ 13, ਅਲ ਸਲਵਾਡੋਰ ਅਤੇ ਹੋਂਡੂਰਾਸ ਦੇ 3-3 ਲੋਕਾਂ ਦੇ ਨਾਲ-ਨਾਲ ਇਕ ਪਾਕਿਸਤਾਨੀ ਨਾਗਰਿਕ ਅਤੇ ਡੋਮਿਨਿਕਨ ਗਣਰਾਜ ਦਾ ਇਕ ਨਾਗਰਿਕ ਟਰੱਕ ਵਿਚ ਸਵਾਰ ਸੀ। ਇਨ੍ਹਾਂ ਵਿਚੋਂ 28 ਪ੍ਰਵਾਸੀ ਨਾਬਾਲਗ ਸਨ।



ਮੈਕਸੀਕੋ ਦੀ ਸਰਹੱਦ ਨਾਲ ਨੇੜਤਾ ਕਾਰਨ ਅਮਰੀਕਾ ਨੂੰ ਸਰਹੱਦ ਪਾਰ ਤੋਂ ਪ੍ਰਵਾਸੀਆਂ ਦੀ ਰਿਕਾਰਡ ਗਿਣਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਲ 2021 ਅਤੇ 2022 ਵਿਚ 23 ਲੱਖ ਤੋਂ ਜ਼ਿਆਦਾ ਲੋਕਾਂ ਨੇ ਸਰਹੱਦ ਪਾਰ ਕੀਤੀ ਸੀ। ਅਮਰੀਕੀ ਸਰਕਾਰ ਨੇ ਕਿਹਾ ਕਿ 2023 ਵਿਚ 12 ਲੱਖ ਤੋਂ ਜ਼ਿਆਦਾ ਪ੍ਰਵਾਸੀ ਸਰਹੱਦ ਪਾਰ ਕਰਕੇ ਅਮਰੀਕਾ ਦਾਖ਼ਲ ਹੋਏ ਹਨ। ਇਸ ਦੌਰਾਨ ਫਾਕਸ ਨਿਊਜ਼ ਅਤੇ ਹੋਰ ਮੀਡੀਆ ਸੰਗਠਨਾਂ ਦਾ ਦਾਵਆ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਕਾਰਜਕਾਲ ਦੌਰਾਨ 60 ਲੱਖ ਤੋਂ ਜ਼ਿਆਦਾ ਗੈਰ-ਕਾਨੂੰਨੀ ਪ੍ਰਵਾਸੀ ਦੇਸ਼ ਵਿਚ ਦਾਖ਼ਲ ਹੋਏ ਹਨ। ਅਮਰੀਕਾ ਨੂੰ ਸਰਹੱਦ ਪਾਰ ਤੋਂ ਪ੍ਰਵਾਸੀਆਂ ਦੀ ਰਿਕਾਰਡ ਗਿਣਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਅੰਬੇਡਕਰ ਮਿਸ਼ਨ ਸੁਸਾਇਟੀ ਨਿਊਜ਼ੀਲੈਂਡ ਵੱਲੋਂ ਡਾ. ਭੀਮ ਰਾਓ ਅੰਬੇਡਕਰ ਦਾ 132ਵਾਂ ਜਨਮ ਦਿਵਸ ਮਨਾਇਆ




**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਬੀਤੇ ਕੱਲ੍ਹ 'ਅੰਬੇਡਕਰ ਮਿਸ਼ਨ ਸੁਸਾਇਟੀ ਨਿਊਜ਼ੀਲੈਂਡ' ਵੱਲੋਂ ਪੁੱਕੀਕੋਹੀ ਟਾਊਨ ਹਾਲ ਵਿਖੇ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦਾ 132 ਵਾਂ ਜਨਮ ਦਿਵਸ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ੍ਰੀ ਚਮਨ ਲਾਲ ਕਲੇਰ ਹੋਰਾਂ ਨੇ ਜੋਤ ਜਗਾ ਕੇ ਕੀਤੀ। ਇਸ ਉਪਰੰਤ ਸ੍ਰੀ ਰਾਕੇਸ਼ ਹੋਰਾਂ ਬੁੱਧ ਵੰਦਨਾ ਦਾ ਜਾਪ ਕਰਕੇ ਸਟੇਜ ਸੰਚਾਲਨ ਸ੍ਰੀ ਰੇਸ਼ਮ ਕਰੀਮਪੁਰੀ ਹੋਰਾਂ ਦੇ ਹਵਾਲੇ ਕੀਤਾ। ਸ੍ਰੀ ਰੇਸ਼ਮ ਕਰੀਮਪੁਰੀ ਹੋਰਾਂ ਆਏ ਸਾਰੇ ਮਹਿਮਾਨਾਂ ਅਤੇ ਸਰੋਤਿਆਂ ਨੂੰ ਰਸਮੀ 'ਜੀ ਆਇਆਂ' ਆਖਿਆ। ਉਦਘਾਟਨੀ ਭਾਸ਼ਣ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਸ੍ਰੀ ਮਹਿੰਦਰ ਪਾਲ ਹੋਰਾਂ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਕਿਸ ਵੇਲੇ ਜਲੰਧਰ ਸਮਾਗਮ ਦੌਰਾਨ ਇਕੱਤਰ ਕੀਤੇ ਗਏ ਨੁਕਤਿਆਂ ਨਾਲ ਸਾਂਝ ਪਵਾ ਕੇ ਕੀਤਾ। ਉਨ੍ਹਾਂ ਦੇ ਮਿਸ਼ਨ ਨੂੰ ਕਾਮਯਾਬ ਕਰਨ ਦੇ ਲਈ ਜਿਸ ਜਜ਼ਬੇ ਦੀ ਜ਼ਰੂਰਤ ਹੁੰਦੀ ਹੈ, ਉਸਨੂੰ ਹਮੇਸ਼ਾਂ ਸੁਰਜੀਤ ਰੱਖਣ ਦੀ ਉਨ੍ਹਾਂ ਗੱਲ ਕੀਤੀ। ਪੰਜਾਬੀ ਹੈਰਲਡ ਤੋਂ ਸੰਪਾਦਕ ਸ. ਹਰਜਿੰਦਰ ਸਿੰਘ ਬਸਿਆਲਾ ਹੋਰਾਂ ਬਾਬਾ ਸਾਹਿਬ ਦੇ ਜੀਵਨ ਦੀਆਂ 30 ਹੈਰਾਨੀਜਨਕ ਗੱਲਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਅਮਲ ਵਿਚ ਲਿਆਉਣ ਦੀ ਗੱਲ ਕੀਤੀ।

ਹਰੇਕ ਸਾਲ ਦੀ ਤਰ੍ਹਾਂ ਸਥਾਨਿਕ ਗਾਇਕ ਅਤੇ ਸ. ਸਤਿੰਦਰ ਸਿੰਘ ਪੱਪੀ ਹੋਰਾਂ ਨੇ ਤੂੰਬੀ ਅਤੇ ਸਾਬੀ ਹੋਰਾਂ ਦੇ ਸੰਗੀਤ ਦੇ ਨਾਲ ਇਕ ਮਿਸ਼ਨਰੀ ਗੀਤ 'ਦੁਖੀਆ ਗਰੀਬਾਂ ਦਾ ਸਹਾਰਾ ਬਣ ਆ ਗਿਆ, ਕਲਮ ਦਾ ਜਾਦੂ ਸਾਰੀ ਦੁਨੀਆ ਵਿਚ ਛਾਅ ਗਿਆ' ਗਾ ਕੇ ਮਾਹੌਲ ਨੂੰ ਸੰਗੀਤ ਮਈ ਬਣਾ ਦਿੱਤਾ। ਇਸ ਤੋਂ ਬਾਅਦ ਮਿਸ਼ਨਰੀ ਅਮਰਜੀਤ ਬੰਗੜ ਨੇ ਸੰਬੋਧਨ ਕੀਤਾ ਅਤੇ ਪੰਜਾਬ ਦੌਰੇ ਦੌਰਾਨ ਆਪਣੇ ਸਮਾਗਮਾਂ ਦੀ ਗੱਲ ਕੀਤੀ ਅਤੇ ਦੋ ਕਿਤਾਬਾਂ 'ਵਿਦਸ਼ਾਂ ਵਿਚ ਅੰਬੇਡਕਰ ਮਿਸ਼ਨ ਅਤੇ ਬੁੱਧ' ਅਤੇ 'ਅਨੇਕ ਬੁੱਧ ਮੱਤ ਏਕ' ਭੇਟ ਕੀਤੀਆਂ। ਹੇਸਟਿੰਗਜ਼ ਤੋਂ ਸ੍ਰੀ ਮਨਜੀਤ ਸੰਧੂ ਵਿਸ਼ੇਸ਼ ਤੌਰ ਉਤੇ ਪਹੁੰਚੇ ਅਤੇ ਸੰਬੋਧਨ ਕੀਤਾ। ਬਿੱਲਾ ਮੰਗੋਵਾਲੀਆ ਨੇ ਵੀ ਇਕ ਗੀਤ ਨਾਲ ਹਾਜ਼ਰੀ ਲਗਵਾਈ। ਕਵਿਤਾ ਦੀ ਪੇਸ਼ਕਾਰੀ ਹੋਈ। ਸਮਾਗਮ ਦੀ ਸਮਾਪਤੀ ਸ੍ਰੀ ਮਨਜੀਤ ਰੱਤੂ ਹੋਰਾਂ ਧੰਨਵਾਦੀ ਸ਼ਬਦਾਂ ਨਾਲ ਹੋਈ। ਇਸ ਮੌਕੇ ਚਾਹ-ਪਾਣੀ ਅਤੇ ਖਾਣੇ ਦਾ ਵਧੀਆ ਪ੍ਰਬੰਧ ਕੀਤਾ ਗਿਆ।

# ਜਥੇਦਾਰ ਲਛਮਣ ਸਿੰਘ ਮੈਮੋਰੀਅਲ ਸਰਕਾਰੀ ਸੀ. ਸੈ. ਸਮਾਰਟ ਸਕੂਲ ਦੇ ਨਤੀਜੇ ਰਹੇ ਸ਼ਾਨਦਾਰ

**ਫਗਵਾੜਾ 28 ਮਈ (ਬੀ.ਕੇ.ਰੱਤੂ ):** ਪਿਛਲੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ, ਦੱਸਵੀਂ ਤੇ ਬਾਰ੍ਹਵੀਂ ਜਮਾਤ ਦੇ ਨਤੀਜੇ ਐਲਾਨੇ ਗਏ, ਜਿਨ੍ਹਾਂ ਵਿੱਚ ਜਥੇਦਾਰ ਲਛਮਣ ਸਿੰਘ ਮੈਮੋਰੀਅਲ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੱਕ ਦੇਸ ਰਾਜ (ਜਲੰਧਰ) ਦੇ ਬੋਰਡ ਦੀਆਂ ਤਿੰਨਾਂ ਕਲਾਸਾਂ ਦੇ ਨਤੀਜੇ ਬਹੁਤ ਹੀ ਸ਼ਾਨਦਾਰ ਰਹੇ। ਅੱਠਵੀਂ ਜਮਾਤ ਵਿਚੋਂ ਬਰੁਨ ਬਾਂਸਲ ਪੁੱਤਰ ਸ਼੍ਰੀ ਸਤਨਾਮ ਸਿੰਘ ਨੇ 91 ਪ੍ਰਤੀਸ਼ਤ, ਸਮਰ ਪੁੱਤਰ ਸ਼੍ਰੀ ਕੁਲਵੰਤ ਰਾਏ ਨੇ 88 ਪ੍ਰਤੀਸ਼ਤ ਅਤੇ ਅੰਜਲੀ ਦੇਵੀ ਸਪੁੱਤਰੀ ਸ਼੍ਰੀ ਦਿਆਲ ਚੰਦ ਨੇ 86 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਬਾਕੀ ਸਾਰੇ ਵਿਦਿਆਰਥੀ ਵੀ ਫ਼ਸਟ ਡਵੀਜ਼ਨ ਵਿੱਚ ਪਾਸ ਹੋਏ। ਦੱਸਵੀਂ ਜਮਾਤ ਵਿੱਚੋਂ ਜਸਲੀਨ ਸਪੁੱਤਰੀ ਸ਼੍ਰੀ ਕਸ਼ਮੀਰ ਚੰਦ ਨੇ 625 ਅੰਕ ਪ੍ਰਾਪਤ ਕਰਕੇ 96.15 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕੀਤਾ ਅਤੇ ਦਿਲਰਾਜ ਪੁੱਤਰ ਸ਼੍ਰੀ ਰਣਜੀਤ ਸਿੰਘ ਨੇ 86.30 ਪ੍ਰਤੀਸ਼ਤ ਅਤੇ ਸੁਨੇਹਾ ਸਪੁੱਤਰੀ ਸ਼੍ਰੀ ਸੁਭਾਸ਼ ਸਿੰਘ ਨੇ 86 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਬਾਕੀ ਸਾਰੇ ਵਿਦਿਆਰਥੀ ਵੀ ਫ਼ਸਟ ਡਵੀਜ਼ਨ ਵਿੱਚ ਪਾਸ ਹੋਏ। ਇਸੇ ਤਰ੍ਹਾਂ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਵਿੱਚੋਂ ਨਵਜੋਤ ਕੌਰ ਸਪੁੱਤਰੀ ਸ. ਬਲਜੀਤ ਸਿੰਘ ਨੇ 88.20 ਪ੍ਰਤੀਸ਼ਤ, ਮਨਜੋਤ ਸਿੰਘ ਪੁੱਤਰ ਸ. ਰੁਪਿੰਦਰਜੀਤ ਸਿੰਘ ਨੇ 85.60 ਪ੍ਰਤੀਸ਼ਤ ਅਤੇ ਮੀਨਾਕਸ਼ੀ ਸਪੁੱਤਰੀ ਸ਼੍ਰੀ ਬੁੱਧਪਾਲ ਅਤੇ ਜਸਮੀਤ ਸਪੁੱਤਰੀ ਸ. ਸ਼ਿਵ ਸਿੰਘ ਨੇ 84.40 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਵਿਚੋਂ ਖੁਸ਼ੀ ਸਪੁੱਤਰੀ ਸ਼੍ਰੀ ਹੁਸਨ ਲਾਲ ਨੇ 87.60 ਪ੍ਰਤੀਸ਼ਤ, ਖੁਸ਼ਬੂ ਸਪੁੱਤਰੀ ਸ਼੍ਰੀ ਮਹੇਸ਼ ਕੁਮਾਰ ਨੇ 84.40 ਪ੍ਰਤੀਸ਼ਤ ਅਤੇ ਅਕਸ਼ੇ ਕੁਮਾਰ ਪੁੱਤਰ ਸ਼੍ਰੀ ਸਤਨਾਮ ਸਿੰਘ ਨੇ 81.40 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕਰਦੇ ਹੋਏ ਜਿੱਥੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ, ਉਥੇ ਸਾਰੀਆਂ ਕਲਾਸਾਂ ਦਾ ਨਤੀਜਾ ਵੀ ਸੌ ਫੀਸਦੀ ਰਿਹਾ। ਜਿਸਦਾ ਸਿਹਰਾ ਮਾਨਯੋਗ ਪ੍ਰਿੰਸੀਪਲ ਸ਼੍ਰੀਮਤੀ ਕਮਲਜੀਤ, ਸਮੂਹ ਅਧਿਆਪਕ ਸਾਹਿਬਾਨ, ਐਸ. ਐਮ. ਸੀ. ਕਮੇਟੀ ਦੇ ਮੈਂਬਰਾਨ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਜਾਂਦਾ ਹੈ, ਜਿਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਇਹ ਸ਼ਾਨਦਾਰ ਕਾਮਯਾਬੀ ਪ੍ਰਾਪਤ ਹੋਈ ਹੈ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਕਮਲਜੀਤ ਜੀ ਵੱਲੋਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਅਤੇ ਚੰਗੇ ਅੰਕਾਂ ਨਾਲ ਪਾਸ ਹੋਣ ਵਾਲੇ ਬਾਕੀ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੰਦੇ ਹੋਏ, ਸੁਨਹਿਰੀ ਭਵਿੱਖ ਲਈ ਵੀ ਸ਼ੁੱਭਕਾਮਨਾਵਾਂ ਦਿਤੀਆਂ।



# ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਮੰਗ ਕਰ ਰਹੇ ਵਿਦਿਆਰਥੀਆਂ 'ਤੇ ਲਾਠੀਚਾਰਜ ਦੀ ਨਿਖੇਧੀ

**ਜਲੰਧਰ (ਵਿਵੇਕ ਭਾਟੀਆ)–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਰਾਸ਼ੀ ਜਾਰੀ ਕਰਨ ਦੀ ਬਜਾਏ ਵਿਦਿਆਰਥੀਆਂ ਦੁਆਰਾ ਸ਼ਾਂਤਮਈ ਢੰਗ ਨਾਲ ਮੰਗਾਂ ਉਠਾਉਣ ਦੇ ਬਾਵਜੂਦ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਲਾਠੀਚਾਰਜ ਕੀਤਾ ਜਾ ਰਿਹਾ ਹੈ। ਅਨੁਸੂਚਿਤ ਜਾਤੀ - ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਫੀਸਾਂ ਦੀ ਅਦਾਇਗੀ ਨਾ ਹੋਣ ਕਾਰਨ ਸਕੂਲਾਂ ਅਤੇ ਕਾਲਜਾਂ ਵਿੱਚ ਦਾਖਲਾ ਨਹੀਂ ਦਿੱਤਾ ਜਾਂਦਾ, ਇਸ ਲਈ ਉਹ ਪੋਸਟ ਮੈਟ੍ਰਿਕ ਸਕਾਲਰਸ਼ਿਪ ਜਾਰੀ ਕਰਨ ਦੀ ਮੰਗ ਉਠਾਉਂਦੇ ਹਨ, ਤਾਂ ਜੋ ਉਨ੍ਹਾਂ ਨੂੰ ਦਾਖਲਾ ਮਿਲ ਸਕੇ। ਜਸਵਿੰਦਰ ਵਰਿਆਣਾ ਨੇ ਕਿਹਾ ਕਿ ਆਲ ਇੰਡੀਆ ਸਮਤਾ ਸੈਨਿਕ ਦਲ ਵਿਦਿਆਰਥੀਆਂ 'ਤੇ ਬੇਲੋੜੇ ਲਾਠੀਚਾਰਜ ਅਤੇ ਤਸ਼ੱਦਦ ਦੀ ਨਿਖੇਧੀ ਕਰਦਾ ਹੈ ਅਤੇ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਅਨੁਸੂਚਿਤ ਜਾਤੀ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਸਕੂਲ-ਕਾਲਜ ਛੱਡਣ ਤੋਂ ਬਚਣ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇ।



# ਹਰਿਆਣਾ ਦੇ ਪਿੰਡਾਂ 'ਚ ਵਿਦੇਸ਼ ਜਾਣ ਦਾ ਰੁਝਾਨ ਵਧਿਆ

**ਕਰਨਾਲ–** ਹਰਿਆਣਾ ਦੇ ਕਰਨਾਲ, ਕੈਥਲ ਅਤੇ ਪਾਨੀਪਤ ਜ਼ਿਲ੍ਹਿਆਂ ਦੇ ਕਈ ਪਿੰਡਾਂ ਦੇ ਨੌਜਵਾਨਾਂ ਜੋ ਵਿਦੇਸ਼ ਚਲੇ ਗਏ ਹਨ, ਦੀ ਗਿਣਤੀ 'ਚ ਵਾਧਾ ਦੇਖਿਆ ਗਿਆ ਹੈ। ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ ਘੋਲਪੁਰਾ ਪਿੰਡ ਦੇ ਇਕ ਛੋਟੇ ਕਿਸਾਨ ਸੱਤਪਾਲ ਘੋਲੀਆ ਕਹਿੰਦੇ ਹਨ ਕਿ ਉਨ੍ਹਾਂ ਦਾ 29 ਸਾਲਾ ਪੁੱਤ ਕੁਲਦੀਪ ਸਿੰਘ ਪੁਰਤਗਾਲ 'ਚ ਇਕ ਟੈਕਸੀ ਚਲਾਉਂਦਾ ਹੈ ਅਤੇ ਉੱਥੇ ਉਸ ਦਾ ਸਥਾਈ ਨਿਵਾਸ (ਪੀ.ਆਰ.) ਹੈ। ਉੱਥੇ ਹੀ ਘੋਲੀਆ ਦੇ 7 ਭਤੀਜੇ ਵੀ ਵਿਦੇਸ਼ ਚੱਲੇ ਗਏ ਹਨ। ਸਤਪਾਲ ਘੋਲੀਆ ਦੇ 2 ਭਤੀਜੇ ਯੂ.ਐਸ.ਏ, ਤਿੰਨ ਜਰਮਨੀ ਅਤੇ 2 ਪੁਰਤਗਾਲ, ਗ੍ਰੀਸ ਗਏ ਹਨ। ਉਨ੍ਹਾਂ ਕਿਹਾ,"ਮੇਰੇ ਤਿੰਨ ਭਤੀਜੇ ਆਪਣੇ ਮਾਤਾ-ਪਿਤਾ ਦੀ ਇਕਲੌਤੀ ਸੰਤਾਨ ਹਨ ਪਰ ਉਨ੍ਹਾਂ ਨੇ ਵਿਦੇਸ਼ ਜਾਣ ਦਾ ਵਿਕਲਪ ਚੁਣਿਆ ਹੈ।" ਘੋਲਪੁਰਾ ਦੇ ਵਾਸੀਆਂ ਦਾ ਅਨੁਮਾਨ ਹੈ ਕਿ ਲਗਭਗ 1500 ਦੀ ਆਬਾਦੀ ਵਾਲੇ ਪਿੰਡ ਦੇ ਲਗਭਗ 130 ਨੌਜਵਾਨ ਪਹਿਲਾਂ ਹੀ ਵਿਦੇਸ਼ ਜਾ ਚੁੱਕੇ ਹਨ।

ਪਿੰਡ ਦੇ ਸਰਪੰਚ ਸੱਤਪਾਲ ਘੋਲੀਆ ਦੇ ਛੋਟੇ ਭਰਾ ਸੁਰੇਸ਼ ਕੁਮਾਰ ਕਹਿੰਦੇ ਹਨ,"ਬੀਤੇ 5 ਸਾਲਾਂ 'ਚ 20-30 ਸਾਲ ਦੀ ਉਮਰ 'ਚ ਵਿਦੇਸ਼ ਜਾਣ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। 12ਵੀਂ ਤੋਂ ਬਾਅਦ ਨੌਜਵਾਨ ਵਿਦੇਸ਼ ਜਾਣਾ ਚਾਹੁੰਦੇ ਹਨ। ਉਹ ਇਕ ਆਰਾਮਦਾਇਕ ਜੀਵਨ ਜਿਊਂਣਾ ਚਾਹੁੰਦੇ ਹਨ।

ਜੇਕਰ ਪਰਿਵਾਰ ਦਾ ਕੋਈ ਮੈਂਬਰ ਵਿਦੇਸ਼ ਜਾਂਦਾ ਹੈ ਤਾਂ ਇਸ ਨਾਲ ਉਸ ਵਿਅਕਤੀ ਦੇ ਰਿਸ਼ਤੇਦਾਰਾਂ ਦੇ ਨਾਲ-ਨਾਲ ਪਿੰਡ ਦੇ ਹੋਰ ਲੋਕਾਂ ਨੂੰ ਵੀ ਪ੍ਰੇਰਨਾ ਮਿਲਦੀ ਹੈ।

ਇਸ ਦਾ ਕਾਰਨ ਸਰਲ ਹੈ ਖੇਤੀ ਘਾਟੇ ਦਾ ਪੇਸ਼ਾ ਬਣ ਗਈ ਹੈ, ਸਰਕਾਰੀ ਨੌਕਰੀਆਂ ਲਗਭਗ ਨਾ ਦੇ ਬਰਾਬਰ ਹਨ ਅਤੇ ਨਿੱਜੀ ਨੌਕਰੀਆਂ ਵੀ ਬਹੁਤ ਘੱਟ ਹੈ ਅਤੇ ਘੱਟ ਭੁਗਤਾਨ ਕਰਦੀਆਂ ਹਨ।

ਵਿਦੇਸ਼ ਜਾਣ ਦੇ ਪ੍ਰਤੀ ਨੌਜਵਾਨਾਂ ਦੇ ਵਧਦੇ ਰੁਝਾਨ ਨੂੰ ਧਿਆਨ 'ਚ ਰੱਖਦੇ ਹੋਏ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਇਸ ਸਾਲ 30 ਅਪ੍ਰੈਲ ਨੂੰ ਐਲਾਨ ਕੀਤਾ ਕਿ ਸੂਬਾ ਸਰਕਾਰ ਨੇ ਵਿਦੇਸ਼ਾਂ 'ਚ ਵੀ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਇਕ ਵਿਦੇਸ਼ੀ ਪਲੇਸਮੈਂਟ ਸੈੱਲ ਦੀ ਸਥਾਪਨਾ ਕੀਤੀ ਹੈ।



# ਆਧੁਨਿਕ ਸਹੂਲਤਾਂ ਨਾਲ ਲੈਸ ਪੰਜਾਬ ਦਾ ਪਹਿਲਾ ਸਮਾਰਟ ਆਂਗਣਵਾੜੀ ਸੈਂਟਰ



**ਬਠਿੰਡਾ–** ਸੂਬਾ ਸਰਕਾਰ ਵੱਲੋਂ ਸਕੂਲਾਂ ਨੂੰ ਸਮਾਰਟ ਬਣਾਉਣ ਵੱਲੋਂ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੋ ਬੱਚਿਆਂ ਨੂੰ ਵਧੀਆ ਤਰੀਕੇ ਨਾਲ ਸਿੱਖਿਆ ਦਿੱਤੀ ਜਾ ਸਕੇ। ਉਧਰ ਦੂਜੇ ਪਾਸੇ ਹੁਣ ਤੁਹਾਨੂੰ ਸਮਾਰਟ ਆਂਗਣਵਾੜੀ ਸੈਂਟਰ ਵੇਖਣ ਨੂੰ ਮਿਲੇਗਾ। ਕਾਬਲੇਜ਼ਿਕਰ ਹੈ ਕਿ ਇਹ ਪਹਿਲਾ ਸਮਾਰਟ ਆਂਗਣਵਾੜੀ ਸੈਂਟਰ ਬਠਿੰਡਾ ਦੇ ਦੇਸ ਰਾਜ ਪ੍ਰਾਇਮਰੀ ਸਕੂਲ ਵਿੱਚ ਆਸਰਾ ਵੈਲਫੇਅਰ ਸੁਸਾਇਟੀ ਵੱਲੋਂ ਲੱਖਾਂ ਰੁਪਏ ਖਰਚ ਕਰਕੇ ਤਿਆਰ ਕਰਵਾਇਆ ਗਿਆ ਹੈ।

ਰਮੇਸ਼ ਮਹਿਤਾ ਨੇ ਦੱਸਿਆ ਕਿ ਆਸਰਾ ਵੈਲਫੇਅਰ ਸੁਸਾਇਟੀ ਵੱਲੋਂ ਸਮਾਜ ਸੇਵੀ ਕੰਮ ਲਗਾਤਾਰ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਉਹ ਆਂਗਣਵਾੜੀ ਸੈਂਟਰ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਸਟੇਸ਼ਨਰੀ ਅਤੇ ਹੋਰ ਸਮਾਨ ਦੇਣ ਲਈ ਆਏ ਸੀ ਪਰ ਜਦੋਂ ਉਨ੍ਹਾਂ ਇੱਥੇ ਆਂਗਣਵਾੜੀ ਦੀ ਬਿਲਡਿੰਗ ਨੂੰ ਦੇਖਿਆ ਤਾਂ ਉਸ ਦਾ ਬੁਰਾ ਹਾਲ ਸੀ ਅਤੇ ਖਸਤਾਹਾਲ ਬਿਲਡਿੰਗ ਵਿਚ ਹੀ ਇਹ ਆਂਗਣਵਾੜੀ ਸੈਂਟਰ ਚਲਾਇਆ ਜਾ ਰਿਹਾ ਸੀ। ਜਿਸ ਦੀ ਉਨ੍ਹਾਂ ਵੱਲੋਂ ਡਿਪਟੀ ਕਮਿਸ਼ਨਰ ਬਠਿੰਡਾ ਸ਼ੌਕਤ ਅਹਿਮਦ ਨਾਲ ਗੱਲਬਾਤ ਕੀਤੀ ਅਤੇ ਇਸ ਆਂਗਣਵਾੜੀ ਸੈਂਟਰ ਨੂੰ ਸਮਾਰਟ ਬਣਾਇਆ ਗਿਆ।

ਕਾਬਲੇਜ਼ਿਕਰ ਹੈ ਕਿ ਇਸ ਆਂਗਣਵਾੜੀ 'ਚ ਬੱਚਿਆਂ ਨੂੰ ਆਧੁਨਿਕ ਤਕਨੀਕ ਨਾਲ ਪੜ੍ਹਾਉਣ ਲਈ ਇੰਟਰਨੈਟ, ਨਵਾਂ ਫਰਨੀਚਰ, ਸੁਰੱਖਿਆ ਦੇ ਮੱਦੇਨਜ਼ਰ ਸੀਸੀਟੀਵੀ ਕੈਮਰੇ, ਅੱਗ ਬੁਝਾਊ ਯੰਤਰ ਅਤੇ ਬੱਚਿਆਂ ਦੇ ਖੇਡਣ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਇੱਥੇ ਪੜ੍ਹਨ ਆਉਣ ਵਾਲੇ ਬੱਚਿਆਂ ਨੂੰ ਇਹ ਮਹਿਸੂਸ ਨਾ ਹੋਵੇ ਕਿ ਉਹ ਕਿਸੇ ਪ੍ਰਾਈਵੇਟ ਸਕੂਲ ਨਾਲੋਂ ਘੱਟ ਆਂਗਣਵਾੜੀ ਸੈਂਟਰ ਵਿੱਚ ਪੜ ਰਹੇ ਹਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com www.ambedkartimes.com

# ਨਿਊਜ਼ੀਲੈਂਡ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਦਾ ਸਲਾਨਾ ਇਜਲਾਸ ਅਤੇ ਸਰਬ ਸੰਮਤੀ ਨਾਲ ਨਵੀਂ ਕਮੇਟੀ ਬਣੀ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਵਿਖੇ ਅੱਜ ਹਫਤਾਵਾਰੀ ਦੀਵਾਨ ਉਪਰੰਤ 'ਨਿਊਜ਼ੀਲੈਂਡ ਗੁਰੂ ਰਵਿਦਾਸ ਸਭਾ ਬੰਬੇ ਹਿੱਲ ਇਨਕਾਰਪੋਰੇਟਿਡ' (ਸਥਾਪਨਾ 1993) ਦਾ ਸਲਾਨਾ ਇਜਲਾਸ ਹੋਇਆ। ਪਿਛਲੇ 2 ਸਾਲਾਂ ਤੋਂ ਚੱਲ ਰਹੀ ਕਮੇਟੀ ਦੇ ਪ੍ਰਧਾਨ ਸ. ਰਾਮ ਸਿੰਘ ਚੌਂਕੜੀਆ ਇਜਲਾਸ ਵਿਚ ਪਹੁੰਚੇ ਸਾਰੇ ਮੈਂਬਰਜ਼ ਅਤੇ ਸੰਗਤ ਨੂੰ 'ਜੀ ਆਇਆ' ਆਖਿਆ। ਇਸ ਉਪਰੰਤ ਵਿਛੜੇ ਭਾਈਚਾਰਕ ਮੈਂਬਰਾਂ ਦੇ ਲਈ 1 ਮਿੰਟ ਦਾ ਮੋਨ ਰੱਖਿਆ ਗਿਆ। ਥੋੜ੍ਹੀਆਂ ਹੋਰ ਵਿਚਾਰਾਂ ਹੋਈਆਂ ਅਤੇ ਫਿਰ ਜਨਰਲ ਸਕੱਤਰ ਸ. ਅਵਤਾਰ ਸਿੰਘ ਨੇ ਪਿਛਲੇ ਇਕ ਸਾਲ ਦਾ ਲੇਖਾ-ਜੋਖਾ ਪੇਸ਼ ਕੀਤਾ, ਜਿਸ ਉਤੇ ਹਾਜ਼ਿਰ ਮੈਂਬਰਾਂ ਨੇ ਤਸੱਲੀ ਪ੍ਰਗਟ ਕੀਤੀ। ਪ੍ਰਧਾਨ ਵੱਲੋਂ ਤਿਆਰ ਰਿਪੋਰਟ ਵੀ ਪੜ੍ਹ ਕੇ ਸੁਣਾਈ ਗਈ ਤੇ ਗੁਰੂ ਘਰ ਦੇ ਹੋਏ ਕੰਮਾਂ ਬਾਰੇ ਵਿਸਥਾਰ ਸਹਿਤ ਵੇਰਵਾ ਦਿੱਤਾ ਗਿਆ। ਖਜ਼ਾਨਚੀ ਚੱਲ ਰਹੇ ਸ੍ਰੀ ਹਰਭਜਨ ਢੰਡਾ ਨੇ ਵਿੱਤੀ ਰਿਪੋਰਟ ਪੇਸ਼ ਕੀਤੀ। ਇਸ ਤੋਂ ਬਾਅਦ ਪੁਰਾਣੀ ਕਮੇਟੀ ਨੂੰ ਖਾਰਜ ਕਰ ਦਿੱਤਾ ਗਿਆ ਤੇ ਨਵੀਂ ਕਮੇਟੀ ਦੀ ਚੋਣ ਪ੍ਰਕ੍ਰਿਆ ਸ਼ੁਰੂ ਹੋਈ।




ਨਵੀਂ ਕਮੇਟੀ: ਸਰਬ ਸੰਮਤੀ ਦੇ ਨਾਲ ਸ੍ਰੀ ਪਰਮਜੀਤ ਮੈਹਮੀ ਨੂੰ ਸਾਲ 2023-24 ਦੇ ਲਈ ਪ੍ਰਧਾਨ, ਉਪ ਪ੍ਰਧਾਨ ਸ੍ਰੀ ਜਰਨੈਲ ਸਿੰਘ, ਜਨਰਲ ਸਕੱਤਰ ਸ. ਨਰਿੰਦਰ ਸਿੰਘ ਸਹੋਤਾ, ਸਹਾਇਕ ਸਕੱਤਰ ਸ੍ਰੀ ਹੰਸ ਰਾਜ ਕਟਾਰੀਆ, ਖਜ਼ਾਨਚੀ ਸ੍ਰੀ ਸੁਰਿੰਦਰ ਕੁਮਾਰ ਸਿੱਧੂ, ਸਹਾਇਕ ਖਜ਼ਾਨਚੀ ਸ੍ਰੀ ਹਰਭਜਨ ਢੰਡਾ ਅਤੇ ਔਡੀਟਰ ਸ੍ਰੀ ਰਜਿੰਦਰ ਸਿੰਘ ਨੂੰ ਬਣਾਇਆ ਗਿਆ। ਗੁਰੂ ਕੇ ਲੰਗਰ ਵਾਸਤੇ ਬੀਬੀਆਂ ਦੀ ਪਹਿਲਾਂ ਵਾਲੀ ਕਮੇਟੀ ਉਸੇ ਤਰ੍ਹਾਂ ਆਪਣੀਆਂ ਸੇਵਾਵਾਂ ਜਾਰੀ ਰੱਖੇਗੀ। ਨਵੇਂ ਬਣੇ ਪ੍ਰਧਾਨ ਸ੍ਰੀ ਪਰਮਜੀਤ ਮੈਹਮੀ ਹੋਰਾਂ ਨੇ ਸਾਬਕਾ ਕਮੇਟੀ, ਹਾਜ਼ਿਰ ਸਾਰੇ ਮੈਂਬਰਜ਼ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਦੇ ਸਹਿਯੋਗ ਨਾਲ ਸੇਵਾਵਾਂ ਜਾਰੀ ਰੱਖਣ ਦਾ ਵਾਅਦ ਕੀਤਾ।

ਗੁਰੂ ਘਰ ਦੀਆਂ ਸਰਗਰਮੀਆਂ ਦਰਸਾਉਂਦਾ ਮੈਗਜ਼ੀਨ ਜਾਰੀ ਕੀਤਾ: ਅੱਜ ਹਫਤਾਵਾਰੀ ਦੀਵਾਨ ਉਪਰੰਤ ਗੁਰਦੁਆਰਾ ਕਮੇਟੀ ਵੱਲੋਂ ਗੁਰ ਅਸਥਾਨ ਦਾ ਅੱਪਡੇਟ ਇਤਿਹਾਸ ਵਰਨਣ ਕਰਦਾ ਅਤੇ ਪੂਰੇ ਸਾਲ ਦੀਆਂ ਸਰਗਰਮੀਆਂ ਦਰਸਾਉਂਦਾ ਰੰਗਦਾਰ 20 ਸਫ਼ਿਆਂ ਦਾ ਮੈਗਜ਼ੀਨ ਵੀ ਜਾਰੀ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਇਕ ਵਾਰ ਅਜਿਹਾ ਮੈਗਜ਼ੀਨ ਜਾਰੀ ਕੀਤਾ ਗਿਆ ਸੀ। ਮੈਗਜ਼ੀਨ ਤਿਆਰ ਕਰਨ ਦੇ ਵਿਚ ਰਾਮ ਸਿੰਘ ਚੌਂਕੜੀਆਂ, ਅਵਤਾਰ ਸਿੰਘ, ਕਰਨੈਲ ਸਿੰਘ ਬੱਧਣ, ਹਰਭਜਨ ਢੰਡਾ ਦਾ ਕਾਫੀ ਯੋਗਦਾਨ ਰਿਹਾ।

# ਗਲਾਸਗੋ: ਡਾ ਮਰਿਦੁਲਾ ਚਕਰਬਰਤੀ ਨੂੰ ਬਰਤਾਨਵੀ ਸ਼ਾਹੀ ਪਰਿਵਾਰ ਵੱਲੋਂ ਐੱਮਬੀਈ ਸਨਮਾਨ ਮਿਲਣ ਦੀ ਖੁਸ਼ੀ 'ਚ ਸਮਾਗਮ





**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸਕਾਟਲੈਂਡ ਵਿੱਚ ਭਾਰਤੀ ਭਾਈਚਾਰੇ ਦੇ ਲੋਕ ਡਾ ਮਰਿਦੁਲਾ ਚਕਰਬਰਤੀ ਦੇ ਨਾਮ ਤੋਂ ਭਲੀਭਾਂਤ ਜਾਣੂੰ ਹਨ। ਭਾਈਚਾਰੇ ਦੇ ਲੋਕਾਂ ਦੇ ਸੁਖ ਦੁੱਖ ਵਿੱਚ ਸ਼ਰੀਕ ਹੋਣ, ਵੱਖ ਵੱਖ ਸੰਸਥਾਵਾਂ ਦੇ ਕਾਰਜਾਂ ਵਿੱਚ ਨਿ-ਸ਼ਕਾਮ ਸ਼ਮੂਲੀਅਤ ਉਹਨਾਂ ਦੇ ਸੁਭਾਅ ਦਾ ਵਿਸ਼ੇਸ਼ ਗੁਣ ਹੈ। ਯੂਕੇ ਵਿੱਚ ਪਹਿਲੀ ਔਰਤ ਰੋਬੋਟਿਕ ਇੰਜੀਨੀਅਰ ਹੋਣ ਦਾ ਮਾਣ ਹਾਸਲ ਡਾ। ਮਰਿਦੁਲਾ ਚਕਰਬਰਤੀ ਨੂੰ ਬਰਤਾਨਵੀ ਸ਼ਾਹੀ ਪਰਿਵਾਰ ਵੱਲੋਂ "ਮੈਂਬਰ ਆਫ ਬ੍ਰਿਟਿਸ਼ ਐਂਪਾਇਰ" (ਐੱਮ ਬੀ ਈ) ਸਨਮਾਨ ਨਾਲ ਨਿਵਾਜਿਆ ਗਿਆ ਤਾਂ ਉਹਨਾਂ ਨੂੰ ਵਧਾਈਆਂ ਦੇਣ ਵਾਲਿਆਂ ਦਾ ਹੜ੍ਹ ਆ ਗਿਆ। ਸਕਾਟਲੈਂਡ ਵਿੱਚ ਭਾਰਤੀ ਮੂਲ ਦੀਆਂ ਸੰਸਥਾਵਾਂ ਲਈ ਛਤਰੀ ਵਾਂਗ ਕੰਮ ਕਰ ਰਹੀ ਸੰਸਥਾ ਐਸੋਸੀਏਸ਼ਨ ਆਫ ਇੰਡੀਅਨ ਆਰਗੇਨਾਈਜ਼ੇਸ਼ਨਜ਼ (ਏ ਆਈ ਓ) ਵੱਲੋਂ ਬੰਬੇ ਬਲੂਅਜ਼ ਰੈਸਟੋਰੈਂਟ ਵਿਖੇ ਵਿਸ਼ੇਸ਼ ਸਮਾਗਮ ਕਰਕੇ ਡਾ ਮਰਿਦੁਲਾ ਚਕਰਬਰਤੀ ਨੂੰ ਵਧਾਈ ਪੇਸ਼ ਕੀਤੀ ਗਈ। ਏ ਆਈ ਓ ਦੇ ਪ੍ਰਧਾਨ ਅੰਮ੍ਰਿਤਪਾਲ ਕੌਸ਼ਲ (ਐੱਮ ਬੀ ਈ) ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨ ਪਹੁੰਚੇ ਕੌਂਸਲ ਜਨਰਲ ਆਫ ਇੰਡੀਆ ਐਡਿਨਬਰਾ ਸ੍ਰੀ ਬਿਜੇ ਸੇਲਵਰਾਜ, ਸ੍ਰੀ ਸੱਤਿਆਵੀਰ ਸਿੰਘ ਵੱਲੋਂ ਵੀ ਸ੍ਰੀਮਤੀ ਚਕਰਬਰਤੀ ਨੂੰ ਇਸ ਸਨਮਾਨ ਦੀ ਹਾਰਦਿਕ ਵਧਾਈ ਪੇਸ਼ ਕੀਤੀ। ਕਾਰੋਬਾਰੀ ਸੋਹਣ ਸਿੰਘ ਰੰਧਾਵਾ ਵੱਲੋਂ ਸੁੰਦਰ ਗੁਲਦਸਤਾ ਭੇਂਟ ਕਰਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਇਸ ਸਮੇਂ ਹੋਏ ਰੰਗਾਰੰਗ ਸਮਾਗਮ ਦੌਰਾਨ ਗਾਇਕ ਸੰਤੋਖ ਸੋਹਲ ਅਤੇ ਅਭੀਜੀਤ ਕੜਵੇ ਵੱਲੋਂ ਇੱਕ ਤੋਂ ਵੱਧ ਇੱਕ ਗੀਤ ਗਾ ਕੇ ਹਾਜਰੀਨ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਸਮਾਗਮ ਵਿੱਚ ਗਲਾਸਗੋ ਦੀਆਂ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਅਖ਼ੀਰ ਵਿੱਚ ਡਾ ਮਰਿਦੁਲਾ ਚਕਰਬਰਤੀ (ਐੱਮ ਬੀ ਈ) ਨੇ ਸਮਾਗਮ ਵਿੱਚ ਪਹੁੰਚੇ ਸਮੂਹ ਮੈਂਬਰਾਨ ਦਾ ਧੰਨਵਾਦ ਕੀਤਾ।







# ਨਿਊਜ਼ੀਲੈਂਡ ਦੇ ਵਿਚ 13,895 ਮਿਆਦ ਪੁੱਗੇ ਵੀਜ਼ਾ ਧਾਰਕਾਂ 'ਚ 1310 ਭਾਰਤੀ ਵੀ ਹਨ ਸ਼ਾਮਿਲ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦਾ ਇਮੀਗ੍ਰੇਸ਼ਨ ਵਿਭਾਗ ਜਿੱਥੇ ਵੱਖ-ਵੱਖ ਸ਼੍ਰੇਣੀਆਂ ਦੇ ਵੀਜ਼ੇ ਮੁਹੱਈਆ ਕਰਦਾ ਹੈ, ਉਥੇ ਗੈਰ ਕਾਨੂੰਨੀ ਜਾਂ ਮਿਆਦ ਪੁੱਗਣ ਤੋਂ ਬਾਅਦ ਵੀ ਇਥੇ ਰਹਿਣ ਵਾਲਿਆਂ ਨੂੰ ਦੇਸ਼ ਨਿਕਾਲਾ ਦੇਣ ਵਾਲੇ ਕੰਮ ਦੇ ਵਿਚ ਵੀ ਲੱਗਾ ਰਹਿੰਦਾ ਹੈ। ਕਈ ਕੇਸਾਂ ਵਿਚ ਅਦਾਲਤਾਂ ਦੇ ਅਜਿਹੇ ਫੈਸਲੇ ਵੀ ਆਉਂਦੇ ਹਨ। ਜੇਕਰ ਦੇਸ਼ ਨਿਕਾਲੇ ਦਾ ਹੁਕਮ ਹੋ ਜਾਵੇ ਤਾਂ ਇਮੀਗ੍ਰੇਸ਼ਨ ਵਿਭਾਗ ਖੁਦ ਵੀ ਸਬੰਧਿਤ ਲੋਕਾਂ ਨੂੰ ਉਨ੍ਹਾਂ ਦੇ ਦੇਸ਼ ਭੇਜਦਾ ਹੈ ਅਤੇ ਬਹੁਤੇ ਲੋਕ ਵੀ ਆਪਣੇ ਆਪ ਅਤੇ ਸਲਾਹ ਮੰਨ ਕੇ ਸਵੈਇੱਛਤ ਚਲੇ ਜਾਂਦੇ ਹਨ। ਬਹੁਤ ਸਾਰੇ ਲੋਕ ਬਿਨਾਂ ਕਿਸੇ ਦਬਾਅ ਦੇ ਵੀ ਲੰਬੇ ਸਮੇਂ ਬਾਅਦ ਖੁਦ ਹੀ ਚਲੇ ਜਾਂਦੇ ਹਨ। ਕਈ ਕੇਸਾਂ ਦੇ ਵਿਚ 5 ਸਾਲ ਤੱਕ ਦੁਬਾਰਾ ਆਉਣ 'ਤੇ ਰੋਕ ਲਗ ਜਾਂਦੀ ਹੈ, ਕਈ ਕੇਸਾਂ ਵਿਚ ਪੱਕੀ ਰੋਕ ਵੀ ਲਗਦੀ ਹੈ। ਇਮੀਗ੍ਰੇਸ਼ਨ ਦੇ ਨਾਲ ਸਹਿਯੋਗ ਕਰਨ ਅਤੇ ਕਹਿਣਾ ਮੰਨਣ ਉਤੇ ਕੇਸ ਅਨੁਸਾਰ ਇਸ ਤੋਂ ਬਚਿਆ ਵੀ ਜਾ ਸਕਦਾ ਹੈ। ਕਈ ਕੇਸਾਂ ਵਿਚ 42 ਦਿਨ ਦਾ ਸਮਾਂ 'ਡੀਪੋਰਟੇਸ਼ਨ ਲਾਇਬਿਲਟੀ ਨੋਟਿਸ' ਵਜੋਂ ਦਿੱਤਾ ਜਾਂਦਾ ਹੈ ਤਾਂ ਕਿ ਉਹ ਆਪਣੇ ਜਾਣ ਦਾ ਪ੍ਰਬੰਧ ਕਰ ਲਵੇ। ਜੇਕਰ ਕੋਈ ਇਥੇ ਰੈਜ਼ੀਡੈਂਟ ਹੈ ਪਰ ਅਪਰਾਧ ਦਾ ਦੋਸ਼ੀ ਹੈ ਤਾਂ ਉਸਨੂੰ ਵੀ ਧਾਰਾ 161, ਇਮੀਗ੍ਰੇਸ਼ਨ ਐਕਟ 2009 ਦੇ ਅਧੀਨ ਦੇਸ਼ ਨਿਕਾਲਾ (ਤਿੰਨ ਪ੍ਰਤੀਸਿਥੀਆਂ ਦੇ ਵਿਚ) ਦਿੱਤਾ ਜਾ ਸਕਦਾ ਹੈ। ਰੈਜ਼ੀਡੈਂਸੀ ਲੈਣ ਲਈ ਵਰਤੀ ਗਈ ਜਾਅਲੀ ਜਾਣਕਾਰੀ ਵੀ ਦੇਸ਼ ਨਿਕਾਲਾ ਕਰਵਾ ਸਕਦੀ ਹੈ।

**ਕਿੰਨਿਆਂ ਨੂੰ ਮਿਲ ਚੁੱਕਾ ਹੈ ਦੇਸ਼ ਨਿਕਾਲਾ? ਜਾਂ ਉਹ ਆਪ ਹੀ ਚਲੇ ਗਏ?**

2017-18 ਵਿੱਤੀ ਸਾਲ ਦੇ ਵਿਚ ਕੁੱਲ 2938 ਲੋਕਾਂ ਨੂੰ ਦੇਸ਼ ਨਿਕਾਲਾ ਹੋਇਆ ਜਿਨ੍ਹਾਂ ਵਿਚ 635 ਨੂੰ ਭੇਜਿਆ ਗਿਆ, 1001 ਆਪੇ ਚਲੇ ਗਏ ਅਤੇ 1302 ਸਲਾਹ ਮੰਨ ਕੇ ਸਵੈਇੱਛਤ ਚਲੇ ਗਏ।

2018-19 ਵਿੱਤੀ ਸਾਲ ਦੇ ਵਿਚ ਕੁੱਲ 1777 ਲੋਕਾਂ ਨੂੰ ਦੇਸ਼ ਨਿਕਾਲਾ ਹੋਇਆ ਜਿਨ੍ਹਾਂ ਵਿਚ 449 ਨੂੰ ਭੇਜਿਆ




ਗਿਆ, 455 ਆਪੇ ਚਲੇ ਗਏ ਅਤੇ 873 ਸਲਾਹ ਮੰਨ ਕੇ ਸਵੈਇੱਛਤ ਚਲੇ ਗਏ।

2019-20 ਵਿੱਤੀ ਸਾਲ ਦੇ ਵਿਚ ਕੁੱਲ 1507 ਲੋਕਾਂ ਨੂੰ ਦੇਸ਼ ਨਿਕਾਲਾ ਹੋਇਆ ਜਿਨ੍ਹਾਂ ਵਿਚ 381 ਨੂੰ ਭੇਜਿਆ ਗਿਆ, 585 ਆਪੇ ਚਲੇ ਗਏ ਅਤੇ 541 ਸਲਾਹ ਮੰਨ ਕੇ ਸਵੈਇੱਛਤ ਚਲੇ ਗਏ।

2020-21 ਵਿੱਤੀ ਸਾਲ ਦੇ ਵਿਚ ਕੁੱਲ 907 ਲੋਕਾਂ ਨੂੰ ਦੇਸ਼ ਨਿਕਾਲਾ ਹੋਇਆ ਜਿਨ੍ਹਾਂ ਵਿਚ 288 ਨੂੰ ਭੇਜਿਆ ਗਿਆ, 249 ਆਪੇ ਚਲੇ ਗਏ ਅਤੇ 370 ਸਲਾਹ ਮੰਨ ਕੇ ਸਵੈਇੱਛਤ ਚਲੇ ਗਏ।

2021-22 ਵਿੱਤੀ ਸਾਲ ਦੇ ਵਿਚ ਕੁੱਲ 518 ਲੋਕਾਂ ਨੂੰ ਦੇਸ਼ ਨਿਕਾਲਾ ਹੋਇਆ ਜਿਨ੍ਹਾਂ ਵਿਚ 128 ਨੂੰ ਭੇਜਿਆ ਗਿਆ, 154 ਆਪੇ ਚਲੇ ਗਏ ਅਤੇ 236 ਸਲਾਹ ਮੰਨ ਕੇ ਸਵੈਇੱਛਤ ਚਲੇ ਗਏ।

**ਕਿੰਨੇ ਕੁ ਹਨ ਨਿਊਜ਼ੀਲੈਂਡ ਦੇ ਵਿਚ ਓਵਰਸਟੇਅਰ (ਮਿਆਦ ਪੁੱਗਾ ਵੀਜ਼ਾ ਧਾਰਕ)?**

2017 ਤੋਂ ਬਾਅਦ ਇਮੀਗ੍ਰੇਸ਼ਨ ਦਾ ਅੰਦਾਜ਼ਾ ਹੈ ਕਿ ਲਗਪਗ 14,000 ਲੋਕ ਇਥੇ ਵੀਜ਼ੇ ਦੀ ਮਿਆਦ ਪੁੱਗਣ ਦੇ ਬਾਅਦ ਵੀ ਰੁਕੇ ਹੋਏ ਹਨ। ਜਿਆਦਾਤਰ ਲੋਕ 25 ਤੋਂ 64 ਸਾਲ ਦੀ ਉਮਰ ਦੇ ਹਨ। ਇਨ੍ਹਾਂ ਵਿਚ ਵਿਜ਼ਟਰ ਵੀਜ਼ੇ ਵਾਲੇ ਬਹੁਤਾਤ ਵਿਚ ਹੁੰਦੇ ਰਹੇ ਹਨ। ਉਪਰਲੇ 10 ਦੇਸ਼ਾਂ ਦੇ ਲੋਕ ਜਿਹੜੇ ਇਥੇ ਮਿਆਦ ਪੁੱਗੇ ਵੀਜ਼ੇ ਦੇ ਬਾਵਜੂਦ ਰਹਿ ਰਹੇ ਹਨ ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:- (1) ਟੌਂਗਾ ਦੇਸ਼ ਦੀ ਕੌਮੀਅਤ ਵਾਲੇ 2,498, (2) ਸਮੋਆ 1,549, (3) ਚਾਈਨਾ 1,529, (4) ਇੰਡੀਆ 1,310, (5) ਮਲੇਸ਼ੀਆ 790, (6) ਗ੍ਰੇਟ ਬ੍ਰਿਟੇਨ 589, (7) ਫੀਜ਼ੀ 434, (8) ਤੁਵਾਲੂ 358, (9) ਸਾਊਥ ਕੋਰੀਆ 323, (10) ਥਾਈਲੈਂਡ 184 ਅਤੇ ਹੋਰ ਦੂਜੇ ਦੇਸ਼ਾਂ ਤੋਂ 4331 ਹਨ। ਇਸ ਤਰ੍ਹਾਂ ਕੁੱਲ ਗਿਣਤੀ 13,895 ਦੇ ਕਰੀਬ ਹੈ।

ਮੌਜੂਦਾ ਲੇਬਰ ਸਰਕਾਰ ਵੱਲੋਂ ਕਈ ਵਾਰ ਖਬਰਾਂ ਆਈਆਂ ਕਿ ਇਸ ਮਾਮਲੇ ਦੇ ਉਤੇ ਸਰਕਾਰ ਗੰਭੀਰਤਾ ਦੇ ਨਾਲ ਵਿਚਾਰ ਕਰ ਰਹੀ ਹੈ। ਇਮੀਗ੍ਰੇਸ਼ਨ ਮੰਤਰੀ ਸ੍ਰੀ ਮਾਈਕਲ ਵੁੱਡ ਕਹਿ ਚੁੱਕੇ ਹਨ ਕਿ ਸਰਕਾਰ 'ਪੈਸੇਫਿਕ ਨੇਤਾਵਾਂ ਅਤੇ ਪ੍ਰਵਾਸੀ ਸਮੂਹਾਂ' ਦੀ ਅਪੀਲ ਉਤੇ ਵਿਚਾਰਾਂ ਕਰ ਰਹੀ ਹੈ। ਇਰੀਲੈਂਡ ਦੇ ਵਿਚ ਅਜਿਹੀ ਇਕ ਸਕੀਮ ਵਰਤੀ ਗਈ ਸੀ ਤਾਂ ਕਿ ਓਵਰਸਟੇਅਰ ਪੱਕੇ ਹੋ ਜਾਣ ਅਤੇ ਅਜਿਹੀ ਸਕੀਮ ਅਜੇ ਨਿਊਜ਼ੀਲੈਂਡ ਦੇ ਵਿਚ ਨਹੀਂ ਹੈ। ਗ੍ਰੀਨ ਪਾਰਟੀ ਨੇ ਵੀ ਓਵਰਸਟੇਅਰ ਦੇ ਲਈ ਕੋਈ ਰਸਤਾ ਲੱਭਣ ਦੀ ਅਪੀਲ ਕੀਤੀ ਸੀ ਅਤੇ ਕਿਹਾ ਸੀ ਕਿ ਓਵਰਸਟੇਅਰ ਦੇ ਨਾਲ ਕਈ ਪ੍ਰਕਾਰ ਦਾ ਅਨਿਆਂ ਹੋ ਰਿਹਾ ਹੈ।

## 2021 ਰੈਜ਼ੀਡੈਂਟ ਵੀਜ਼ਾ ਮੰਗਣ ਵਾਲਿਆਂ ਚੋਂ 1 ਲੱਖ 88 ਹਜ਼ਾਰ 381 ਦਾ ਕਰਤਾ ਚਾਅ ਪੂਰਾ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਇਮੀਗ੍ਰੇਸ਼ਨ ਵਾਲਿਆਂ ਨੇ '2021 ਰੈਜ਼ੀਡੈਂਟ ਵੀਜ਼ਾ' ਅਰਜ਼ੀਆਂ ਦੇ ਵੱਡੇ ਪਹਾੜ ਨੂੰ ਇਕ-ਇਕ ਕਰਕੇ ਹੇਠਾਂ ਖਿਸਕਾ, ਆਪਣੇ ਕੰਪਿਊਟਰਾਂ ਦੇ ਵਿਚ ਠੀਕੇ-ਠੀਕੇ ਲਾ ਕੇ ਬੰਦ ਕਰ ਲਿਆ ਹੈ। ਜਿਵੇਂ ਕਹਿੰਦੇ ਨੇ ਹਾਥੀ ਨਿਕਲ ਗਿਆ ਅਤੇ ਪੂਛ ਹੀ ਨਿਕਲਣੀ ਬਾਕੀ ਹੈ। 20 ਮਈ 2023 ਤੱਕ ਪ੍ਰਾਪਤ ਹੋਏ ਅੰਕੜੇ ਦਸਦੇ ਹਨ ਕਿ ਇਸ ਵੀਜ਼ਾ ਸ਼੍ਰੇਣੀ ਤਹਿਤ ਕੁੱਲ 106,531 ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਅਰਜ਼ੀਆਂ ਦੇ ਵਿਚ ਪੱਕੇ ਹੋਣ ਵਾਲਿਆਂ ਦੀ ਗਿਣਤੀ 217,448 ਬਣਦੀ ਹੈ। ਉਪਰੋਕਤ ਅਰਜ਼ੀਆਂ ਦੇ ਵਿਚੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਬਹੁਤਾ ਕੰਮ ਖਿਚਦਿਆਂ 94,837 ਅਰਜ਼ੀਆਂ ਦਾ ਨਿਬੇੜਾ ਕਰ ਦਿੱਤਾ ਹੈ ਅਤੇ 188,381 ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਦੇ ਕੇ ਉਨ੍ਹਾਂ ਦਾ ਚਾਅ ਪੂਰਾ ਕਰ ਦਿੱਤਾ ਹੈ। ਇਸ ਦੌਰਾਨ 402 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ। ਕਿੰਨੇ ਕੁ ਰਹਿ ਗਏ? ਲਗਪਗ 28,665 ਲੋਕਾਂ ਦੀ ਕਿਸਮਤ ਦਾ ਫੈਸਲਾ 11,292 ਬਚੀਆਂ ਅਰਜ਼ੀਆਂ ਦੇ ਵਿਚ ਲਪੇਟਿਆ ਪਿਆ ਹੈ,



ਇਨ੍ਹਾਂ ਨੂੰ 'ਅਪਰੂਵਲ' ਵਾਲੀ ਈਮੇਲ ਆਉਣ ਦੀ ਹਮੇਸ਼ਾਂ ਬਿੜਕ ਬਣੀ ਰਹਿੰਦੀ ਹੈ, ਲਗਦਾ ਹੈ ਇਹ ਸਾਰਾ ਕਾਰਜ ਜੂਨ ਮਹੀਨੇ ਤੱਕ ਹੋ ਜਾਵੇਗਾ। ਪਹਿਲੇ ਗੇੜ ਦੀਆਂ ਅਰਜ਼ੀਆਂ 1 ਦਸੰਬਰ 2021 ਨੂੰ ਸ਼ੁਰੂ ਹੋਈਆਂ ਸਨ ਅਤੇ ਦੂਜੇ ਗੇੜ ਦੀਆਂ 1 ਮਾਰਚ 2022 ਨੂੰ ਸ਼ੁਰੂ ਹੋਈਆਂ ਸਨ ਤੇ 31 ਜੁਲਾਈ 2022 ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਪ੍ਰਤੀ ਅਰਜ਼ੀ ਫੀਸ 2160 ਡਾਲਰ ਰੱਖੀ ਗਈ ਸੀ। ਭਾਰਤੀਆਂ ਦੀ ਸੰਖਿਆ: ਇਸ ਵੀਜ਼ਾ ਸ਼੍ਰੇਣੀ ਅਧੀਨ 55,500 ਅਰਜ਼ੀਆਂ ਭਾਰਤੀਆਂ ਦੀਆਂ ਸਨ ਜਿਨ੍ਹਾਂ ਵਿਚੋਂ 40,000 ਤੋਂ ਵੱਧ ਦੇ ਰੈਜ਼ੀਡੈਂਟ ਵੀਜ਼ੇ ਮਾਰਚ 2023 ਤੱਕ ਲੱਗ ਚੁੱਕੇ ਸਨ।

## ਇੰਡੀਆ ਤੋਂ ਨਿਊਜ਼ੀਲੈਂਡ ਆਉਣ ਲਈ ਬੋਰਡਿੰਗ ਵੇਲੇ ਕਈਆਂ ਨੂੰ ਹੋ ਚੁੱਕੀ ਹੈ ਪ੍ਰੇਸ਼ਾਨੀ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਗਲਤੀ ਕਿਸੇ ਕੋਲੋਂ ਵੀ ਸਕਦੀ ਹੈ ਅਤੇ ਗਲਤੀ ਉਤੇ ਗੁੱਸਾ ਆਉਣਾ ਵੀ ਸੁਭਾਵਿਕ ਹੈ। ਸੋ ਸਿਆਣੇ ਕਹਿੰਦੇ ਨੇ ''ਗੁੱਸਾ ਕਰਨ ਵਾਲਾ ਗੁੱਸੇ ਦਾ ਪਹਿਲਾ ਪੀੜ੍ਹਤ ਹੁੰਦਾ ਹੈ'' ਜਾਂ ਫਿਰ ਕਿਹਾ ਜਾਂਦਾ ਹੈ ਕਿ ''ਗਲਤੀਆਂ ਨੂੰ ਭੁੱਲ ਜਾਓ ਪਰ ਸਬਕ ਯਾਦ ਰੱਖੋ।'' ਕਈ ਵਾਰ ਲੋਕਾਂ ਵੱਲੋਂ ਟ੍ਰੈਵਲ ਇੰਸ਼ੋਰੈਂਸ ਲੈਣ ਵੇਲੇ ਮੇਰੇ ਨਾਲ ਸੰਪਰਕ ਕੀਤਾ ਜਾਂਦਾ ਹੈ ਅਤੇ ਵੀਜ਼ੇ ਸਬੰਧੀ ਗੱਲਾਂ ਹੁੰਦੀਆਂ ਹਨ ਜਾਂ ਫਿਰ ਨਾਂਅ, ਜਨਮ ਤਰੀਕ ਆਦਿ ਬਾਰੇ ਗੱਲ ਹੁੰਦੀ ਹੈ ਤਾਂ ਕਈ ਚੀਜ਼ਾਂ ਧਿਆਨ ਵਿਚ ਆਉਂਦੀਆਂ ਹਨ ਕਿ ਇਹ ਤਾਂ ਇਮੀਗ੍ਰੇਸ਼ਨ ਨੇ ਵੀਜ਼ੇ ਉਤੇ ਗਲਤ ਲਿਖ ਦਿੱਤਾ ਜਾਂ ਗਲਤੀ ਨਾਲ ਟਾਈਪ ਹੋ ਗਿਆ। ਹੋ ਸਕਦਾ ਹੈ ਗਲਤੀ ਅਰਜ਼ੀਦਾਤਾ ਦੀ ਵੀ ਹੋਵੇ। ਇਸ ਗਲਤੀ ਦੀ ਕੋਈ ਵੀ ਵਜ੍ਹਾ ਹੋਵੇ, ਕਈ ਲੋਕਾਂ ਨੂੰ ਇੰਡੀਆ ਤੋਂ ਜਹਾਜ਼ ਚੜ੍ਹਨ ਵੇਲੇ ਅਜਿਹੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ ਕਿ ਈ-ਵੀਜ਼ੇ ਉਤੇ ਪਾਸਪੋਰਟ ਨੰਬਰ ਗਲਤ ਸੀ। ਹਮਿਲਟਨ ਪੁੱਜਣ ਵਾਲੇ ਇਕ ਸਤਿਕਾਰਯੋਗ ਮਾਤਾ ਜੀ ਬਹੁਤ ਪ੍ਰੇਸ਼ਾਨ ਹੋਏ ਅਤੇ ਉਨ੍ਹਾਂ ਦੇ ਪੁੱਤਰ ਨੇ ਇਮੀਗ੍ਰੇਸ਼ਨ ਦੇ ਨਾਲ ਮੱਥਾ-ਪੱਚੀ ਕਰਕੇ ਮਸਾਂ ਗਲਤੀ ਦਰੁੱਸਤ ਕਰਵਾਈ। ਉਹ ਇਕ ਦਿਨ ਸ਼ਾਇਦ ਲੇਟ ਵੀ ਹੋਏ। ਬੀਤੀ ਰਾਤ ਵੀ ਇਕ ਅਜਿਹਾ ਹੋਰ ਕੇਸ ਆਇਆ ਤਾਂ ਪਤਾ ਲੱਗਾ ਕਿ ਈ-ਵੀਜ਼ੇ ਉਤੇ ਜਨਮ ਤਰੀਕ ਹੀ ਗਲਤ ਪਾ ਦਿੱਤੀ ਗਈ ਸੀ। ਸੰਨ ਲਿਖਣ ਦੀ ਗਲਤੀ ਸੀ। ਵੀਕਐਂਡ (ਸ਼ਨੀਵਾਰ-ਐਤਵਾਰ) ਆ ਜਾਵੇ ਤਾਂ ਪ੍ਰੇਸ਼ਾਨੀ ਹੋਰ ਵੀ ਵਧ ਜਾਂਦੀ ਹੈ। ਸੋ ਸੂਚਨਾ ਮਾਤਰ ਦੱਸਿਆ ਜਾਂਦਾ ਹੈ ਕਿ ਆਪਣੇ ਈ-ਵੀਜ਼ੇ ਉਤੇ ਦਿੱਤੀ ਜਾਣਕਾਰੀ ਅਸਲ




ਦਸਤਾਵੇਜ਼ਾਂ ਦੇ ਨਾਲ ਮਿਲਾ ਲਓ ਤਾਂ ਕਿ ਬੋਰਡਿੰਗ (ਜਹਾਜ਼ ਚੜ੍ਹਨ ਵੇਲੇ) ਕੋਈ ਪ੍ਰੇਸ਼ਾਨੀ ਨਾ ਆਵੇ।

## ਏਸ਼ੀਆਨਾ ਏਅਰਲਾਈਨਜ਼ ਦੇ ਯਾਤਰੀ ਨੇ ਦੱਖਣੀ ਕੋਰੀਆ ਦੀ ਉਡਾਣ ਦੌਰਾਨ ਜਹਾਜ਼ ਦਾ ਦਰਵਾਜ਼ਾ ਖੋਲ੍ਹਿਆ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਦੱਖਣੀ ਕੋਰੀਆ ਵਿੱਚ ਇੱਕ



ਜਹਾਜ਼ ਦੇ ਯਾਤਰੀ ਨੇ ਉਡਾਣ ਦੌਰਾਨ ਹਵਾਈ ਜਹਾਜ਼ ਦਾ ਐਮਰਜੈਂਸੀ ਦਰਵਾਜ਼ਾ ਖੋਲ੍ਹ ਦਿੱਤਾ। ਜਹਾਜ਼ ਦੇ ਅੰਦਰ ਤੇਜ਼ ਹਵਾ ਜਾਣ ਲੱਗੀ। ਸੀਟਾਂ ਦੇ ਕਵਰ ਉਡਣ ਲੱਗੇ ਅਤੇ ਲੋਕਾਂ ਦੇ ਕੰਨਾਂ ਵਿਚ ਜ਼ਬਰਦਸਤ ਹਵਾਵਾਂ ਵੱਜੀਆਂ ਜਿਸ ਨਾਲ ਕਈ ਬੇਹੋਸ਼ ਹੋ ਗਏ ਅਤੇ ਉਨ੍ਹਾਂ ਨੂੰ ਬਾਅਦ ਵਿਚ ਹਸਪਤਾਲ ਲਿਜਾਣਾ ਪਿਆ। ਇਸ ਸਿਰਫਿਰੇ ਨੇ ਇਹ ਕਾਰਾ ਕਰਕੇ ਸਾਰੇ ਯਾਤਰੀਆਂ ਅਤੇ ਚਾਲਕ ਦਲ ਨੂੰ ਹੈਰਾਨ ਕਰ ਦਿੱਤਾ।ਹੋਰ ਯਾਤਰੀਆਂ ਨੇ ਉਸ ਵਿਅਕਤੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਐਮਰਜੈਂਸੀ ਨਿਕਾਸ ਦਰਵਾਜ਼ੇ ਨੂੰ ਅੰਸ਼ਕ ਤੌਰ 'ਤੇ ਖੋਲ੍ਹਣ ਤੋਂ ਰੋਕਣ ਵਿੱਚ ਅਸਫਲ ਰਹੇ। ਜਿਸ ਸਮੇਂ ਇਹ ਦਰਵਾਜ਼ਾ ਖੋਲ੍ਹਿਆ ਗਿਆ ਉਸ ਸਮੇਂ ਜਹਾਜ਼ 700 ਫੁੱਟ ਦੀ ਉਚਾਈ ਉਤੇ ਸੀ ਅਤੇ ਉਤਰਨ ਵੱਲ ਵਧ ਰਿਹਾ ਸੀ।

ਜਹਾਜ਼ ਦੇ ਸਫਲਤਾ ਨਾਲ ਉਤਰਨ ਬਾਅਦ ਸ਼ੱਕੀ ਨੂੰ ਪੁਲਿਸ ਨੇ ਹਵਾਬਾਜ਼ੀ ਸੁਰੱਖਿਆ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ। ਇਸ ਵਿਅਕਤੀ ਨੇ ਇੰਟਰਕਾਮ ਫੋਨ ਦੇ ਨਾਲ ਫਲਾਈਟ ਅਟੈਂਡੈਂਟ ਨੂੰ ਵੀ ਮਾਰਿਆ। ਇਸ ਜਹਾਜ਼ ਵਿਚ 12 ਵਿਅਕਤੀ ਸਨ ਅਤੇ ਇਹ ਜਹਾਜ਼ ਡੇਇਗੂ ਵਿਖੇ ਉਤਰਿਆ ਸੀ। ਸੋ ਹੱਦ ਈ ਹੋਈ ਪਈ ਆ...ਏਦਾਂ ਦੇ ਸਿਰਫਿਰੇ ਵੀ ਜਹਾਜ਼ਾਂ ਦੇ ਵਿਚ ਉਡੇ ਫਿਰਦੇ ਆ....

## ਇਟਲੀ 'ਚ ਬੱਚਿਆਂ ਦੇ ਲਾਪਤਾ ਹੋਣ ਦੀਆਂ ਘਟਨਾਵਾਂ 'ਚ ਹੋਇਆ ਵਾਧਾ

**ਰੋਮ-** ਪਿਛਲੇ 3 ਦਹਾਕਿਆਂ ਤੋਂ ਇਟਲੀ ਦੀ ਨੌਜਵਾਨ ਪੀੜ੍ਹੀ ਵਿਆਹ ਕਰਵਾਉਣ ਤੋਂ ਕੰਨੀ ਕਤਰਾਉਂਦੀ ਨਜ਼ਰੀ ਆ ਰਹੀ ਹੈ ਜਿਸ ਕਾਰਨ ਇਟਲੀ ਦੀ ਆਬਾਦੀ ਲਗਾਤਾਰ ਗਿਰਾਵਟ ਵੱਲ ਹੈ। ਇਟਲੀ ਯੂਰਪ ਦਾ ਅਜਿਹਾ ਦੇਸ਼ ਹੈ ਜਿੱਥੇ ਬੱਚਿਆਂ ਦੀ ਜਨਮ ਦਰ ਘੱਟ ਤੇ ਮੌਤ ਦਰ ਵੱਧ ਹੈ। ਸੰਨ 2022 ਦੀ ਹੀ ਗੱਲ ਕੀਤੀ ਜਾਵੇ ਤਾਂ ਇਸ ਸਾਲ ਵਿੱਚ 392,598 ਬੱਚਿਆਂ ਦੇ ਜਨਮ ਦੀ ਰਜਿਸਟਰੇਸ਼ਨ ਹੋਈ ਜਦੋਂ ਕਿ ਮੌਤਾਂ ਦਾ ਅੰਕੜਾ 713,499 ਹੈ। ਇੱਥੇ ਕਿ ਹੋਰ ਦੁਖਾਂਤ ਸਾਹਮਣੇ ਦੇਖਣ ਨੂੰ ਮਿਲ ਰਿਹਾ ਹੈ ਜਿਸ ਅਨੁਸਾਰ ਸੰਨ 2022 ਵਿੱਚ 17,130 ਬੱਚੇ ਇਟਲੀ ਭਰ 'ਚ ਲਾਪਤਾ ਹੋਣ ਦੇ ਕੇਸ ਦਰਜ ਹੋਏ ਹਨ ਜਿਹਨਾਂ ਵਿੱਚੋਂ 14,410 ਬੱਚਿਆਂ ਦੀ ਉਮਰ ਸਿਰਫ਼ 15 ਤੋਂ 17 ਸਾਲ ਦੇ ਵਿਚਕਾਰ ਹੈ। ਇਸ ਅੰਕੜੇ ਵਿੱਚ 3 ਚੌਥਾਈ ਤੋਂ ਵੱਧ ਵਿਦੇਸ਼ੀ ਨਾਬਾਲਗ ਬੱਚੇ ਸ਼ਾਮਿਲ ਹਨ।

ਸੰਨ 2022 ਵਿੱਚ ਲਾਪਤਾ ਹੋਣ ਵਾਲੇ ਵਿਦੇਸ਼ੀ ਬੱਚਿਆਂ ਦੀ ਗਿਣਤੀ ਵਿੱਚ ਪਿਛਲੇ ਸਾਲਾਂ ਨਾਲੋਂ 47.9% ਦਾ ਵਾਧਾ ਹੋਇਆ ਹੈ ਜਦੋਂ ਕਿ ਇਟਾਲੀਅਨ ਬੱਚਿਆਂ ਦੇ ਲਾਪਤਾ ਹੋਣ ਦੀ ਰਿਪੋਰਟ ਵਿੱਚ 24.2% ਵਾਧਾ ਹੋਇਆ। ਲਾਪਤਾ ਹੋਣ ਦੀ ਰਿਪੋਰਟ ਕੀਤੇ ਗਏ ਵਿਦੇਸ਼ੀ ਬੱਚਿਆਂ ਵਿੱਚੋਂ 43.6% ਮਿਸਰੀ ਜਾਂ ਟਿਊਨੀਸ਼ੀਅਨ 91.3% ਪੁਰਸ਼ ਸਨ ਜਦੋਂ ਕਿ ਅੰਕੜੇ ਵਿੱਚ ਲਾਪਤਾ ਬੱਚਿਆਂ ਵਿੱਚੋਂ 0.54% ਯੂਕਰੇਨੀਅਨ ਸਨ। ਇੱਥੇ ਇਸ ਗੱਲ ਦਾ ਵੀ ਖੁਲਾਸਾ ਕੀਤਾ ਗਿਆ ਕਿ ਲਾਪਤਾ ਹੋਏ ਬੱਚਿਆਂ ਵਿੱਚੋਂ ਇਟਾਲੀਅਨ ਬੱਚਿਆਂ ਦੇ ਲੱਭੇ ਜਾਣ ਦੀ ਸੰਭਾਵਨਾ ਵੱਧ ਹੈ।

ਸੰਨ 2023 ਦੇ ਪਹਿਲੇ 4 ਮਹੀਨਿਆਂ ਵਿੱਚ 5,908 ਬੱਚੇ ਲਾਪਤਾ ਹੋਏ ਹਨ ਜਿਹਨਾਂ ਵਿੱਚ ਨਾਬਾਲਗ ਬੱਚੇ ਵੀ ਸ਼ਾਮਲ ਹਨ। ਇਸ ਅੰਕੜੇ ਵਿੱਚ 1,319 ਬੱਚੇ ਇਟਾਲੀਅਨ ਹਨ ਅਤੇ 4,589 ਬੱਚੇ ਵਿਦੇਸ਼ੀ ਹਨ। ਇਟਲੀ ਵਿੱਚ ਬੱਚਿਆਂ ਦੇ ਲਾਪਤਾ ਹੋਣ ਦੀਆਂ ਘਟਨਾਵਾਂ ਵਿੱਚ ਹੋ ਰਿਹਾ ਵਾਧਾ ਜਿੱਥੇ ਪੁਲਸ ਪ੍ਰਸ਼ਾਸ਼ਨ ਲਈ ਸਿਰਦਰਦੀ ਬਣ ਰਿਹਾ ਹੈ ਉੱਥੇ ਵਿਦੇਸ਼ੀ ਮਾਪਿਆਂ ਦੀਆਂ ਚਿੰਤਾਵਾਂ ਵਿੱਚ ਵੀ ਚੋਖਾ ਵਾਧਾ ਕਰਦਾ ਹੈ ਕਿਉਂਕਿ ਇਟਲੀ ਵਿੱਚ ਇੱਕ ਵਾਰ ਗੁਆਚਿਆ ਬੱਚਾ ਲੱਭਣਾ ਕੋਈ ਸੌਖਾ ਕੰਮ ਨਹੀਂ



ਅਜਿਹੇ ਵਿੱਚ ਪ੍ਰਸ਼ਾਸ਼ਨ ਵੀ ਵਿਦੇਸ਼ੀਆਂ ਦੀਆਂ ਭਾਵਨਾਵਾਂ ਨੂੰ ਘੱਟ ਹੀ ਮਹਿਸੂਸ ਕਰਦਾ ਹੈ। ਬਹੁਤ ਸਾਰੇ ਅਜਿਹੇ ਕੇਸ ਵੀ ਦੇਖਣ ਨੂੰ ਮਿਲ ਰਹੇ ਹਨ ਜਿਹਨਾਂ ਵਿੱਚ ਭਾਰਤੀ ਨੌਜਵਾਨ ਵੀ ਗੁੰਮ ਹੋ ਜਾਂਦੇ ਹਨ ਤੇ ਬਹੁਤਿਆਂ ਦੀ ਕੋਈ ਉੱਗਸੁੱਘ ਨਹੀਂ।ਕਈ ਕੇਸਾਂ ਵਿੱਚ ਘਰਵਾਲੇ ਵਿਚਾਰੇ ਇਟਲੀ ਦੇ ਥਾਣਿਆਂ ਦੇ ਚੱਕਰ ਲਗਾ-ਲਗਾ ਥੱਕ ਜਾਂਦੇ ਹਨ ਪਰ ਉਹਨਾਂ ਉੱਪਰ ਪਿਆ ਮੁਸੀਬਤ ਦਾ ਚੱਕਰ ਨਹੀਂ ਲਹਿੰਦਾ।

# ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਨੌਜਵਾਨ ਸਭਾ ਨਾਲ ਮਿਲਕੇ ਪਿੰਡ ਮਾਣਕਪੁਰ ਵਿੱਚ ਸੈਂਟਰ ਫਾਰ ਅੰਬੇਡਕਰਇਜ਼ਮ ਖੋਲਿਆ ਗਿਆ

ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਨੌਜਵਾਨ ਸਭਾ ਨਾਲ ਮਿਲਕੇ ਪਿੰਡ ਮਾਣਕਪੁਰ ਵਿੱਚ ਸੈਂਟਰ ਫਾਰ ਅੰਬੇਡਕਰਇਜ਼ਮ ਖੋਲਿਆ ਗਿਆ। ਇਸ ਮੌਕੇ ਕਰਵਾਏ ਗਏ ਪ੍ਰੋਗਰਾਮ ਵਿੱਚ ਚੰਡੀਗੜ੍ਹ ਪੁਲਿਸ ਦੇ ਇੰਸਪੈਕਟਰ ਰਾਮ ਦਿਆਲ ਜੋਕਿ ਯੂ ਐਨ ਓ ਵਿੱਚ ਅਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ ਮੁੱਖ ਮਹਿਮਾਨ ਵਜੋਂ ਪਹੁੰਚੇ । ਇਸ ਮੌਕੇ ਸਿੱਖਿਆ ਦੇ ਅਧਿਕਾਰ ਲਈ ਮੁਹਿੰਮ ਚਲਾ ਰਹੇ ਕਿਰਪਾਲ ਸਿੰਘ ਅਤੇ ਸਮਾਜ ਭਲਾਈ ਸਕੀਮਾਂ ਸਬੰਧੀ ਜਾਗਰੂਕਤਾ ਲਈ ਕੰਮ ਕਰਨ ਵਾਲੇ ਹਰਨੇਕ ਸਿੰਘ ਚੁੰਨੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਇਸ ਪ੍ਰੋਗਰਾਮ ਵਿੱਚ ਸਰਪੰਚ ਗਿਆਨ ਚੰਦ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਡਾਕਟਰ ਜੇ ਐੱਸ ਕਹਿਲ ਨੇ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਬਾਰੇ ਵਿਸਥਾਰ ਵਿੱਚ ਦੱਸਿਆ ਕਿ ਇਹ ਸਗੰਠਨ ਗੈਰ ਰਾਜਨੀਤਿਕ ਹੈ ਅਤੇ ਇਸਦੇ ਮੈਂਬਰ ਅਪਣੇ ਪੱਧਰ ਤੇ ਫੰਡ ਇਕੱਠੇ ਕਰਕੇ ਸਮਾਜ ਦੇ ਵਿਕਾਸ ਲਈ ਕੰਮ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸੋਸਾਇਟੀ ਵਲੋਂ ਸਿੱਖਿਆ ਦੇ ਪਸਾਰ ਲਈ ਕੰਮ ਕੀਤਾ ਜਾ ਰਿਹਾ ਹੈ ਅਤੇ ਇਲਾਕੇ ਵਿੱਚ ਵੱਖ ਵੱਖ ਥਾਵਾਂ ਤੇ ਸੈਂਟਰ ਖੋਲੇ ਗਏ ਹਨ। ਲੋਕਾਂ ਨੂੰ ਸਮਾਜਿਕ ਬੁਰਾਈਆਂ ਤੋਂ ਬਚਣ ਲਈ ਜਾਗਰੁਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿੱਚ ਬੱਚਿਆਂ ਨੂੰ ਪੜ੍ਹਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਬੱਚਿਆਂ ਨੂੰ ਪੇਸ ਆ ਰਹੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ। ਇਸ ਸੈਂਟਰ ਵਿੱਚ ਸਰਕਾਰ ਵਲੋਂ ਸਮਾਜਿਕ ਆਰਥਿਕ ਵਿਕਾਸ




ਲਈ ਚੱਲ ਰਹੀਆਂ ਵੱਖ ਵੱਖ ਸਮਾਜ ਭਲਾਈ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੁਕ ਕੀਤਾ ਜਾਵੇਗਾ ਤਾਂ ਜੋ ਇਨ੍ਹਾਂ ਸਕੀਮਾਂ ਦਾ ਲਾਭ ਅਸਲੀ ਜਰੂਰਤਮੰਦ ਲੋਕਾਂ ਤੱਕ ਪਹੁੰਚ ਸਕੇ। ਕੁਲਦੀਪ ਚੰਦ ਨੇ ਸੈਂਟਰ ਫਾਰ ਅੰਬੇਡਕਰਇਜ਼ਮ ਬਾਰੇ ਦੱਸਿਆ ਕਿ ਇਸ ਸੈਂਟਰ ਵਿੱਚ ਸਮਾਜ ਦੇ ਹਰ ਵਰਗ ਬੱਚਿਆਂ, ਮਹਿਲਾਵਾਂ, ਨੌਜਵਾਨਾਂ, ਬਜੁਰਗਾਂ ਦੇ ਲਈ ਯੋਜਨਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਕਿਰਪਾਲ ਸਿੰਘ ਨੇ ਸਿੱਖਿਆ ਦੇ ਅਧਿਕਾਰ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਰਾਜ ਕਰ ਚੁੱਕੀਆਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੀਆ ਸਰਕਾਰਾਂ ਨੇ ਇਸ ਕ੍ਰਾਂਤੀਕਾਰੀ ਅਧਿਕਾਰ ਨੂੰ ਲਾਗੂ ਕਰਨ ਵਿੱਚ ਲਾਪਰਵਾਹੀ ਵਰਤੀ ਹੈ। ਹਰਨੇਕ ਸਿੰਘ ਚੁੰਨੀ ਨੇ ਸਮਾਜਿਕ-ਆਰਥਿਕ ਵਿਕਾਸ ਲਈ ਚੱਲ ਰਹੀਆਂ ਭਲਾਈ ਯੋਜਨਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਦੱਸਿਆ ਕਿ ਕੁੱਝ ਲੋਕ ਜਾਤਿ ਅਧਾਰਿਤ ਜਾਅਲੀ ਅਤੇ ਗੈਰ ਕਨੂੰਨੀ ਸਰਟੀਫਿਕੇਟ ਬਣਾਕੇ ਅਨੁਸੂਚਿਤ ਜਾਤਾਂ ਲਈ ਬਣੀਆਂ ਯੋ-ਜਨਾਵਾਂ ਦਾ ਲਾਭ ਉਠਾ ਰਹੇ ਹਨ ਜਿਸ ਸਬੰਧੀ ਵੱਖ ਵੱਖ ਸੰਗਠਨਾਂ ਵਲੋਂ ਸਰਕਾਰ ਨਾਲ ਮਿਲਕੇ ਕਾਰਵਾਈ ਸ਼ੁਰੂ ਕੀਤੀ ਗਈ ਹੈ। ਡਾਕਟਰ ਰਾਜੇਸ ਬੈਂਸ ਨੇ ਉਚੇਰੀ ਸਿੱਖਿਆ ਲਈ ਚੱਲ ਰਹੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਯੋਜਨਾ ਬਾਰੇ ਜਾਣਕਾਰੀ ਦਿਤੀ। ਮੁੱਖ ਮਹਿਮਾਨ ਇੰਸਪੈਕਟਰ ਰਾਮ ਦਿਆਲ ਨੇ ਸਿੱਖਿਆ ਦੇ ਮਹੱਤਵ ਬਾਰੇ ਦੱਸਿਆ ਅਤੇ ਆਪਦੇ ਜੀਵਨ ਦੇ ਸੰਘਰਸ਼ ਅਤੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਦਾਖਲੇ ਸਬੰਧੀ ਤਿਆਰੀ ਲਈ ਕੰਮ ਕੀਤਾ ਜਾਂਦਾ ਹੈ। ਉਨ੍ਹਾਂ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਨੌਜਵਾਨ ਸਭਾ ਦੇ ਪ੍ਰਧਾਨ ਤੇਜ਼ ਕੁਮਾਰ ਨੇ ਸਭਾ ਦੇ ਕੰਮਾਂ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਰਦਾਰੀ ਲਾਲ, ਦੋਲਤ ਰਾਮ ਆਦਿ ਨੇ ਵੀ ਅਪਦੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਡਾਕਟਰ ਹਰਪ੍ਰੀਤ ਕਹਿਲ, ਡਾਕਟਰ ਐਸ ਪੀ ਸੰਧੂ, ਡਾਕਟਰ ਸੁਰਿੰਦਰ ਕੌਰ, ਪਵਨ ਕੁਮਾਰ, ਸੁਰਿੰਦਰ ਕੁਮਾਰ, ਨਿਰਮਲਜੀਤ, ਰਾਜ ਕੁਮਾਰ, ਲਿਆਕਤ ਅਲੀ ਬੱਬੂ, ਮੋਹਿਤ ਕੁਮਾਰ, ਰਤਨ ਚੰਦ, ਤਰਸੇਮ ਲਾਲ ਆਦਿ ਹਾਜਰ ਸਨ।

**- ਕੁਲਦੀਪ ਚੰਦ**

# ਬਟਾਲਾ ਵਿਖੇ ਗਾਇਕੀ ਦੇ ਰੰਗੀਨ ਦਿਨ ਤੇ ਰੰਗਾ ਰੰਗ ਸ਼ਾਮ ਦੌਰਾਨ "ਪੰਜਾਬੀ ਸਟਾਰ ਐਵਾਰਡ" ਸਮਾਰੋਹ







**ਬਟਾਲਾ-** ਸ਼ਿਵ ਬਟਾਲਵੀ ਦਾ ਸ਼ਹਿਰ ਤੇ ਸ਼ਿਵ ਬਟਾਲਵੀ ਆਡੀਟੋਰੀਅਮ ਵਿਖੇ ਕੌਰ ਰਿਕਾਰਡਜ ਤੇ ਐਲਵਿਨ ਫ਼ਿਲਮਜ਼ ਨੇ ਲੱਖ ਦੀ ਗੱਲ ਕਰ ਦਿਖਾਈ ਜਦ ਵਿਜੇ ਮੱਟੂ ਤੇ ਸਤਨਾਮ ਉਮਰਪੁਰਾ ਦੋ ਇਨਸਾਨਾਂ ਦੀ ਜੋੜੀ ਨੇ ਵਿਸ਼ਾਲ ਗਾਇਕੀ, ਸਾਹਿਤ ਸੱਭਿਆਚਾਰ ਤੇ ਫਿਲਮ ਦਾ ਸੰਗਮ ਕਰਵਾ ਇੱਕ ਯਾਦਗਾਰ ਸਮਾਰੋਹ ਕਰਵਾ ਦਿੱਤਾ। ਫਤਿਹਜੰਗ ਸਿੰਘ ਬਾਜਵਾ ਜਿਹੇ ਭਾਜਪਾ ਨੇਤਾ ਮੁੱਖ ਮਹਿਮਾਨ ਬਣ ਆਏ ਤੇ ਸੋਹਣੀਆ ਪੱਗਾਂ ਦੇ, ਨਾਚ ਮੁਕਾਬਲੇ ਹੋਏ ਤੇ ਫਿਰ ਰੇਹਾਨਾ ਭੱਟੀ, ਬਲਵਿੰਦਰ ਜੁਗਨੂੰ,ਗੋਗੀ ਟਿਵਾਣਾ, ਬਲਵਿੰਦਰ ਜੁਗਨੂੰ ਤੇ ਕੁਲਦੀਪ ਰੰਧਾਵਾ ਦੀ ਗਾਇਕੀ ਨੇ ਸਰੋਤੇ ਸੰਤੁਸ਼ਟ ਕੀਤੇ।ਉਪਰੰਤ ਇਹਨਾਂ ਨਾਲ ਫਿਲਮੀ ਸੰਸਾਰ ਤੋਂ ਗੁਰਦੀਪ ਸੰਧੂ, ਅਸ਼ੋਕ ਮਲਹੋਤਰਾ,ਤੇਜੀ ਸੰਧੂ,ਸੀਮਾ ਸ਼ਰਮਾ, ਦਲੇਰ ਮਹਿਤਾ, ਮਨਜੀਤ ਕੌਰ,ਵਿਨੋਦ ਸ਼ਾਇਰ,ਕਲਾਸੀ ਰਾਮ ਸਾਹਿਤਕਾਰ, ਜਗਦੀਸ਼ ਬਮਰਾਹ ਪੱਤਰਕਾਰ, ਅੰਮ੍ਰਿਤ ਪਵਾਰ ਫਿਲਮ ਪੀ ਆਰ ਜੀ ਪੰਜਾਬੀ ਦੀ ਰੁਪਾਲੀ ਸੰਧੂ, ਘੁੱਲੇ ਸ਼ਾਹ, ਕਾਂਸ਼ੀ ਰਾਮ ਚੰਨ, ਮਨੋਹਰ ਧਾਰੀਵਾਲ ਨੂੰ ਸਨਮਾਨਿਤ ਕੀਤਾ ਗਿਆ। ਵਿਜੇ ਮੱਟੂ ਨੇ ਲੋਹੇ ਦੇ ਸ਼ਹਿਰ ਬਟਾਲੇ ਨੂੰ ਫ਼ਿਲਮਾਂ ਤੇ ਗਾਇਕੀ ਦੀ ਰੰਗੀਨ ਧਰਤ ਬਣਾ ਦਿੱਤਾ ਜਿੱਥੇ ਪ੍ਰੀਤ ਦੇ ਨਾਚ ਨੇ ਸਬ ਨੂੰ ਨਚਾ ਦਿੱਤਾ।

**- ਅੰਮ੍ਰਿਤ ਪਵਾਰ**

# ਆਰੀਆ ਮਾਡਲ ਹਾਈ ਸਕੂਲ, ਅੱਪਰਾ ਦੇ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ







**ਜਲੰਧਰ, ਫਿਲੌਰ, ਗੋਰਾਇਆ, ਅੱਪਰਾ (ਜੱਸੀ)-**ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਦੇ ਨਤੀਜੇ 'ਚ ਆਰੀਆ ਮਾਡਲ ਹਾਈ ਸਕੂਲ ਲੋਹਗੜ੍ਹ ਰੋਡ ਅੱਪਰਾ ਦਾ ਨਤੀਜਾ 100% ਰਿਹਾ। ਇਸ ਸੰਬੰਧੀ ਸਕੂਲ ਦੀ ਮੁੱਖ ਅਧਿਆਪਕਾ ਜਸਵਿੰਦਰ ਕੌਰ ਨੇ ਦੱਸਿਆ ਕਿ ਸਕੂਲ ਦੇ 17 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਜਿਨ੍ਹਾਂ ਵਿੱਚੋਂ ਅਦਾਹ ਸੁੰਡ ਸਪੁੱਤਰੀ ਸ਼੍ਰੀ ਰੇਸ਼ਮ ਲਾਲ ਵਾਸੀ ਅੱਪਰਾ ਨੇ 587/650 (90.3%) ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਦੀਪਕਾ ਸਪੁੱਤਰੀ ਸ਼੍ਰੀ ਸੁਖਦੇਵ ਸਿੰਘ ਵਾਸੀ ਅੱਪਰਾ ਨੇ 569/650 (87.5%) ਅੰਕ ਹਾਸਲ ਕਰਕੇ ਦੂਸਰਾ ਤੇ ਅਰਸ਼ਦੀਪ ਕੌਰ ਸਪੁੱਤਰੀ ਸ਼੍ਰੀ ਪਰਮਜੀਤ ਸਿੰਘ ਵਾਸੀ ਮੋਰੋਂ ਨੇ 567/650 (87.2%) ਅੰਕ ਹਾਸਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। 5 ਵਿਦਿਆਰਥੀਆਂ ਨੇ 80% ਤੋਂ 83.4% ਤੱਕ ਤੇ 7 ਵਿਦਿਆਰਥੀਆਂ ਨੇ 70% ਤੋਂ 79.5% ਤੱਕ ਤੇ 2 ਵਿਦਿਆਰਥੀਆਂ ਨੇ 60% ਤੋਂ ਉੱਪਰ ਅੰਕ ਹਾਸਿਲ ਕਰਕੇ ਪਹਿਲਾ ਦਰਜਾ ਪ੍ਰਾਪਤ ਕੀਤਾ ਲ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਮੋਹਣ ਲਾਲ ਮਤਫੱਲੂ ਨੇ ਬੱਚਿਆਂ, ਮਾਪਿਆਂ ਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਨਤੀਜੇ ਲਈ ਵਧਾਈਆਂ ਦਿੱਤੀਆਂ।

# ਵਿਦਿਆਰਥਣ ਨੇ ਗੁੱਸੇ 'ਚ ਫੂਕ 'ਤਾ ਸਕੂਲ, 20 ਦੀ ਮੌਤ

**ਗੁਆਨਾ-**ਇੱਥੇ ਇਕ ਵਿਦਿਆਰਥਣ ਵੱਲੋਂ ਸਕੂਲ ਦੇ ਹੋਸਟਲ ਨੂੰ ਅੱਗ ਲਗਾਉਣ ਦੀ ਖ਼ਬਰ ਸਾਹਮਣੇ ਆਈ ਹੈ। ਵਿਦਿਆਰਥਣ ਵੱਲੋਂ ਲਗਾਈ ਅੱਗ ਵਿੱਚ ਹੋਸਟਲ ਸੜਨ ਲੱਗਾ ਤੇ ਕੁਝ ਹੀ ਸਮੇਂ ਵਿੱਚ ਸੜ ਕੇ ਖੰਡਰ 'ਚ ਤਬਦੀਲ ਹੋ ਗਿਆ। ਵਿਦਿਆਰਥਣ ਦੀ ਇਸ ਹਰਕਤ ਕਾਰਨ ਨਾ ਸਿਰਫ਼ ਹੋਸਟਲ ਸੜ ਗਿਆ, ਸਗੋਂ ਸਕੂਲ ਵਿੱਚ ਪੜ੍ਹਦੇ ਬੱਚਿਆਂ ਅਤੇ ਸਟਾਫ਼ ਸਮੇਤ ਕੁਲ 20 ਨਿਰਦੋਸ਼ ਲੋਕ ਅੱਗ ਦੀ ਲਪੇਟ ਵਿੱਚ ਆ ਗਏ, ਜਿਸ ਕਾਰਨ ਉਨ੍ਹਾਂ ਦੀ ਦਰਦਨਾਕ ਮੌਤ ਹੋ ਗਈ। ਇਸ ਖੌਫਨਾਕ ਘਟਨਾ 'ਚ ਦੋਸ਼ੀ ਵਿਦਿਆਰਥਣ ਸਮੇਤ 10 ਲੋਕ ਵੀ ਬੁਰੀ ਤਰ੍ਹਾਂ ਨਾਲ ਝੁਲਸ ਗਏ ਹਨ। ਹਸਪਤਾਲ 'ਚ ਜ਼ੇਰੇ ਇਲਾਜ ਲੋਕਾਂ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਫਿਲਹਾਲ ਦੋਸ਼ੀ ਵਿਦਿਆਰਥਣ ਨੂੰ ਪੁਲਸ ਨੇ ਹਸਪਤਾਲ 'ਚੋਂ ਹੀ ਹਿਰਾਸਤ 'ਚ ਲੈ ਲਿਆ ਹੈ। ਜਿਸ ਨੇ ਵੀ ਇਹ ਗੱਲ ਸੁਣੀ, ਉਸ ਦੀ ਰੂਹ ਕੰਬ ਗਈ। ਇਸ ਤੋਂ ਪਹਿਲਾਂ ਕਿ ਤੁਸੀਂ ਲੜਕੀ ਦੇ ਪਾਗਲਪਨ ਦਾ ਅੰਦਾਜ਼ਾ ਲਗਾਓ।

**ਕੀ ਹੈ ਪੂਰਾ ਮਾਮਲਾ?**

ਡੇਲੀ ਮੇਲ 'ਚ ਛਪੀ ਖ਼ਬਰ ਮੁਤਾਬਕ



ਗੁਆਨਾ ਦੇ ਇਕ ਸਕੂਲ ਦੇ ਲੜਕੀਆਂ ਦੇ ਹੋਸਟਲ 'ਚ ਸੋਮਵਾਰ ਰਾਤ ਨੂੰ ਅੱਗ ਲੱਗ ਗਈ। ਕੁਝ ਹੀ ਪਲਾਂ ਵਿੱਚ ਅੱਗ ਨੇ ਹੋਸਟਲ ਦੇ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਭਿਆਨਕ ਅੱਗ ਦੀ ਲਪੇਟ 'ਚ ਕਈ ਵਿਦਿਆਰਥਣਾਂ ਅਤੇ ਸਟਾਫ਼ ਫਸ ਗਏ। ਤੁਰੰਤ ਫਾਇਰ ਬ੍ਰਿਗੇਡ ਦੀ ਟੀਮ ਨੂੰ ਬੁਲਾਇਆ ਗਿਆ ਪਰ ਜਦੋਂ ਤੱਕ ਟੀਮ ਅੱਗ ਬੁਝਾ ਸਕੀ, ਉਦੋਂ ਤੱਕ ਅੱਗ ਦੀ ਲਪੇਟ ਵਿੱਚ ਆ ਕੇ 20 ਲੋਕਾਂ ਦੀ ਮੌਤ ਹੋ ਚੁੱਕੀ ਸੀ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਹੋਸਟਲ ਨੂੰ ਅੱਗ ਲਾਉਣ ਵਾਲੀ ਲੜਕੀ ਵੀ ਇਸ ਘਟਨਾ 'ਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ।

**ਮੌਤਾਂ ਦਾ ਕਾਰਨ ਬਣਿਆ ਮੋਬਾਇਲ**

ਇਸ ਸਾਰੀ ਘਟਨਾ ਦੀ ਜੜ੍ਹ ਇਕ ਮੋਬਾਇਲ ਹੈ। ਲੜਕੀ ਸਕੂਲ 'ਚ ਆਪਣਾ ਮੋਬਾਇਲ ਨਾਲ ਲੈ ਕੇ ਆਈ ਸੀ। ਅਧਿਆਪਕ ਵੱਲੋਂ ਉਸ ਦਾ ਮੋਬਾਇਲ ਜ਼ਬਤ ਕਰ ਲਿਆ ਗਿਆ ਸੀ। ਇਸ ਕਾਰਨ ਵਿਦਿਆਰਥਣ ਨੂੰ ਗੁੱਸਾ ਆ ਗਿਆ, ਜਿਸ ਤੋਂ ਬਾਅਦ ਉਸ ਨੇ ਇਸ ਘਿਨਾਉਣੀ ਘਟਨਾ ਨੂੰ ਅੰਜਾਮ ਦਿੱਤਾ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਮਰਨ ਵਾਲੇ ਜ਼ਿਆਦਾਤਰ ਬੱਚਿਆਂ ਦੀ ਉਮਰ 12 ਤੋਂ 18 ਸਾਲ ਦੇ ਵਿਚਕਾਰ ਹੈ। ਜ਼ਖ਼ਮੀ ਵਿਦਿਆਰਥਣ ਦਾ ਇਲਾਜ ਚੱਲ ਰਿਹਾ ਹੈ। ਇਸ ਤੋਂ ਇਲਾਵਾ 9 ਹੋਰ ਲੋਕਾਂ ਦਾ ਇਲਾਜ ਵੀ ਚੱਲ ਰਿਹਾ ਹੈ। ਦੱਸ ਦੇਈਏ ਕਿ ਨਾਬਾਲਗ ਵਿਦਿਆਰਥਣ ਦੀ ਉਮਰ ਸਿਰਫ 14 ਸਾਲ ਹੈ।

# ਤਰਕਸ਼ੀਲਾਂ ਨੇ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਵਿਖੇ ਪੁਸਤਕ ਪ੍ਰਦਰਸ਼ਨੀ ਲਾਈ

**ਸੰਗਰੂਰ, (ਦਲਜੀਤ ਕੌਰ)-** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਹੈ। ਇਸ ਲਈ ਉਹ ਸਕੂਲਾਂ, ਕਾਲਜਾਂ, ਪਬਲਿਕ ਸਥਾਨਾਂ, ਵਿੱਦਿਅਕ ਤੇ ਸਿਹਤ ਅਦਾਰਿਆਂ ਵਿੱਚ ਜਾ ਕੇ ਵੱਖ ਵੱਖ ਢੰਗਾਂ ਨਾਲ ਯਤਨ ਜੁਟਾ ਰਹੇ ਹਨ ਤਾਂ ਕਿ ਸਾਡੇ ਨੌਜਵਾਨ, ਛੋਟੇ, ਵੱਡੇ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੇ ਚਾਨਣ ਵਿੱਚ ਆ ਸਕਣ।

ਇਹ ਚਾਨਣ ਸਰੀਰਕ, ਮਾਨਸਿਕ ਤੇ ਆਰਥਿਕ ਲੁੱਟ ਤੋਂ ਬਚਣ ਤੇ ਆਪਣੀ ਸ਼ਖ਼ਸੀਅਤ ਨਿਖ਼ਾਰਨ ਦਾ ਰਾਹ ਦਰਸਾਊ ਹੈ। ਇਸ ਸਮੇਂ ਉਨ੍ਹਾਂ ਲੋਕਾਂ ਅੰਦਰ ਵਿਗਿਆਨਕ ਸੋਚ ਦੇ ਸੰਚਾਰ ਲਈ ਕਾਰਵਾਈ ਦਾ ਰਹੀ ਪੰਜਵੀਂ ਚੇਤਨਾ ਪਰਖ ਪ੍ਰੀਖਿਆ ਲਈ ਵਿਸਥਾਰਤ ਜਾਣਕਾਰੀ ਦਿੱਤੀ ਤੇ ਇਸ ਸੰਬੰਧੀ ਰਜਿਸਟ੍ਰੇਸ਼ਨ ਕਰਵਾਉਣ ਦੀ ਅਪੀਲ ਕੀਤੀ। ਇਸ ਨੂੰ ਵਿਦਿਆਰਥੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਸਕੂਲ ਮੁਖੀ ਪ੍ਰਿੰਸੀਪਲ ਜੋਗਾ ਸਿੰਘ ਤੇ ਅਧਿਆਪਕ ਸਾਹਿਬਾਨ ਨੇ ਵੀ ਇਸ ਜਾਗਰੂਕਤਾ ਵਾਲੇ ਪ੍ਰੋਗਰਾਮ ਵਿੱਚ ਪੂਰਾ ਸਹਿਯੋਗ ਦਿੱਤਾ।

ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ, ਸੀਤਾ ਰਾਮ ਤੇ ਚਰਨ ਕਮਲ ਸਿੰਘ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅੰਧਵਿਸ਼ਵਾਸ਼ਾਂ, ਵਹਿਮਾਂ-ਭਰਮਾਂ, ਲਾਈਲਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੌਸ਼ਨੀ ਵਿੱਚ ਆਉਣ ਦਾ ਗੁਣਮਈ ਸੁਨੇਹਾ ਦਿੱਤਾ। ਬਹੁਤ ਸਾਰੇ ਵਿਦਿਆਰਥੀਆਂ ਨੇ ਮੌਕੇ ਤੇ ਰਜਿਸਟ੍ਰੇਸਨ ਕਾਰਵਾਈ। ਇਸ ਉਪਰੰਤ ਲਗਾਈ ਪੁਸਤਕ ਪ੍ਰਦਰਸ਼ਨੀ ਮੌਕੇ ਵਿਦਿਆਰਥੀਆਂ ਨੂੰ ਚੇਤਨਾ ਸਿਲੇਬਸ ਪੁਸਤਕਾਂ ਤੇ ਹੋਰ ਵਿਗਿਆਨਕ ਅਗਾਂਹਵਧੂ ਵਿਚਾਰਾਂ ਵਾਲੀਆਂ ਪੁਸਤਕਾਂ ਤਕਸੀਮ ਕੀਤੀਆਂ। ਵਿਦਿਆਰਥੀਆਂ ਨੂੰ ਦੱਸਿਆ ਗਿਆ ਇਹ ਪੁਸਤਕਾਂ ਸਾਡੇ ਨੇੜਲੇ ਦੋਸਤ ਹੁੰਦੇ ਹਨ, ਜਿਨ੍ਹਾਂ ਦੇ ਸਾਥ ਨਾਲ ਸਾਨੂੰ ਅਗਾਂਹ ਵਧਣ ਦੇ ਬਹੁਤ ਸਾਰੇ ਨੁਕਤੇ ਮਿਲਦੇ ਹਨ।

ਪ੍ਰੀਖਿਆ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪ੍ਰੀਖਿਆ ਸੰਸਾਰ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਨੂੰ ਸਮੱਰਪਿਤ ਹੈ। ਇਸ ਪ੍ਰੀਖਿਆ ਵਿੱਚ 6ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਇਸ ਵਾਰੀ ਕਲਾਸ ਅਨੁਸਾਰ ਮੈਰਿਟ ਬਣਾਈ ਜਾਵੇਗੀ।

ਭਾਗ ਲੈਣ ਵਾਲੇ ਹਰ ਵਿਦਿਆਰਥੀ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਸੂਬਾ ਪੱਧਰ ਤੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਤੇ ਪੜ੍ਹਨ ਸਮੱਗਰੀ ਨਾਲ, ਇਕਾਈ ਤੇ ਜ਼ੋਨ ਪੱਧਰ ਤੇ ਜੇਤੂ ਵਿਦਿਆਰਥੀਆਂ ਨੂੰ ਵਧੀਆ ਪੜ੍ਹਨ ਸਮੱਗਰੀ ਨਾਲ ਸਨਮਾਨਿਤ ਕੀਤਾ ਜਾਵੇਗਾ।

ਪ੍ਰਿੰਸੀਪਲ ਜੋਗਾ ਸਿੰਘ ਜੀ ਨੇ ਤਰਕਸ਼ੀਲ ਟੀਮ ਨੂੰ ਜੀ ਆਇਆਂ ਕਿਹਾ ਤੇ ਵਿਦਿਆਰਥੀਆਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੱਦਾ ਦਿੰਦਿਆ, ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ ਪੜ੍ਹਨ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ। ਪ੍ਰੀਖਿਆ ਵਿੱਚ ਪੂਰਾ ਪੂਰਾ ਸਹਿਯੋਗ ਦੇਣ ਦਾ ਵਿਸ਼ਵਾਸ ਦਵਾਇਆ। ਪੁਸਤਕ ਪ੍ਰਦਰਸ਼ਨੀ ਆਪਣਾ ਸੱਦਾ ਦੇਣ ਵਿਚ ਸਫ਼ਲ ਰਹੀ।

### ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ

# ਸਬ-ਜੂਨੀਅਰ ਵਰਗ ਵਿਚ ਤੇਹਿੰਗ ਅਕੈਡਮੀ, ਜਰਖੜ ਅਕੈਡਮੀ, ਨਨਕਾਣਾ ਸਾਹਿਬ ਰਾਮਪੁਰ ਛੰਨਾਂ, ਚਚਰਾੜੀ ਸੈਂਟਰ ਸੈਮੀ ਫਾਈਨਲ ਵਿੱਚ ਪੁੱਜੇ

**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਟਸ ਟਰੱਸਟ ਜਰਖੜ ਵੱਲੋਂ ਕਰਵਾਏ ਜਾ ਰਹੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ 8ਵੇਂ ਦਿਨ ਸਬ-ਜੂਨੀਅਰ ਵਰਗ ਦੇ ਬੱਚਿਆਂ ਦੇ ਖੇਡੇ ਗਏ ਕੁਆਂਟਲ ਫਾਇਨਲ ਮੁਕਾਬਲਿਆਂ ਵਿੱਚ ਏਕਨੂਰ ਅਕੈਡਮੀ ਤਹਿੰਗ, ਜਰਖੜ ਅਕੈਡਮੀ, ਨਨਕਾਣਾ ਸਾਹਿਬ ਪਬਲਿਕ ਰਾਮਪੁਰ ਛੰਨਾਂ, ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਸੇਮੀ ਫ਼ਾਈਨਲ ਵਿਚ ਆਪਣੀ ਜਗਾ ਪੱਕੀ




ਕੀਤੀ। ਫਲੱਡ ਲਾਈਟਾਂ ਦੀ ਰੌਸ਼ਨੀ ਵਿੱਚ ਚੱਲ ਰਹੇ-ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਸਬ ਜੂਨੀਅਰ ਵਰਗ ਦੇ ਕੁਆਰਟਰ ਫਾਈਨਲ ਮੈਚਾਂ ਦੇ ਪਹਿਲੇ ਮੁਕਾਬਲੇ ਵਿੱਚ ਏਕ ਨੂਰ ਅਕੈਡਮੀ ਤੇਹਿੰਗ ਨੇ ਘਵੱਦੀ ਸਕੂਲ ਨੂੰ 3-0 ਨਾਲ ਹਰਾਇਆ। ਏਕ ਨੂਰ ਅਕੈਡਮੀ ਦਾ ਮੋਹਿਤ ਕੁਮਾਰ ਨੇ ਮੈਨ ਆਫ਼ ਦਿ ਮੈਚ ਦਾ ਖਿਤਾਬ ਜਿੱਤਿਆ।

ਦੂਜੇ ਮੈਚ ਵਿੱਚ ਜਰਖੜ ਅਕੈਡਮੀ ਨੇ ਕਿਲ੍ਹਾ ਰਾਇਪੁਰ ਸਕੂਲ ਨੂੰ 4-2 ਗੋਲਾਂ ਨਾਲ ਮਾਤ ਦਿੱਤੀ। ਜਰਖੜ ਅਕੈਡਮੀ ਦਾ ਆਂਕੁਸ ਨੀਲ ਕੰਠ ਸਰਵੋਤਮ ਖਿਡਾਰੀ ਬਣਿਆ। ਤੀਜੇ ਮੈਚ ਵਿੱਚ ਗੁਰੂ ਤੇਗ਼ ਬਹਾਦਰ ਅਕੈਡਮੀ ਚਚਰਾੜੀ ਨੇ ਸੰਤ ਕ੍ਰਿਪਾਲ ਦਾਸ ਅਕੈਡਮੀ ਹੇਰਾਂ ਨੂੰ 4-2 ਗੋਲਾਂ ਨਾਲ ਹਰਾਇਆ। ਚਚਰਾੜੀ ਅਕੈਡਮੀ ਦਾ ਏਕਮਜੋਤ ਸਿੰਘ ਮੈਨ ਆਫ ਦੀ ਮੈਚ ਬਣਿਆ।

ਚੋਥਾ ਮੈਚ ਜੋ ਨਨਕਾਣਾ ਸਾਹਿਬ ਅਕੈਡਮੀ ਰਾਮਪੁਰ ਛੰਨਾਂ ਅਤੇ ਹਾਕੀ ਸੈਂਟਰ ਰਾਮਪੁਰ ਦੋਰਾਹਾ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਨਨਕਾਣਾ ਸਾਹਿਬ ਵੱਡੇ ਸੰਘਰਸ਼ ਬਾਅਦ 2-1 ਨਾਲ ਜੇਤੂ ਰਹੀ । ਰਾਜਵੀਰ ਸਿੰਘ ਮੈਨ ਆਫ ਦੀ ਮੈਚ ਬਣਿਆ।

ਅੱਜ ਦੇ ਮੈਚਾਂ ਦੌਰਾਨ ਹਾਕੀ ਓਲੰਪੀਅਨ ਹਰਪ੍ਰੀਤ ਸਿੰਘ ਮੰਡੇਰ ਐਸ ਪੀ ਪੰਜਾਬ ਪੁਲਿਸ, ਜੱਸੀ ਸੋਹੀਆ




ਚੈਅਰਮੈਨ ਯੋਜਨਾ ਬੋਰਡ ਪਟਿਆਲਾ, ਪ੍ਰਿੰਸੀਪਲ ਹਰਦੇਵ ਸਿੰਘ ਜਰਖੜ ਸਕੂਲ, ਬਾਬਾ ਬਲਵਿੰਦਰ ਸਿੰਘ ਆਲਮਗੀਰ ਨੇ ਮੁੱਖ ਮਹਿਮਾਨ ਵਜੋਂ ਜਿੱਥੇ ਵੱਖ-ਵੱਖ ਟੀਮਾਂ ਦੇ ਨਾਲ ਜਾਣ-ਪਹਿਚਾਣ ਕੀਤੀ ਓਲੰਪੀਅਨ ਹਰਪ੍ਰੀਤ ਸਿੰਘ ਦੇ ਬੱਚਿਆਂ ਨਾਲ ਆਪਣੀ ਜ਼ਿੰਦਗੀ ਦੇ ਖੇਡ ਤਜ਼ਰਬਿਆਂ ਨੂੰ ਸਾਂਝਾ ਕਰਦੇ ਆ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਅਤੇ ਚੇਅਰਮੈਨ ਜੱਸੀ ਸੋਹੀਆ ਨੇ ਵੀ ਆਪ ਸਰਕਾਰ ਦੀਆਂ ਅਗਾਂਹ ਵਧੂ ਖੇਡ ਨੀਤੀਆਂ ਬਾਰੇ ਚਾਨਣਾ ਪਾਇਆ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਸਰਪੰਚ ਬਲਜਿੰਦਰ ਸਿੰਘ ਜਰਖੜ ,ਪਰਮਜੀਤ ਸਿੰਘ ਨੀਟੂ, ਸੰਦੀਪ ਸਿੰਘ ਪੰਧੇਰ, ਸ਼ਿੰਗਾਰਾ ਸਿੰਘ ਜਰਖੜ, ਜਤਿੰਦਰ ਸਿੰਘ ਜਰਖੜ ਤਜਿੰਦਰ ਸਿੰਘ ਜਰਖੜ, ਰਜਿੰਦਰ ਸਿੰਘ ਰਾਜੂ ਜਰਖੜ, ਬਾਬਾ ਬਲਵਿੰਦਰ ਸਿੰਘ ਆਲਮਗੀਰ, ਭਾਈ ਸੁਖਵਿੰਦਰ ਸਿੰਘ ਲੁਧਿਆਣਾ, ਡਾਕਟਰ ਸੁੱਖਨੇਨ ਸਿੰਘ, ਬੂਟਾ ਸਿੰਘ ਸਿੱਧੂ ਦੋਰਾਹਾ, ਹਰਮੇਲ ਸਿੰਘ ਮੰਡੋਰ, ਕੁਲਦੀਪ ਸਿੰਘ ਘਵੱਦੀ, ਸਾਹਿਬ ਜੀਤ ਸਿੰਘ ਜਰਖੜ, ਗੁਰਵਿੰਦਰ ਸਿੰਘ ਗਰੇਵਾਲ, ਲੈਕਚਰਾਰ ਸੁਖਵਿੰਦਰ ਸਿੰਘ, ਮੈਡਮ ਪਰਮਜੀਤ ਕੌਰ ਅਤੇ ਸਕੂਲ ਦਾ ਸਮੂਹ ਸਟਾਫ਼ ਤੇ ਹੋਰ ਇਲਾਕੇ ਦੇ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਫਾਈਨਲ ਮੁਕਾਬਲੇ ਦੇਰ ਰਾਤ 28 ਮਈ ਨੂੰ ਖੇਡੇ ਜਾਣਗੇ ।

**ਜਗਰੂਪ ਸਿੰਘ ਜਰਖੜ**
**91-98143-00722**

# ਪੰਜਾਬ ਸਰਕਾਰ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਧਿਆਨ ਵਿੱਚ ਰੱਖ ਕੇ ਕਰਵਾ ਰਹੀ ਹੈ ਵਿਕਾਸ ਕਾਰਜ- ਸ੍ਰੀ ਲਾਲ ਚੰਦ ਕਟਾਰੂਚੱਕ







**ਪਠਾਨਕੋਟ, 27 ਮਈ (ਰਾਜਿੰਦਰ ਸਿੰਘ ਰਾਜਨ)** ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਮੁੱਢਲੀਆਂ ਜਰੂਰਤਾਂ ਨੂੰ ਲੈ ਕੇ ਵਿਕਾਸ ਕਾਰਜ ਕਰ ਰਹੀ ਹੈ, ਅਪਣੇ ਕਾਰਜ ਕਾਲ ਦੌਰਾਨ ਸਰਕਾਰ ਵੱਲੋਂ ਉਹ ਵਿਕਾਸ ਕਾਰਜ ਕਰਵਾਏ ਗਏ ਹਨ ਜੋ ਕਿ ਲੋਕਾਂ ਲਈ ਇੱਕ ਖੁਆਬ ਹੀ ਸਨ, ਪਹਿਲਾ ਪਿੰਡਾਂ ਅੰਦਰ ਆਮ ਆਦਮੀ ਕਲੀਨਿਕ ਖੋਲੇ ਗਏ ਜਿਸ ਤੋਂ ਲੋਕ ਸਿਹਤ ਸੁਵਿਧਾਵਾਂ ਲੈ ਕੇ ਅਪਣਾ ਫ੍ਰੀ ਵਿੱਚ ਇਲਾਜ ਕਰਵਾ ਰਹੇ ਹਨ ਅਤੇ ਇਸ ਦੇ ਚਲਦਿਆਂ ਹੀ ਅੱਜ ਪਿੰਡ ਫਰੀਦਾਨਗਰ, ਬਲਸੂਆ ਅਤੇ ਪਿੰਡ ਸਾਦੀਪੁਰ ਵਿਖੇ ਕਰੀਬ 45 ਲੱਖ ਰੁਪਏ ਖਰਚ ਕਰਕੇ ਡਿਸਪੈਂਸਰੀਆਂ ਦਾ ਨਿਰਮਾਣ ਕਰਵਾਇਆ ਗਿਆ ਹੈ ਜਿਸ ਤੋਂ ਲੋਕਾਂ ਨੂੰ ਸਿਹਤ ਸੁਵਿਧਾਵਾਂ ਮਿਲਣਗੀਆਂ । ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਵੱਲੋਂ ਜਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਫਰੀਦਾਨਗਰ, ਬਲਸੂਆਂ ਅਤੇ ਸਾਦੀਪੁਰ ਵਿਖੇ ਡਿਸਪੈਂਸਰੀਆਂ ਦਾ ਉਦਘਾਟਣ ਕਰਨ ਦੌਰਾਨ ਕੀਤਾ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਦੀਆਂ ਬੁਨਿਆਦੀ ਸੁਵਿਧਾਵਾਂ ਨੂੰ ਧਿਆਨ ਵਿੱਚ ਰੱਖ ਕੇ ਸਾਰੇ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਵਿਧਾਨ ਸਭਾ ਹਲਕਾ ਦੇ ਪਿੰਡ ਫਰੀਦਾਨਗਰ, ਬਲਸੂਆ ਅਤੇ ਸਾਦੀਪੁਰ ਵਿਖੇ ਲੋਕਾਂ ਨੂੰ ਵਧੀਆ ਸਿਹਤ ਸੁਵਿਧਾਵਾਂ ਦੇਣ ਦੇ ਉਦੇਸ ਨਾਲ ਪ੍ਰਤੀ ਡਿਸਪੈਂਸਰੀ ਤੇ 15 ਲੱਖ ਰੁਪਏ ਖਰਚ ਕੀਤੇ ਗਏ ਹਨ ਇਸੇ ਤਰ੍ਹਾਂ ਤਿੰਨ ਡਿਸਪੈਂਸਰੀਆਂ ਤੇ ਕਰੀਬ 45 ਲੱਖ ਰੁਪਏ ਖਰਚ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕੇਵਲ ਉਨ੍ਹਾਂ ਵੱਲੋਂ ਜਿਲ੍ਹਾ ਪਠਾਨਕੋਟ ਅੰਦਰ ਕਰੀਬ 3 ਕਰੋੜ ਰੁਪਏ ਵਿਕਾਸ ਕਾਰਜਾਂ ਤੇ ਖਰਚ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਿਛਲੇ 14 ਮਹੀਨਿਆਂ ਦੋਰਾਨ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ ਕਿ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸਾਨੀ ਨਾ ਹੋਵੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪੰਜਾਬ ਸਰਕਾਰ ਨੇ ਬਿਜਲੀ ਯੂਨਿਟ ਫ੍ਰੀ ਦਿੱਤੇ ਜਾਣ ਦੀ ਗੱਲ ਕੀਤੀ ਸੀ ਅਤੇ ਇਸ ਵਾਅਦੇ ਦੇ ਨਾਲ ਸਰਕਾਰ ਨੇ ਫ੍ਰੀ ਯੂਨਿਟ ਦੀ ਸੁਵਿਧਾ ਲੋਕਾਂ ਨੂੰ ਬਿਨ੍ਹਾਂ ਕਿਸੇ ਮਤਭੇਦ ਦੇ ਹਰੇਕ ਵਰਗ ਦੇ ਲੋਕਾਂ ਨੂੰ ਇਹ ਸੁਵਿਧਾ ਦਿੱਤੀ ਗਈ, ਇਸ ਸਮੇਂ 600 ਤੋਂ ਜਿਆਦਾ ਆਮ ਆਦਮੀ ਕਲੀਨਿਕ ਪੂਰੇ ਪੰਜਾਬ ਅੰਦਰ ਕੰਮ ਕਰ ਰਹੇ ਹਨ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਹੀ 8 ਆਮ ਆਦਮੀ ਕਲੀਨਿਕ ਕੰਮ ਕਰ ਰਹੇ ਹਨ ਅਤੇ ਲੱਖਾਂ ਲੋਕ ਫ੍ਰੀ ਇਲਾਜ ਕਰਵਾ ਕੇ ਸਿਹਤ ਸੁਵਿਧਾਵਾਂ ਆਮ ਆਦਮੀ ਕਲੀਨਿਕਾਂ ਪ੍ਰਾਪਤ ਕਰ ਰਹੇ ਹਨ, ਜਨਤਾ ਨਾਲ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਂਣ ਤੋਂ ਪਹਿਲਾ ਕਿਹਾ ਸੀ ਕਿ ਨੋਜਵਾਨਾਂ ਨੂੰ ਰੁਜਗਾਰ ਦਿੱਤਾ ਜਾਵੈਗਾ ਅਤੇ ਹੁਣ ਤੱਕ ਸਰਕਾਰ ਵੱਲੋਂ ਕਰੀਬ 29 ਹਜਾਰ ਤੋਂ ਜਿਆਦਾ ਬੇਰੋਜਗਾਰ ਨੋਜਵਾਨਾਂ ਨੂੰ ਸਰਕਾਰੀ ਨੋਕਰੀਆਂ ਦਿੱਤੀਆਂ ਹਨ ਇੱਕ ਹਜਾਰ ਤੋਂ ਜਿਆਦਾ ਪਟਵਾਰੀਆਂ ਦੀ ਭਰਤੀ ਕੀਤੀ ਗਈ ਹੈ, ਪੁਰਾਣੀ ਪੈਨਸਨ ਸਕੀਮ ਜੋ ਕਿ 2004 ਤੋਂ ਬੰਦ ਕਰ ਦਿੱਤੀ ਗਈ ਸੀ ਅਤੇ ਸਰਕਾਰੀ ਕਰਮਚਾਰੀਆਂ ਨੂੰ ਪੈਨਸਨ ਨਹੀਂ ਦਿੱਤੀ ਜਾਂਦੀ ਸੀ। ਹੁਣ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਦੀਵਾਲੀ ਦੇ ਮੋਕੇ ਤੇ ਸਰਕਾਰੀ ਨੋਕਰੀਆਂ ਕਰ ਰਹੇ ਅਧਿਕਾਰੀਆਂ ਕਰਮਚਾਰੀਆਂ ਨੂੰ ਪੁਰਾਣੀ ਪੈਨਸਨ ਸਕੀਮ ਦੇ ਕੇ ਇੱਕ ਬੇਸਕੀਮਤੀ ਤੋਹਫਾ ਦਿੱਤਾ ਜਿਸ ਨੂੰ ਲੈ ਕੇ ਕਰਮਚਾਰੀਆਂ ਵਿੱਚ ਵੀ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵਧੀਆ ਕਵਾਲਿਟੀ ਦੀ ਸਿੱਖਿਆ ਦੇਣ ਦੇ ਉਦੇਸ ਨਾਲ ਸਕੂਲਾਂ ਦੀ ਨੁਹਾਰ ਬਦਲੀ ਹੈ ਅਤੇ ਹੁਣ ਸਰਕਾਰੀ ਸਕੂਲਾਂ ਦੇ ਬੱਚਿਆਂ ਵੱਲੋਂ ਵੀ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਹਨ ਅੱਠਵੀਂ ਅਤੇ ਦਸਵੀਂ ਦੇ ਨਤੀਜਿਆਂ ਵਿੱਚ ਬੱਚਿਆਂ ਤੇ ਵਧੀਆ ਅੰਕ ਪ੍ਰਾਪਤ ਕਰਕੇ ਜਿਲ੍ਹਾ ਪਠਾਨਕੋਟ ਦਾ ਨਾਮ ਰੋਸਨ ਕੀਤਾ ਹੈ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਵਿਜੈ ਕਟਾਰੂਚੱਕ ਜਿਲ੍ਹਾ ਮੀਡਿਆ ਕੋਆਰਡੀਨੇਟਰ ਪਠਾਨਕੋਟ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਕੁਲਦੀਪ ਸਿੰਘ ਬਲਾਕ ਪ੍ਰਧਾਨ, ਸਰਪੰਚ ਸੋਹਣ ਲਾਲ ਭਟੋਆਂ, ਖੁਸਬੀਰ ਕਾਟਲ ਪਾਰਟੀ ਕਾਰਜਕਰਤਾ, ਨਰੇਸ ਸੈਣੀ ਬੀ.ਸੀ. ਵਿੰਗ ਜਿਲ੍ਹਾ ਪ੍ਰਧਾਨ, ਸੋਰਵ ਬਹਿਲ, ਡੈਨੀਅਲ, ਮਿੱਤੂ, ਸਰਪੰਚ ਫਰੀਦਾਨਗਰ ਬਲਜੀਤ ਕੌਰ, ਸਰਪੰਚ ਬਲਸੂਆ ਯਸਪਾਲ, ਸਰਪੰਚ ਸਾਦੀਪੁਰ ਸ੍ਰੀਮਤੀ ਪ੍ਰਭਾ ਦੇਵੀ, ਮਨਜਿੰਦਰ ਸਿੰਘ, ਨੀਰੂ ਬਾਲਾ ਬੀ.ਡੀ.ਪੀ.ਓ. ਘਰੋਟਾ, ਪਾਲੂ, ਮਾਸਟਰ ਬਿੱਲੂ, ਪ੍ਰਿਤਪਾਲ ਸਿੰਘ, ਡਾਕਟਰ ਤਾਨਵੀ ਸਰਮਾ, ਹਰਪ੍ਰੀਤ ਕੌਰ ਐਸ.ਐਚ.ਓ. ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ।

****

# ਕੈਬਨਿਟ ਮੰਤਰੀ ਜਿੰਪਾ ਨੇ ਬਰਸਾਤਾਂ ਦੇ ਮੱਦੇਨਜ਼ਰ ਸ਼ਹਿਰ ’ਚ ਨਾਲਿਆਂ ਦੀ ਸਫ਼ਾਈ ਕਰਵਾਈ ਸ਼ੁਰੂ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਬਰਸਾਤਾਂ ਦੇ ਮੱਦੇਨਜ਼ਰ ਅੱਜ ਸ਼ਹਿਰ ਦੇ ਨਾਲਿਆਂ ਦੀ ਸਫਾਈ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣਾ ਸਾਡੀ ਮੁੱਖ ਤਰਜੀਹ ਹੈ ਅਤੇ ਨਗਰ ਨਿਗਮ ਹੁਸ਼ਿਆਰਪੁਰ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਅ ਰਿਹਾ ਹੈ। ਉਨ੍ਹਾਂ ਅੱਜ ਬਹਾਦਰਪੁਰ ਸੀ.ਆਈ.ਏ ਸਟਾਫ਼ ਦੇ ਪਿਛਲੇ ਪਾਸੇ ਅਤੇ ਸੰਤ ਨਗਰ ਵਿੱਚੋਂ ਲੰਘਦੇ ਨਾਲਿਆਂ ਦੀ ਹੱਥੀਂ ਸਫ਼ਾਈ ਕਰਵਾਈ। ਇਸ ਸਫ਼ਾਈ ਮੁਹਿੰਮ ਵਿਚ ਉਨ੍ਹਾਂ ਖੁਦ ਵੀ ਹਿੱਸਾ ਲਿਆ। ਉਨ੍ਹਾਂ ਕਿਹਾ ਕਿ 7 ਲੱਖ ਰੁਪਏ ਦੀ ਲਾਗਤ ਨਾਲ ਸ਼ਹਿਰ ਦੇ 10 ਨਾਲਿਆਂ ਦੀ ਸਫ਼ਾਈ ਕਰਵਾਈ ਜਾ ਰਹੀ ਹੈ। ਇਸ ਦੌਰਾਨ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਸਹਾਇਕ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ ਵੀ ਹਾਜ਼ਰ ਸਨ।

ਕੈਬਨਿਟ ਮੰਤਰੀ ਨੇ ਇਸ ਦੌਰਾਨ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਰਸਾਤਾਂ ਤੋਂ ਪਹਿਲਾਂ ਸ਼ਹਿਰ ਦੇ ਨਾਲਿਆਂ ਦੀ ਸਫ਼ਾਈ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ, ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਮਿੱਥੇ ਸਮੇਂ ’ਤੇ ਹੀ ਹਰ ਕੰਮ ਪੂਰਾ ਹੋਵੇ। ਉਨ੍ਹਾਂ ਅਧਿਕਾਰੀਆਂ ਨੂੰ ਸ਼ਹਿਰ ਦੀ ਸਫ਼ਾਈ ਵਿਵਸਥਾ ਨੂੰ ਬਿਹਤਰ ਬਣਾਉਣ ਦੇ



ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਹਰ ਜ਼ਰੂਰੀ ਸਹਾਇਤਾ ਮੁਹੱਈਆ ਕਰਾਵਈ ਜਾਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਹੈ ਕਿ ਲੋਕਾਂ ਤੱਕ ਹਰ ਸੁਵਿਧਾ ਬੇਹਤਰ ਢੰਗ ਨਾਲ ਪਹੁੰਚੇ, ਇਸ ਲਈ ਨਾਲਿਆਂ ਦੀ ਸਫਾਈ ਦੇ ਦੌਰਾਨ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਨੂੰ ਯਕੀਨੀ ਬਣਾਇਆ ਗਿਆ ਹੈ, ਤਾਂ ਜੋ ਸਫ਼ਾਈ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਾਲਿਆਂ ਦੀ ਸਫ਼ਾਈ ਕਰਦੇ ਸਮੇਂ ਅਧਿਕਾਰੀ ਰੋਜ਼ਾਨਾ ਨਿਰੀਖਣ ਕਰਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕੰਮ ਦੌਰਾਨ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਪੂਰਾ ਖਾਕਾ ਤਿਆਰ ਕਰ ਲਿਆ ਗਿਆ ਹੈ ਅਤੇ ਵਿਕਾਸ ਕਾਰਜਾਂ ਵਿੱਚ ਕੋਈ ਢਿੱਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੋਰ ਵਿਕਾਸ ਪ੍ਰਾਜੈਕਟ ਵੀ ਸਮੇਂ ਸਿਰ ਸ਼ੁਰੂ ਕਰ ਦਿੱਤੇ ਜਾਣਗੇ।

ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦੇ ਬਹੁਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਬੁਨਿਆਦੀ ਢਾਂਚੇ ਤੋਂ ਲੈ ਕੇ ਸ਼ਹਿਰ ਦੇ ਸੁੰਦਰੀਕਰਨ ਤੱਕ ਵਿਕਾਸ ਕਾਰਜ ਨਿਰੰਤਰ ਜਾਰੀ ਰਹਿਣਗੇ। ਇਸ ਮੌਕੇ ਵਿੱਤ ਕਮੇਟੀ ਦੇ ਚੇਅਰਮੈਨ ਬਲਵਿੰਦਰ ਬਿੰਦੀ, ਕੌਂਸਲਰ ਸੁਰਿੰਦਰ ਪਾਲ ਭੱਟੀ, ਮੋਨਿਕਾ ਕਤਨਾ, ਪ੍ਰਦੀਪ ਬਿੱਟੂ, ਮੁਖੀ ਰਾਮ, ਐਡਵੋਕੇਟ ਅਮਰਜੋਤ, ਚੰਦਨ ਲੱਕੀ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਸੰਤ ਰਾਮਾਨੰਦ ਜੀ ਦੇ 14ਵੇਂ ਸ਼ਹੀਦੀ ਦਿਨ ਤੇ ਡਾ: ਅੰਬੇਡਕਰ ਮਾਡਲ ਸਕੂਲ ਦੇ ਬੱਚਿਆਂ ਨੂੰ ਜਰੂਰੀ ਸਮਾਨ ਵੰਡਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਾਹਿਬ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਵਲੋਂ ਡਾਕਟਰ ਅੰਬੇਡਕਰ ਭਵਨ ਨਵਾਂਸ਼ਹਿਰ ਵਿਖੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੇ 14ਵੇਂ ਸ਼ਹੀਦੀ ਦਿਹਾੜਾ ਮਨਾਇਆ ਗਿਆ ਤੇ ਡਾਕਟਰ ਅੰਬੇਡਕਰ ਮਾਡਲ ਸਕੂਲ ਦੇ 50 ਬੱਚਿਆਂ ਨੂੰ ਸਕੂਲ ਦਾ ਬੈਗ ਤੇ ਸ਼ਟੇਸ਼ਨਰੀ ਦਾ ਸਮਾਨ ਵੰਡਿਆ ਗਿਆ। ਇਸ ਮੌਕੇ ਤੇ ਮੁੱਖ ਮਹਿਮਾਨ ਅਮਿਤ ਸੂਦ ਅਤੇ ਪੰਜਾਬ ਨੈਸ਼ਨਲ ਬੈਂਕ ਦੇ ਜਿਲ੍ਹਾ ਅਫ਼ਸਰ ਰਮੇਸ਼ ਸਹਿਜਲ ਨੇ ਸ਼ਹੀਦ ਸੰਤ ਰਾਮਾਨੰਦ ਜੀ ਦੇ ਫੋਟੋ ਤੇ ਪਹਿਲਾ ਹਾਰ ਪਹਿਨਾਏ ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਹਨਾਂ ਕਿਹਾ ਕਿ ਸੰਤ, ਮਹਾਂਪੁਰਸ਼ ਦੁਨੀਆਵੀ ਲੋਕਾਂ ਨੂੰ ਨਸ਼ਿਆਂ ਤੇ ਮਾੜੀਆਂ ਆਦਤਾਂ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾ ਕੇ ਗੁਰੂਆਂ ਦੀਆਂ ਸਿੱਖਿਆਵਾਂ ਨਾਲ ਜੋੜਦੇ ਹਨ। ਉਹਨਾਂ ਸੁਸਾਇਟੀ ਵਾਰੇ ਬੋਲਦਿਆਂ ਕਿਹਾ ਕਿ ਗਰੀਬ ਲੋਕਾਂ ਦੀ ਸੇਵਾ ਕਰਨਾ ਵੀ ਕਿਸੇ ਵਿਰਲੇ ਦੇ ਹੀ ਹੱਸੇ ਆਉਂਦਾ ਹੈ, ਤੇ ਉਹ ਵਿਰਲੇ ਲੋਕ ਸੁਸਾਇਟੀਆਂ ਦੇ ਰੂਪ ਵਿੱਚ ਇਕੱਠੇ ਹੋ ਕੇ ਆਪਣਾ ਚਾਨਣ ਵੰਡ ਰਹੇ ਹਨ। ਸੁਸਾਇਟੀ ਦੇ ਪ੍ਰਧਾਨ ਨਿੱਕੂ ਰਾਮ ਜਨਾਗਲ ਨੇ ਕਿਹਾ ਕਿ ਸਾਡੀ ਕੌਮ ਦੇ ਮਹਾਨ ਸ਼ਹੀਦ ਸੰਤ ਰਾਮਾਨੰਦ ਜੀ ਨੇ ਆਪਣੀ ਸਾਰੀ ਜਿੰਦਗੀ ਗੁਰੂ ਰਵਿਦਾਸ ਜੀ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਉਣ ਲਈ ਲਗਾ ਦਿੱਤੀ। ਉਹਨਾਂ ਆਪਣੀ ਜਿੰਦਗੀ 'ਚ ਸਿੱਖਿਆ ਨੂੰ ਤਵੱਜੋਂ ਦਿੰਦਿਆਂ ਸਕੂਲ, ਕਾਲਜਾਂ ਦਾ ਤੇ ਗਰੀਬ ਲੋਕਾਂ ਨੂੰ ਸਸਤੀ ਸਿਹਤ ਸਹੂਲਤ ਦੇਣ ਲਈ ਹਸਪਤਾਲ ਦਾ ਵੀ ਨਿਰਮਾਣ ਕਰਵਾਇਆ। ਗਰੀਬ, ਮਜਦੂਰ ਪਰਿਵਾਰਾਂ ਦੇ ਬੱਚਿਆਂ ਦੀ ਵੀ ਬਹੁਤ ਜਿਆਦਾ ਮੱਦਦ ਕੀਤੀ।



ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਕਾਂਸ਼ੀ ਬਨਾਰਸ ਵਿਖੇ ਵੀ ਗੁਰੂਘਰ ਦਾ ਨਿਰਮਾਣ ਕਰਵਾਇਆ। ਇਸ ਦੇ ਨਾਲ ਹੀ ਉਹਨਾਂ ਵਿਦੇਸ਼ਾਂ ਵਿੱਚ ਵੀ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਪੂਰੇ ਉਤਸ਼ਾਹ ਨਾਲ ਪ੍ਰਚਾਰ ਕੀਤਾ। ਅਖੀਰ ਵਿੱਚ ਉਹਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੀ ਕਮਾਈ ਦਾ ਦਸਵੰਧ ਗਰੀਬ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਜਰੂਰ ਕਰਨ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸੰਦੀਪ ਸਿੰਘ ਕਲੇਰ, ਮਨਜੀਤ ਰਾਜੂ, ਪ੍ਰੇਮ ਮਲਹੋਤਰਾ, ਸ਼ਤੀਸ ਕੁਮਾਰ, ਦਿਲਬਾਗ ਸਿੰਘ, ਮਨੋਹਰ ਲਾਲ, ਗੋਪਾਲ ਕ੍ਰਿਸ਼ਨ, ਅਸ਼ੋਕ ਕੁਮਾਰ, ਜਰਨੈਲ ਸਿੰਘ ਕਲੇਰ, ਰਾਮ ਪਿਆਰੀ, ਜੈ ਦੀਪ, ਗੋਗਾ, ਰਾਣਾ, ਰੋਹਿਤ, ਸੋਹਣ ਲਾਲ ਤੋਂ ਇਲਾਵਾ ਹੋਰ ਵੀ ਸਾਥੀਆਂ ਦਾ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਰਿਹਾ।

# ਪਹਿਲਵਾਨ ਸਾਕਸ਼ੀ ਨੇ ਜਥੇਦਾਰ ਤੋਂ ਮੰਗਿਆ ਸਿੱਖ ਕੌਮ ਦਾ ਸਮਰਥਨ

**ਬਠਿੰਡਾ–** ਭਾਰਤੀ ਕੁਸ਼ਤੀ ਸੰਘ ਦੇ ਪ੍ਰਧਾਨ ਰਹੇ ਸੰਸਦ ਮੈਂਬਰ ਬ੍ਰਿਜਭੂਸ਼ਨ ਸਿੰਘ ਖਿਲਾਫ ਸਰੀਰਕ ਸ਼ੋਸ਼ਣ ਦੇ ਕਥਿਤ ਦੋਸ਼ਾਂ ਤਹਿਤ ਪਿਛਲੇ ਕਰੀਬ 4 ਹਫਤਿਆਂ ਤੋਂ ਇਨਸਾਫ ਦੀ ਮੰਗ ਨੂੰ ਲੈ ਕੇ ਦਿੱਲੀ ਦੇ ਜੰਤਰ ਮੰਤਰ ਵਿਖੇ ਸੰਘਰਸ਼ ਕਰ ਰਹੇ ਪਹਿਲਵਾਨਾਂ ਲਈ ਸਿੱਖ ਸਮਾਜ ਤੋਂ ਸਮਰਥਨ ਦੀ ਮੰਗ ਤਹਿਤ ਅੱਜ ਓਲੰਪਿਕ ਵਿੱਚ ਕੁਸ਼ਤੀ ਦੀ ਪਹਿਲੀ ਤਮਗ਼ਾ ਜੇਤੂ ਭਾਰਤੀ ਪਹਿਲਵਾਨ, ਪਦਮਸ਼੍ਰੀ ਸਾਕਸ਼ੀ ਮਲਿਕ ਨੇ ਦਮਦਮਾ ਸਾਹਿਬ ਪੁੱਜ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਰਦਿਆਂ ਸੰਘਰਸ਼ ਲਈ ਸਹਿਯੋਗ ਦੀ ਮੰਗ ਕੀਤੀ।

ਆਪਣੇ ਪਤੀ ਸੱਤਿਆਵਰਤ ਨਾਲ ਦਮਦਮਾ ਸਾਹਿਬ ਪੁੱਜੀ ਕੌਮਾਂਤਰੀ ਪਹਿਲਵਾਨ ਸਾਕਸ਼ੀ ਮਲਿਕ ਨੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਉਨ੍ਹਾਂ ਵੱਲੋਂ ਬੀਤੇ 32 ਦਿਨਾਂ ਤੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਕੀਤੇ ਜਾ ਰਹੇ ਸੰਘਰਸ਼ ਦੇ ਕਾਰਨਾਂ ਅਤੇ ਸਮੁੱਚੇ ਪਹਿਲਵਾਨਾਂ ਦੀਆਂ ਮੰਗਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਸਮੁੱਚੇ ਪਹਿਲਵਾਨਾਂ ਦੀ ਇਸ ਮੰਗ ਤੋਂ ਵੀ ਜਾਣੂੰ ਕਰਵਾਇਆ ਕਿ ਉਹ ਸਿੱਖ ਕੌਮ ਦੇ ਨਾਂ ਇੱਕ ਅਪੀਲ ਜਾਰੀ ਕਰਨ ਤਾਂਕਿ ਸਮੁੱਚਾ ਸਿੱਖ ਜਗਤ ਉਨ੍ਹਾਂ ਦੇ ਸੰਘਰਸ਼ ਦੀ ਹਿਮਾਇਤ ਵਿੱਚ ਆਵੇ।

ਮੁਲਾਕਾਤ ਉਪਰੰਤ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਪਹਿਲਵਾਨਾਂ ਦੇ ਸੰਘਰਸ਼ ਦੀ ਹਿਮਾਇਤ ਕਰਦਿਆਂ ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਕਿਉਂਕਿ ਹੁਣ ਸੰਘਰਸ਼ ਦੇਸ਼ ਦੀਆਂ ਬੇਟੀਆਂ ਦਾ ਬਣ ਚੁੱਕਾ ਹੈ। ਇਸ ਲਈ ਸਮੁੱਚੀ ਸਿੱਖ ਸੰਗਤ ਸੰਘਰਸ਼ਸ਼ੀਲ ਪਹਿਲਵਾਨਾਂ ਦੀ ਹਰ ਪੱਖੋਂ ਬਣਦੀ ਮਦੱਦ ਕਰੇ। ਸਿੰਘ ਸਾਹਿਬ ਨੇ ਇਸ ਮੌਕੇ ਕੇਂਦਰ ਸਰਕਾਰ ਨੂੰ ਵੀ ਕਿਹਾ ਕਿ ਉਹ ਪ੍ਰਦਰਸ਼ਨਕਾਰੀ ਪਹਿਲਵਾਨਾਂ ਦੀਆਂ ਮੰਗਾਂ ਪ੍ਰਤੀ ਗੰਭੀਰਤਾ ਦਿਖਾਵੇ ਅਤੇ ਮਾਮਲੇ ਨੂੰ ਜਲਦ ਹੱਲ ਕਰ ਕੇ ਪੀੜਿਤ ਪਹਿਲਵਾਨ ਬੇਟੀਆਂ ਲਈ ਇਨਸਾਫ ਯਕੀਨੀ ਬਣਾਵੇ।ਸਿੰਘ ਸਾਹਿਬ ਨੇ ਦੇਸ਼ ਦੀ ਝੋਲੀ ਵਿੱਚ ਤਗਮੇ ਪਾਉਣ ਵਾਲੀ ਸਾਕਸ਼ੀ ਮਲਿਕ ਅਤੇ ਉਸਦੇ ਪਤੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ।ਦੱਸ ਦਈਏ ਕਿ ਪਹਿਲਵਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਨੂੰ ਲੈ ਕੇ ਜੰਤਰ-ਮੰਤਰ ਵਿਖੇ ਪ੍ਰਦਰਸ਼ਨ ਕਰ ਰਹੇ ਹਨ। ਐਫਆਈਆਰ ਦਰਜ ਹੋਣ ਦੇ ਬਾਵਜੂਦ ਧਰਨਾ ਜਾਰੀ ਹੈ ਕਿਉਂਕਿ ਪ੍ਰਦਰਸ਼ਨਕਾਰੀਆਂ ਦਾ ਮੰਨਣਾ ਹੈ ਕਿ ਸਿਆਸੀ ਪ੍ਰਭਾਵ ਕਾਰਨ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ। ਵਰਨਣਯੋਗ ਹੈ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਕੀਤੀ ਗਈ ਸ਼ਿਕਾਇਤ ‘ਤੇ ਕਾਰਵਾਈ ਨਾ ਕਰਨ ਨੂੰ ਲੈ ਕੇ 23 ਅਪ੍ਰੈਲ ਤੋਂ ਪਹਿਲਵਾਨ ਜੰਤਰ-ਮੰਤਰ ‘ਤੇ ਧਰਨੇ ‘ਤੇ ਬੈਠੇ ਸਨ। ਦਿੱਲੀ ਮਹਿਲਾ ਕਮਿਸ਼ਨ ਨੇ ਵੀ ਐਫਆਈਆਰ ਦੀ ਮੰਗ ਨੂੰ ਲੈ ਕੇ ਦਿੱਲੀ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਸੀ।








## 'ਸ਼ਹੀਦਾਂ ਦੇ ਸਿਰਤਾਜ ਦਾ ਰੁਤਬਾ'

ਬਾਦਸ਼ਾਹ 'ਜਹਾਂਗੀਰ' ਨੇ 'ਪੰਜਵੇਂ ਪਾਤਸ਼ਾਹ' ਨੂੰ,
ਮਾਰਨ ਲਈ ਸਖ਼ਤ ਹੁਕਮ ਸੁਣਾਇਆ ਸੀ।
'ਯਾਸਾ' ਮੁਤਾਬਕ ਨਾ ਧਰਤੀ ਤੇ ਖੂਨ ਡਿੱਗੇ,
ਤਾਹੀਂ ਤੱਤੀ ਤਵੀ ਉਤੇ ਬਿਠਾਇਆ ਸੀ।
ਤੱਤੀ ਰੇਤ ਪਾਈ ਸਾਰੇ ਸਰੀਰ ਉਤੇ,
ਜ਼ਾਲਮਾਂ ਤਰਸ ਰਤਾ ਨਾ ਖਾਇਆ ਸੀ।
"ਤੇਰਾ ਭਾਣਾ ਮੀਠਾ ਲਾਗੇ" ਉਚਾਰ ਮੂੰਹੋਂ,
ਅਨੋਖਾ ਕਾਰਨਾਮਾ ਕਰ ਦਿਖਾਇਆ ਸੀ।
ਪੂਰਾ ਰਾਹ ਸੀ ਬਚਨ ਦਾ ਮੌਤ ਕੋਲੋਂ,
ਪਰ ਐਸਾ ਕੋਈ ਨਾ ਰਾਹ ਅਪਣਾਇਆ ਸੀ।
'ਮੇਜਰ' ਤਸੀਹੇ ਭਰੀ ਮੌਤ ਗਲ ਲਾਈ,
ਸ਼ਹੀਦਾਂ ਦੇ ਸਿਰਤਾਜ ਦਾ ਰੁਤਬਾ ਪਾਇਆ ਸੀ।



**– ਮੇਜਰ ਸਿੰਘ 'ਬੁਢਲਾਡਾ'**
94176 42327

## ਸਰਦਾਰ ਕਰਤਾਰ ਸਰਾਭਾ ਦੇ 127ਵੇਂ ਜਨਮ ਦਿਨ ਦੀ ਵਧਾਈ ਹੋਵੇ

24 ਮਈ 1896 ਨੂੰ ਜਨਮੇ ਸ. ਕਰਤਾਰ ਸਿੰਘ ਸਰਾਭਾ ਜੀ ਗ਼ਦਰ ਲਹਿਰ ਦੇ ਬਾਨੀਆਂ ਵਿੱਚੋਂ ਸਭ ਤੋਂ ਛੋਟੀ ਉਮਰ ਦੇ ਜਰਨੈਲ ਸਨ ।ਹਿੰਦੋਸਤਾਨ ਨੂੰ ਅੰਗਰੇਜ਼ ਸਾਮਰਾਜ ਕੋਲੋਂ ਆਜ਼ਾਦ ਕਰਾਉਣ ਲਈ ਆਖ਼ਰੀ ਸਾਹ ਤੱਕ ਜੂਝਦੇ ਰਹੇ। ਸੰਪੂਰਨ ਆਜ਼ਾਦੀ ਦੇ ਦ੍ਰਿਸ਼ਟੀਕੋਣ ਨੂੰ ਪੂਰਾ ਕਰਨ ਲਈ ਹਿੰਦੋਸਤਾਨੀਆਂ ਨੂੰ ਸ. ਕਰਤਾਰ ਸਿੰਘ ਸਰਾਭਾ ਨੂੰ ਯਾਦਾਂ ਦਾ ਹਿੱਸਾ ਬਣਾਉਣ ਦੀ ਇੱਛਾ ਰੱਖਣ ਦੀ ਲੋੜ ਹੈ। ਗ਼ਦਰ ਲਹਿਰ ਅਤੇ ਗ਼ਦਰ ਪਾਰਟੀ ਦੇ ਹੋਂਦ ਵਿੱਚ ਆਉਣ ਦੇ ਵੇਰਵੇ ਜਾਨਣ ਲਈ ਯਤਨ ਹੋਣੇ ਚਾਹੀਦੇ ਹਨ ।

ਅਮਰੀਕਾ ਦੇਸ਼ (ਯੂਨਾਟਿਡ ਸਟੇਟ ਆਫ਼ ਅਮਰੀਕਾ) ਸ਼ਹੀਦਾਂ ਅਤੇ ਸੰਗਰਾਮੀਆਂ ਦੀ ਯਾਦ ਵਿੱਚ ਦਿਨ (Memorial Day) ਮਨ੍ਹਾ ਰਿਹਾ ਹੈ।
ਸ਼ਹੀਦ , ਇਤਿਹਾਸ ਦੇ ਗਵਾਹ ਹੁੰਦੇ ਹਨ।
ਸ਼ਹੀਦਾਂ ਨੂੰ ਯਾਦ ਰੱਖਣਾ ਮਨੁੱਖੀ ਫ਼ਰਜ਼ਾਂ ਦਾ ਹਿੱਸਾ ਹੈ ।
ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ ।

**ਵੱਲੋਂ :- ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ**

ਵਿਸ਼ਵਾਸ , ਮੰਜ਼ਿਲ ਸਰ ਕਰਨ ਲਈ ਸਿਦਕ ਅਤੇ ਸਾਹਸ ਪੈਦਾ ਕਰਦਾ ਹੈ ।
ਸ਼ੁਭ ਸਵੇਰ , ਸ਼ੁਭ ਦਿਨ , ਸ਼ੁਭ ਭਵਿੱਖ ਅਤੇ ਸਿਹਤਮੰਦੀ ਲਈ ਕਾਮਨਾ ਕਰਦੇ ਹਾਂ ।

**ਮਨਮੋਹਨ ਪੂਨੀ (ਨਿਊਯਾਰਕ)**
347-753-5940

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਵਾ 13 ਕੁ ਸਾਲਾਂ ਵਿਚ 2665 ਭਾਰਤੀ ਕੌਮੀਅਤ ਵਾਲਿਆਂ ਦਾ ਨਿਊਜ਼ੀਲੈਂਡ ਤੋਂ ਹੋ ਚੁੱਕਾ ਦੇਸ਼ ਨਿਕਾਲਾ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਇਮੀਗ੍ਰੇਸ਼ਨ ਵੱਲੋਂ ਦੇਸ਼ ਦੇ ਵਿਚੋਂ ਗੈਰ ਕਾਨੂੰਨੀ ਪ੍ਰਵਾਸ ਕਰ ਰਹੇ ਲੋਕਾਂ ਨੂੰ, ਅਪਰਾਧਿਕ ਮਾਮਲਿਆਂ ਦੇ ਅਧਾਰ ਉਤੇ ਹੋਏ ਫੈਸਲਿਆਂ ਦੇ ਨਤੀਜੇ ਵਜੋਂ ਜਾਂ ਫਿਰ ਮਿਆਦ ਪੁੱਗਾ ਚੁੱਕੇ ਵੀਜ਼ਾ ਧਾਰਕਾਂ ਨੂੰ ਦੇਸ਼ ਨਿਕਾਲਾ ਦਿੱਤਾ ਹੈ। ਦੇਸ਼ ਦੇ ਵਿਚੋਂ ਆਪਣੇ ਆਪ ਜਾਣ ਲਈ ਵੀ ਕਿਹਾ ਜਾਂਦਾ ਹੈ, ਅਪੀਲ ਕਰਨ ਦਾ ਵੀ ਸਮਾਂ ਹੁੰਦਾ ਹੈ। ਕਈ ਮਾਮਲਿਆਂ ਦੇ ਵਿਚ ਜਾਂ ਸਿੱਧੇ ਤੌਰ ਉਤੇ ਫੜ੍ਹ ਦੇਸ਼ ਨਿਕਾਲਾ ਦੇ ਦਿੱਤਾ ਜਾਂਦਾ ਹੈ। ਕਈ ਵਾਰੀ ਹਵਾਈ ਅੱਡੇ ਉਤੋਂ ਵੀ ਵਾਪਿਸ ਭੇਜ ਦਿੱਤਾ ਜਾਂਦਾ ਹੈ। ਪਿਛਲੇ ਦਿਨੀਂ ਵੀ ਇਕ ਅਜਿਹਾ ਮਾਮਲਾ ਆਇਆ ਸਾਹਮਣੇ ਆਇਆ। ਇਸ ਪੱਤਰਕਾਰ ਵੱਲੋਂ ਸਬੰਧਿਤ ਮੰਤਰਾਲੇ ਤੋਂ ਭਾਰਤੀ ਕੌਮੀਅਤ ਰੱਖਣ ਵਾਲਿਆਂ ਸਬੰਧੀ ਲਈ ਗਈ ਜਾਣਕਾਰੀ ਵਿਚ ਪਾਇਆ ਗਿਆ ਹੈ ਕਿ ਪਿਛਲੇ ਸਵਾ ਕੁ 13 ਸਾਲਾਂ (2010 ਤੋਂ ਚੱਲ ਰਹੇ ਸਾਲ 9 ਮਈ 2023 ਤੱਕ) ਦੇ ਵਿਚ 2665 ਭਾਰਤੀ ਕੌਮੀਅਤ ਵਾਲੇ ਲੋਕਾਂ ਨੂੰ ਵਾਪਿਸ ਭਾਰਤ ਪਰਤਣਾ ਪਿਆ ਹੈ। ਇਸ ਸਮੇਂ ਦੌਰਾਨ 1197 ਲੋਕਾਂ ਨੂੰ ਵਿਭਾਗ ਵੱਲੋਂ ਭੇਜਿਆ ਗਿਆ ਅਤੇ 1468 ਲੋਕ ਆਪਣੇ ਆਪ ਸਵੈਇੱਛਤ ਤੌਰ ਉਤੇ ਵਾਪਿਸ ਗਏ ਹਨ। 2010 ਅਤੇ 2011 ਦੇ ਵਿਚ ਕੋਈ ਵੀ ਭਾਰਤੀ ਸਵੈ-ਇਛਤ ਤੌਰ 'ਤੇ ਵਾਪਿਸ ਨਹੀਂ ਗਿਆ। 2017 ਦੇ ਵਿਚ ਸਭ ਤੋਂ ਜਿਆਦਾ 619 ਭਾਰਤੀ ਲੋਕ ਦੇਸ਼ ਨਿਕਾਲੇ ਤਹਿਤ ਭਾਰਤ ਵਾਪਿਸ ਪਰਤੇ ਹਨ। ਵਰਨਣਯੋਗ ਹੈ ਕਿ ਜਿਨ੍ਹਾਂ ਨੂੰ ਵਿਭਾਗ ਵੱਲੋਂ ਆਪਣੀ ਜ਼ਿੰਮੇਵਾਰੀ 'ਤੇ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ, ਉਸਦਾ ਖਰਚਾ ਸਰਕਾਰ ਉਤੇ ਪੈਂਦਾ ਹੈ ਅਤੇ ਜਿਨ੍ਹਾਂ ਨੂੰ ਦੇਸ਼ ਛੱਡ ਜਾਣ ਲਈ ਡਿਪੋਰਟੇਸ਼ਨ ਨੋਟਿਸ ਰਾਹੀਂ ਕਿਹਾ ਗਿਆ ਹੁੰਦਾ ਹੈ, ਉਹ ਖੁਦ ਦਾ ਖਰਚਾ ਕਰਕੇ ਆਪਣੇ ਆਪ ਜਾਂਦੇ ਹਨ। ਕਈ ਕੇਸਾਂ ਦੇ ਵਿਚ 5 ਸਾਲ ਤੱਕ ਦੁਬਾਰਾ ਆਉਣ 'ਤੇ ਰੋਕ ਲਗ ਜਾਂਦੀ ਹੈ, ਕਈ ਕੇਸਾਂ ਵਿਚ ਪੱਕੀ ਰੋਕ ਵੀ ਲਗਦੀ ਹੈ। ਇਮੀਗ੍ਰੇਸ਼ਨ ਦੇ ਨਾਲ ਸਹਿਯੋਗ ਕਰਨ ਅਤੇ ਕਹਿਣਾ ਮੰਨਣ ਉਤੇ ਕੇਸ ਅਨੁਸਾਰ ਇਸ ਰੋਕ ਤੋਂ ਬਚਿਆ ਵੀ ਜਾ ਸਕਦਾ ਹੈ। ਕਿਹੜੇ ਸਾਲ ਕਿੰਨੇ ਭਾਰਤੀ ਇਸ ਦੇਸ਼ ਤੋਂ ਬਾਹਰ ਕੀਤੇ ਗਏ ਜਾਂ ਆਪ ਸਵੈਇੱਛਾ ਨਾਲ ਨਿਰਦੇਸ਼ ਮੰਨ ਕੇ ਚਲੇ ਗਏ?

The number of Indian nationals who were deported or self-deported from 1 January 2010 to 9 May 2023

| Year | Deportation | Self-Deportation | Total |
|---|---|---|---|
| 2010 | 73 | 0 | 73 |
| 2011 | 52 | 0 | 52 |
| 2012 | 89 | 15 | 104 |
| 2013 | 106 | 66 | 172 |
| 2014 | 85 | 110 | 195 |
| 2015 | 95 | 164 | 259 |
| 2016 | 141 | 139 | 280 |
| 2017 | 229 | 390 | 619 |
| 2018 | 122 | 236 | 358 |
| 2019 | 102 | 144 | 246 |
| 2020 | 48 | 106 | 154 |
| 2021 | 16 | 43 | 59 |
| 2022 | 23 | 29 | 52 |
| 2023 | 16 | 26 | 42 |
| Total | 1197 | 1468 | 2665 |

# ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਨੇ ਹੋਣਹਾਰ ਪਹਿਲਵਾਨਾਂ ਦੇ ਸਨਮਾਨ 'ਚ ਕਰਵਾਇਆ ਸਮਾਗਮ

**ਫਗਵਾੜਾ 29 ਮਈ (ਬੀ.ਕੇ.ਰੱਤੂ)-** ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਖੋਥੜਾਂ ਰੋਡ ਫਗਵਾੜਾ ਵਿਖੇ ਅਕੈਡਮੀ ਦੇ ਹੋਣਹਾਰ ਪਹਿਲਵਾਨਾਂ ਦੇ ਸਨਮਾਨ 'ਚ ਇਕ ਸਮਾਗਮ ਦਾ ਆਯੋਜਨ ਅਕੈਡਮੀ ਦੇ ਸੰਚਾਲਕ ਅਤੇ ਸਾਬਕਾ ਇੰਟਰਨੈਸ਼ਨਲ ਕੁਸ਼ਤੀ ਕੋਚ ਪੀ.ਆਰ. ਸੋਂਧੀ ਦੀ ਅਗਵਾਈ ਹੇਠ ਕੀਤਾ ਗਿਆ। ਇਸ ਦੌਰਾਨ ਅਕੈਡਮੀ ਦੇ ਪੰਜ ਹੋਣਹਾਰ ਪਹਿਲਵਾਨਾਂ ਵਿਸ਼ਾਲ ਕੁਮਾਰ, ਅਜੇ, ਨੀਰਜ ਕੁਮਾਰ, ਅਜੀਤ ਪੂਨੀਆ ਤੇ ਕਰਨ ਸੰਘਾ ਨੂੰ ਸੂਬਾ ਅਤੇ ਰਾਸ਼ਟਰੀ ਪੱਧਰ ਤੇ ਆਯੋਜਿਤ ਵੱਖ ਵੱਖ ਕੁਸ਼ਤੀ ਮੁਕਾਬਲਿਆਂ 'ਚ ਮੈਡਲ ਜਿੱਤਣ ਦੀ ਵਧਾਈ ਦਿੰਦਿਆਂ ਭਵਿੱਖ ਲਈ ਸ਼ੁੱਭ ਇੱਛਾਵਾਂ ਦਿੱਤੀਆਂ ਗਈਆਂ। ਇਸ ਸਮਾਗਮ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪ੍ਰੈਸ ਸਕੱਤਰ ਰੀਤ ਪ੍ਰੀਤ ਪਾਲ ਸਿੰਘ ਅਤੇ ਅੰਤਰਰਾਸ਼ਟਰੀ ਪਹਿਲਵਾਨ ਅਮਰੀਕ ਸਿੰਘ ਮੇਹਲੀ ਨੇ ਦੱਸਿਆ ਕਿ ਅਕੈਡਮੀ ਵਿਖੇ ਟਰੇਨਿੰਗ ਲੈ ਰਹੇ ਪਹਿਲਵਾਨ ਵਿਸ਼ਾਲ ਕੁਮਾਰ ਨੇ ਬਰਨਾਲਾ ਵਿਖੇ ਹੋਈ ਸੂਬਾ ਪੱਧਰੀ ਅੰਡਰ-23 ਚੈਂਪੀਅਨਸ਼ਿਪ 'ਚ ਪਹਿਲਾ ਸਥਾਨ ਹਾਸਲ ਕਰਨ ਦੇ ਨਾਲ ਹੀ ਨੈਸ਼ਨਲ ਟਰਾਇਲ 'ਚ ਵੀ ਤੀਸਰੀ ਪੋਜੀਸ਼ਨ ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਕੁਸ਼ਤੀ ਮੁਕਾਬਲਿਆਂ 'ਚ ਪਹਿਲਵਾਨ ਅਜੇ ਕੁਮਾਰ ਨੇ 39 ਕਿਲੋ ਭਾਰ ਵਰਗ ਅਤੇ ਪਹਿਲਵਾਨ ਨੀਰਜ ਕੁਮਾਰ ਨੇ ਅੰਡਰ-15 ਮੁਕਾਬਲੇ 'ਚ ਕਾਂਸੇ ਦਾ ਮੈਡਲ ਜਦਕਿ ਅਜੀਤ ਪੂਨੀਆ ਨੇ 85 ਕਿਲੋ ਭਾਰ ਵਰਗ 'ਚ ਕਾਂਸੇ ਦਾ ਮੈਡਲ ਅਤੇ ਕਰਨ ਸਿੰਘ ਨੇ ਅੰਡਰ-17 ਮੁਕਾਬਲੇ 'ਚ ਕਾਂਸੇ ਦਾ ਮੈਡਲ ਜਿੱਤਿਆ ਹੈ। ਅਕੈਡਮੀ ਦੇ ਉਕਤ ਹੋਣਹਾਰ ਪਹਿਲਵਾਨਾਂ ਨੂੰ ਅਸ਼ੀਰਵਾਦ ਦੇਣ ਲਈ ਪੀ.ਆਰ. ਸੋਂਧੀ ਤੋਂ ਇਲਾਵਾ ਰਵਿੰਦਰ ਨਾਥ ਕੋਚ, ਵਿਸ਼ਾਲ ਨੰਨ੍ਹਾ ਡਡਵਾਲ, ਬਲਵੀਰ ਕੁਮਾਰ ਆਦਿ ਵੀ ਹਾਜਰ ਸਨ।



# ਡਿਪਟੀ ਕਮਿਸ਼ਨਰ ਨੇ ਔਰਤਾਂ ਅਤੇ ਲੜਕੀਆਂ ਨੂੰ ਸਵੱਛਤਾ ਦੇ ਨਾਲ-ਨਾਲ ਜਾਗਰੂਕ ਹੋਣ ਦਾ ਦਿੱਤਾ ਸੰਦੇਸ਼

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਮਾਹਵਾਰੀ ਇੱਕ ਕੁਦਰਤੀ ਸਰੀਰਕ ਪ੍ਰਕਿਰਿਆ ਹੈ, ਜੋ ਕਿ ਲੜਕੀਆਂ ਵਿੱਚ ਕਿਸ਼ੋਰ ਅਵਸਥਾ ਵਿੱਚ ਪਹੁੰਚਦਿਆਂ ਹੀ ਸ਼ੁਰੂ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮਾਹਵਾਰੀ ਸਰੀਰਕ ਬਦਲਾਅ ਕਾਰਨ ਹੁੰਦੀ ਹੈ ਅਤੇ ਜਿੱਥੇ ਇਸ ਸਬੰਧੀ ਲੜਕੀਆਂ ਦੀ ਝਿਜਕ ਨੂੰ ਦੂਰ ਕਰਨ ਦੀ ਲੋੜ ਹੈ, ਉੱਥੇ ਮਾਨਸਿਕ ਤੌਰ 'ਤੇ ਵੀ ਤਿਆਰ ਰਹਿਣ ਦੀ ਲੋੜ ਹੈ। ਉਹ ਵਿਸ਼ਵ ਮਾਹਵਾਰੀ ਦਿਵਸ 'ਤੇ ਵਰਧਮਾਨ ਐਂਡ ਥਰੈਡ ਲਿਮਿਟਡ ਵਲੋਂ 'ਉਡਾਨ' ਪ੍ਰੋਜੈਕਟ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਸੁੰਦਰ ਨਗਰ ਵਿਖੇ ਆਯੋਜਿਤ ਮਾਹਵਾਰੀ ਸਵੱਛਤਾ ਪ੍ਰੋਗਰਾਮ ਦੌਰਾਨ ਇਲਾਕੇ ਦੀਆਂ ਔਰਤਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਐਸ.ਐਮ.ਓ. ਡਾ: ਸਵਾਤੀ, ਕੌਂਸਲਰ ਮਨਜੀਤ ਕੌਰ, ਨਰਿੰਦਰ ਕੌਰ, ਪੂਨਮ ਪਾਲ ਨੇ ਵੀ ਆਪਣੇ-ਆਪਣੇ ਵਿਚਾਰ ਰੱਖੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਾਹਵਾਰੀ ਦੇ ਵਿਸ਼ੇ ਨੂੰ ਲੈ ਕੇ ਲੋਕਾਂ ਵਿੱਚ ਬਹੁਤ ਸਾਰੀਆਂ ਗਲਤ ਧਾਰਨਾਵਾਂ ਹਨ, ਜਿਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਮਾਹਵਾਰੀ ਦੌਰਾਨ ਔਰਤਾਂ ਅਤੇ ਲੜਕੀਆਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਸ ਦੌਰਾਨ ਹਮੇਸ਼ਾ ਵਿਗਿਆਨਕ ਤਰੀਕਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਵਰਧਮਾਨ ਯਾਰਨਜ਼ ਐਂਡ ਥਰੈਡ ਲਿਮਟਿਡ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ 'ਉਡਾਨ' ਪ੍ਰੋਜੈਕਟ ਰਾਹੀਂ ਔਰਤਾਂ ਅਤੇ ਲੜਕੀਆਂ ਨੂੰ ਜਿਥੇ ਸੁਵਿਧਾਵਾਂ ਮੁਹੱਈਆ ਕਰਵਾ ਰਹੀ ਹੈ, ਉਥੇ ਉਨ੍ਹਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਹਵਾਰੀ ਦੌਰਾਨ ਸਵੱਛਤਾ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਖਾਸ ਕਰਕੇ ਸਰੀਰਕ ਮਿਹਨਤ ਕਰਨ ਵਾਲੀਆਂ ਔਰਤਾਂ ਨੂੰ ਇਸ ਪ੍ਰਤੀ ਵਧੇਰੇ ਜਾਗਰੂਕ ਹੋਣ ਦੀ ਲੋੜ ਹੈ।



# ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ਵੱਲੋਂ ਡੇਅਰੀ ਫਾਰਮਿੰਗ ਬਾਰੇ ਕਿੱਤਾ ਮੁਖੀ ਸਿਖਲਾਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਪੰਦਰਾਂ ਦਿਨਾਂ ਦਾ ਡੇਅਰੀ ਫਾਰਮਿੰਗ ਬਾਰੇ ਕਿੱਤਾ ਮੁਖੀ ਸਿਖਲਾਈ ਕੋਰਸ ਲਾਇਆ ਗਿਆ ਜਿਸ ਵਿਚ 39 ਸਿਖਿਆਰਥੀਆਂ ਨੇ ਭਾਗ ਲਿਆ। ਇਸ ਸਿਖਲਾਈ ਦੌਰਾਨ ਸਿਖਿਆਰਥੀਆਂ ਨੂੰ ਡੇਅਰੀ ਫਾਰਮ ਪ੍ਰਬੰਧਨ, ਡੇਅਰੀ ਪਸ਼ੂਆਂ ਲਈ ਵਿਗਿਆਨਕ ਤਰੀਕੇ ਨਾਲ ਖੁਰਾਕ ਪ੍ਰਬੰਧ, ਵੱਖ-ਵੱਖ ਕਿਸਮਾਂ ਦੇ ਡੇਅਰੀ ਸ਼ੈਡਾਂ ਦਾ ਖਾਕਾ ਅਤੇ ਵਿਉਂਤਬੰਦੀ, ਸਾਰਾ ਸਾਲ ਹਰਾ ਚਾਰਾ ਲੈਣਾ, ਸਾਈਲੇਜ ਬਣਾਉਣਾ, ਪ੍ਰਜਣਨ ਦੀ ਯੋਜਨਾਬੰਦੀ ਅਤੇ ਡੇਅਰੀ ਫਾਰਮ ਪ੍ਰਬੰਧ ਬਾਰੇ ਪ੍ਰੈਕਟੀਕਲ ਦੇ ਨਾਲ-ਨਾਲ ਸਿਧਾਂਤਕ ਜਾਣਕਾਰੀ ਦਿੱਤੀ ਗਈ ਜਿਸ ਨਾਲ ਖੇਤ ਮਜ਼ਦੂਰਾਂ ਅਤੇ ਸਰੋਤਾਂ ਦੀ ਕੁਸ਼ਲ ਵਰਤੋਂ ਕੀਤੀ ਜਾ ਸਕੇ। ਇਸ ਸਿਖਲਾਈ ਦੌਰਾਨ ਦੁਧਾਰੂ ਪਸ਼ੂਆਂ ਦੀਆਂ ਵੱਖ-ਵੱਖ ਬਿਮਾਰੀਆਂ ਦੀ ਰੋਕਥਾਮ, ਨਿਯੰਤਰਣ ਅਤੇ ਇਲਾਜ ਲਈ ਜਾਣਕਾਰੀ ਵੀ ਦਿੱਤੀ ਗਈ। ਇਹ ਸਿਖਲਾਈ ਕ੍ਰਿਸ਼ੀ ਵਿਗਿਆਨ ਕੇਂਦਰ, ਰੂਪਨਗਰ ਤੋਂ ਡਾ. ਅਪਰਨਾ, ਸਹਾਇਕ ਪ੍ਰੋਫੈਸਰ (ਪਸ਼ੂਧਨ ਉਤਪਾਦਨ) ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਜਿਲਾ ਸ਼ਹੀਦ ਭਗਤ ਸਿੰਘ ਨਗਰ ਤੋਂ ਡਾ: ਗੁਰਿੰਦਰ ਸਿੰਘ, ਫਾਰਮ ਮੈਨੇਜਰ ਵੱਲੋਂ ਦਿੱਤੀ ਗਈ। ਇਸ ਸਿਖਲਾਈ ਦੌਰਾਨ ਡੇਅਰੀ ਵਿਕਾਸ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਦੇ ਉਪ ਨਿਰਦੇਸ਼ਕ, ਡਾ: ਹਰਵਿੰਦਰ ਸਿੰਘ ਨੇ ਵੀ ਵਿਸ਼ੇਸ਼ ਸ਼ਿਰਕਤ ਕੀਤੀ, ਜਿਨ੍ਹਾਂ ਨੇ ਸਿਖਿਆਰਥੀਆਂ ਨੂੰ ਡੇਅਰੀ ਵਿਕਾਸ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਡੇਅਰੀ ਦੇ ਕਿੱਤੇ ਨੂੰ ਪ੍ਰਫੁੱਲਤ ਕਰਨ ਲਈ ਵਿਭਾਗ ਵਲੋਂ ਦਿੱਤੀਆਂ ਜਾ ਰਹੀਆਂ ਵੱਖ-ਵੱਖ ਵਿੱਤੀ ਅਤੇ ਹੋਰ ਸਹਾਇਤਾ ਸਕੀਮਾਂ ਬਾਰੇ ਜਾਣੂ ਕਰਵਾਇਆ। ਹੋਰ ਵਿਭਾਗਾਂ ਦੇ ਨੁਮਾਇੰਦਿਆਂ ਨੇ ਵੀ ਕਿਸਾਨਾਂ ਨੂੰ ਡੇਅਰੀ ਕਿਸਾਨਾਂ ਲਈ ਉਪਲਬਧ ਵਿੱਤੀ ਅਤੇ ਬੀਮਾ ਸਕੀਮਾਂ ਬਾਰੇ ਦੱਸਿਆ।

ਸਿਖਲਾਈ ਦੀ ਸਮਾਪਤੀ ਮੌਕੇ ਡਾ. ਮਨਿੰਦਰ ਸਿੰਘ ਬੈਂਸ, ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਕਿਸਾਨਾਂ ਨਾਲ ਡੇਅਰੀ ਫਾਰਮਿੰਗ ਦੇ ਕਿੱਤੇ ਵਿੱਚ ਸਫ਼ਲਤਾ ਲਈ ਵੱਖ-ਵੱਖ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ ਅਤੇ ਸਿਖਿਆਰਥੀਆਂ ਦਾ ਧੰਨਵਾਦ ਕੀਤਾ, ਜਿਨ੍ਹਾ ਨੇ ਪੂਰੇ ਉਤਸ਼ਾਹ ਨਾਲ ਸਿਖਲਾਈ ਵਿਚ ਭਾਗ ਲਿਆ।



# ਪੰਜਾਬ ਵਿੱਚ ਸਰਕਾਰੀ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਡਾਕਟਰਾਂ ਦੇ 'ਪੇਅ ਸਕੇਲ' ਨੂੰ ਮੁੜ ਤੋਂ ਪ੍ਰਭਾਸ਼ਿਤ ਕੀਤਾ ਜਾਵੇਗਾ-ਸਿਹਤ ਮੰਤਰੀ ਡਾ. ਬਲਬੀਰ ਸਿੰਘ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਐਤਵਾਰ ਨੂੰ ਨਵਾਂਸ਼ਹਿਰ ਵਿਖੇ ਆਖਿਆ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਜਲਦ ਹੀ ਡਾਕਟਰਾਂ ਦੇ 'ਪੇਅ ਸਕੇਲ' ਨੂੰ ਮੁੜ ਤੋਂ ਪ੍ਰਭਾਸ਼ਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅਗਲੇ ਮਹੀਨੇ ਤੱਕ 550 ਡਾਕਟਰ ਨਵੇਂ ਆ ਜਾਣਗੇ, ਜਿਨ੍ਹਾਂ ਦੀ ਤਨਖਾਹ 30 ਹਜ਼ਾਰ ਤੋਂ ਵਧਾ ਕੇ 70 ਹਜ਼ਾਰ ਕੀਤੀ ਗਈ ਹੈ। ਇਸ ਤੋਂ ਇਲਾਵਾ ਪਿਛਲੀ ਸਰਕਾਰ ਵੱਲੋਂ 7ਵੇਂ ਪੇਅ ਸਕੇਲ ਨੂੰ ਲਾਗੂ ਕਰਨ ਨਾਲ ਪੰਜਾਬ ਵਿੱਚ ਡਾਕਟਰਾਂ ਦੀ ਤਨਖਾਹ 1.41 ਲੱਖ ਤੋਂ ਘਟ ਕੇ 1.18 ਲੱਖ ਰੁਪਏ ਰਹਿ ਜਾਣ ਕਾਰਨ, ਨੌਕਰੀਆਂ ਛੱਡ ਕੇ ਗੁਆਂਢੀ ਰਾਜਾਂ ਵਿੱਚ ਗਏ ਡਾਕਟਰਾਂ ਨਾਲ ਵੀ ਸੰਪਰਕ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ 'ਪੇਅ ਸਕੇਲ' ਮੁੜ ਤੋਂ ਪ੍ਰਭਾਸ਼ਿਤ ਕਰਕੇ ਇੱਥੇ ਹੀ ਪੂਰੀ ਤਨਖਾਹ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਨੂੰ ਡਾਕਟਰਾਂ ਦੀ ਬਹੁਤ ਲੋੜ ਹੈ ਅਤੇ ਸਰਕਾਰ ਆਪਣੇ ਪੱਧਰ 'ਤੇ ਮੈਡੀਕਲ ਸਪੈਸ਼ਲਿਸਟਾਂ, ਰੇਡੀਓ ਡਾਇਗਨਿਸਟਾਂ, ਗਾਇਨੀ ਤੇ ਹੋਰ




ਮਾਹਿਰਾਂ ਦੀ ਕਮੀ ਨੂੰ ਪੂਰਾ ਕਰਨ 'ਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਂਵਾਂ 'ਚ ਢਾਂਚਾਗਤ ਲੋੜਾਂ ਤੇ ਹੋਰ ਸਟਾਫ਼ ਜਿਨ੍ਹਾਂ 'ਚ ਸਟਾਫ਼ ਨਰਸਾਂ, ਪੈਰਾ ਮੈਡਿਕਸ, ਦਰਜਾ ਚਾਰ, ਵਾਰਡ ਅਟੈਂਡੈਂਟ ਦੀ ਭਰਤੀ ਕੀਤੀ ਜਾ ਰਹੀ ਹੈ। ਸਿਹਤ ਮੰਤਰੀ ਅਨੁਸਾਰ ਸਰਕਾਰੀ ਹਸਪਤਾਲਾਂ 'ਚ ਸਪਲਾਈ ਹੁੰਦੀ 95 ਫ਼ੀਸਦੀ ਦਵਾਈ ਲਈ 'ਰੇਟ ਕੰਟ੍ਰੈਕਟ' ਤੈਅ ਹਨ ਅਤੇ ਰਹਿੰਦੇ 5 ਫ਼ੀਸਦੀ 'ਰੇਟ ਕੰਟ੍ਰੈਕਟ' ਵੀ ਜਲਦ ਮੁਕੰਮਲ ਕਰ ਲਏ ਜਾਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਸਰਕਾਰੀ ਹਸਪਤਾਲਾਂ ਦੀਆਂ ਐਮਰਜੈਂਸੀ ਮੈਡੀਕਲ ਸੇਵਾਵਾਂ ਹੋਰ ਵੀ ਬੇਹਤਰ ਹੋਣਗੀਆਂ ਅਤੇ ਸਾਰੇ ਲੋੜੀਂਦੇ ਟੈਸਟ, ਮੈਡੀਕਲ ਮਾਹਿਰ ਤੇ ਦਵਾਈਆਂ ਇੱਥੇ ਹੀ ਉਪਲਬਧ ਹੋਣਗੇ। ਉਨ੍ਹਾਂ ਦੱਸਿਆ ਕਿ ਰਾਜ ਵਿੱਚ ਖੋਲ੍ਹੇ ਗਏ 580 ਆਮ ਆਦਮੀ ਕਲੀਨਿਕਾਂ ਨੇ ਆਮ ਲੋਕਾਂ ਨੂੰ ਸਿਹਤ ਸੰਭਾਲ ਵਿੱਚ ਵੱਡੀ ਰਾਹਤ ਦਿੱਤੀ ਹੈ, ਜਿਸ ਨਾਲ ਵੱਡੇ ਹਸਪਤਾਲਾਂ 'ਚ ਵੀ ਓ ਪੀ ਡੀ ਵਾਲੇ ਮਰੀਜ਼ਾਂ ਦੀ ਭੀੜ ਘਟੀ ਹੈ। ਉਨ੍ਹਾਂ ਨੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਨੂੰ ਆਮ ਲੋਕਾਂ ਨੂੰ ਸ਼ੂਗਰ ਤੇ ਬੀ ਪੀ ਜਿਹੀਆਂ ਬਿਮਾਰੀਆਂ ਤੋਂ ਬਚਾਉਣ ਲਈ ਕਮਿਊਨਿਟੀ ਹੈਲਥ ਅਫ਼ਸਰਾਂ ਅਤੇ ਆਸ਼ਾ ਵਰਕਰਾਂ ਨੂੰ ਵਿਸ਼ੇਸ਼ ਸਿਖਲਾਈ ਦੇ ਕੇ ਆਮ ਲੋਕਾਂ ਖਾਸ ਕਰ ਹਾਈ ਰਿਸਕ ਜ਼ੋਨ 'ਚ ਆਉਂਦੀਆਂ ਗਰਭਵਤੀ ਮਹਿਲਾਵਾਂ ਨੂੰ ਯੋਗਾ, ਸੈਰ ਅਤੇ ਹੋਰ 'ਲਾਈਫ਼ ਸਟਾਈਲ' ਤਬਦੀਲੀਆਂ ਰਾਹੀਂ ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਤਿਆਰ ਕੀਤਾ ਜਾਵੇ।

# ਕੈਬਨਿਟ ਮੰਤਰੀ ਨੇ 'ਸਰਬੱਤ ਦਾ ਭਲਾ' ਚੈਰੀਟੇਬਲ ਟਰੱਸਟ ਵੱਲੋਂ ਖੋਲ੍ਹੇ ਗਏ ਮੁਫਤ ਕੰਪਿਊਟਰ ਸੈਂਟਰ ਦਾ ਕੀਤਾ ਉਦਘਾਟਨ

## ਟਰੱਸਟ ਵੱਲੋਂ ਸ਼੍ਰੀ ਗੁਰੂ ਰਵਿਦਾਸ ਇਤਿਹਾਸਕ ਅਸਥਾਨ ਖੁਰਾਲਗੜ੍ਹ ਸਾਹਿਬ ਨੂੰ ਭੇਟ ਕੀਤੀ ਐਂਬੂਲੈਂਸ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹ ਕਿ 'ਸਰਬੱਤ ਦਾ ਭਲਾ' ਚੈਰੀਟੇਬਲ ਟਰੱਸਟ ਦੇ ਚੇਅਰਮੈਨ ਡਾ.ਐਸ.ਪੀ. ਸਿੰਘ ਓਬਰਾਏ ਇਕ ਅਜਿਹੀ ਸ਼ਖਸੀਅਤ ਹਨ, ਜਿਨ੍ਹਾਂ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ ਘੱਟ ਹੈ। ਡਾ. ਓਬਰਾਏ ਵੱਲੋਂ ਕੀਤੀ ਜਾ ਰਹੀ ਮਨੁੱਖਤਾ ਦੀ ਸੇਵਾ ਦੀ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਉਹ ਵਿੱਦਿਆ ਮੰਦਰ ਸਕੂਲ ਹੁਸ਼ਿਆਰਪੁਰ ਵਿਖੇ 'ਸਰਬੱਤ ਦਾ ਭਲਾ' ਚੈਰੀਟੇਬਲ ਟਰੱਸਟ ਵੱਲੋਂ ਕਰਵਾਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ 'ਸਰਬੱਤ ਦਾ ਭਲਾ' ਚੈਰੀਟੇਬਲ ਟਰੱਸਟ ਵੱਲੋਂ ਵਿੱਦਿਆ ਮੰਦਰ ਸਕੂਲ ਹੁਸ਼ਿਆਰਪੁਰ ਵਿਖੇ ਇਕ ਕੰਪਿਊਟਰ ਸੈਂਟਰ ਖੋਲ੍ਹਿਆ ਗਿਆ ਅਤੇ ਇਕ ਐਂਬੂਲੈਂਸ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਭੇਟ ਕੀਤੀ ਗਈ। ਇਸ ਦਾ ਉਦਘਾਟਨ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਟਰੱਸਟ ਦੇ ਚੇਅਰਮੈਨ ਡਾ.ਐਸ.ਪੀ. ਸਿੰਘ ਓਬਰਾਏ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਕੁਝ ਲੋਕਾਂ ਨੂੰ ਥੋੜਾ ਦਾਨ ਦੇ ਕੇ ਹੰਕਾਰ ਆ ਜਾਂਦਾ ਹੈ, ਪਰ ਡਾ: ਐਸ.ਪੀ. ਸਿੰਘ ਓਬਰਾਏ ਅਜਿਹੇ ਵਿਅਕਤੀ ਹਨ ਜੋ ਆਪਣੀ ਆਮਦਨ ਵਿਚੋਂ 98 ਫੀਸਦੀ ਹਿੱਸਾ ਦਾਨ ਵਿੱਚ ਦਿੰਦੇ ਹਨ ਅਤੇ ਉਨ੍ਹਾਂ ਵਿੱਚ ਕਦੇ ਵੀ ਇਸ ਗੱਲ ਦਾ ਹੰਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ



ਪੰਜਾਬ ਸਰਕਾਰ ਅਜਿਹੀਆਂ ਸ਼ਖ਼ਸੀਅਤਾਂ ਨੂੰ ਸਲਾਮ ਕਰਦੀ ਹੈ, ਜਿਨ੍ਹਾਂ ਨੇ ਬਿਨਾਂ ਕਿਸੇ ਭੇਦ-ਭਾਵ ਦੇ ਮਨੁੱਖਤਾ ਦੀ ਭਲਾਈ ਲਈ ਕੰਮ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਕੰਪਿਊਟਰ ਸੈਂਟਰ ਨੂੰ ਮਹਿਲਾ ਕਾਰੋਬਾਰੀ ਅਤੇ ਸਮਾਜ ਸੇਵੀ ਡੌਲੀ ਚੀਮਾ ਵੱਲੋਂ ਚਲਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਕੰਪਿਊਟਰ ਸੈਂਟਰ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਲੜਕੀਆਂ ਨੂੰ ਮੁਫ਼ਤ ਕੰਪਿਊਟਰ ਦੀ ਸਿੱਖਿਆ ਦਿੱਤੀ ਜਾਵੇਗੀ ਅਤੇ ਇਸ ਸੈਂਟਰ ਵਿੱਚ 40 ਦੇ ਕਰੀਬ ਵਿਦਿਆਰਥਣਾਂ ਦਾ ਦਾਖਲਾ ਹੋ ਚੁੱਕਾ ਹੈ। ਇਸ ਦੌਰਾਨ ਵਿੱਦਿਆ ਮੰਦਰ ਸਕੂਲ ਤੋਂ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਨੁਰਾਗ ਸੂਦ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਇਸ ਉਪਰਾਲੇ ਲਈ




ਡਾ.ਐਸ.ਪੀ.ਸਿੰਘ ਓਬਰਾਏ ਦਾ ਧੰਨਵਾਦ ਵੀ ਕੀਤਾ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਡਾ: ਐਸ.ਪੀ.ਸਿੰਘ ਓਬਰਾਏ ਦੀ ਅਗਵਾਈ ਵਿੱਚ 'ਸਰਬੱਤ ਦਾ ਭਲਾ' ਟਰੱਸਟ ਜ਼ਿਲ੍ਹੇ ਵਿਚ ਸਮਾਜ ਸੇਵਾ ਦੇ ਅਨੇਕਾਂ ਕਾਰਜ ਕਰ ਰਿਹਾ ਹੈ, ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਡਾ: ਓਬਰਾਏ ਦਾ ਧੰਨਵਾਦ ਪ੍ਰਗਟ ਕਰਦਾ ਹੈ। ਉਸ ਨੇ ਕਿਹਾ ਕਿ ਜਦੋਂ ਉਹ ਐਸ.ਡੀ.ਐਮ ਦੇ ਤੌਰ 'ਤੇ ਮੁਕੇਰੀਆਂ ਵਿੱਚ ਤਾਇਨਾਤ ਸਨ, ਤਾਂ ਉਨ੍ਹਾਂ ਨੇ ਡਾ: ਓਬਰਾਏ ਤੋਂ ਇੱਕ ਡਾਇਲਾਸਿਸ ਮਸ਼ੀਨ ਦੀ ਮੰਗ ਕੀਤੀ ਸੀ, ਜੋ ਕਿ ਉਨ੍ਹਾਂ ਵਲੋਂ ਇਕ ਹਫ਼ਤੇ ਦੇ ਅੰਦਰ ਲਗਾ ਦਿੱਤੀ ਗਈ ਸੀ, ਜਿਸ ਕਾਰਨ ਉਹ ਉਦੋਂ ਤੋਂ ਹੀ ਡਾ: ਓਬਰਾਏ ਤੋਂ ਬਹੁਤ ਪ੍ਰਭਾਵਿਤ ਹਨ। ਪ੍ਰੋਗਰਾਮ ਉਪਰੰਤ ਡਿਪਟੀ ਕਮਿਸ਼ਨਰ ਡਾ.ਐਸ.ਪੀ. ਸਿੰਘ ਓਬਰਾਏ ਨਾਲ ਅਨਾਥ ਬੱਚਿਆਂ ਦੇ ਬਿਰਧ ਘਰ ਅਤੇ ਸਕੂਲ ਦਾ ਦੌਰਾ ਕੀਤਾ। ਉਨ੍ਹਾਂ ਦੱਸਿਆ ਕਿ 'ਸਰਬੱਤ ਦਾ ਭਲਾ' ਟਰੱਸਟ ਵੱਲੋਂ ਇੱਥੇ ਪਹਿਲਾਂ ਹੀ ਕਈ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਇਸ ਦੌਰਾਨ ਡਾ: ਓਬਰਾਏ ਨੇ ਅੱਗੇ ਵੀ ਵੀ ਇੱਥੇ ਸੇਵਾ ਕਰਨ ਲਈ ਆਪਣੀ ਦਿਲਚਸਪੀ ਦਿਖਾਈ।

ਇਸ ਮੌਕੇ 'ਸਰਬੱਤ ਦਾ ਭਲਾ' ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਆਗਿਆਪਾਲ ਸਿੰਘ ਸਾਹਨੀ, ਤੱਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਦੇ ਪ੍ਰਧਾਨ ਕੇਵਲ ਸਿੰਘ, ਚੇਅਰਮੈਨ ਡਾਕਟਰ ਕੁਲਵਰਨ ਸਿੰਘ, ਕੈਸ਼ੀਅਰ ਹਰਭਜਨ ਸਿੰਘ ਸਹੂੰਗੜਾ, ਸੁਖਦੇਵ ਸਿੰਘ, ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਹੈਡ ਗ੍ਰੰਥੀ ਨਰੇਸ਼ ਸਿੰਘ, ਸਰਪੰਚ ਰੌਸ਼ਨ ਲਾਲ ਨੈਣਵਾਂ, ਸਕੱਤਰ ਅਵਤਾਰ ਸਿੰਘ, ਜਗਮੀਤ ਸਿੰਘ, ਗੁਰਪ੍ਰੀਤ ਸਿੰਘ, ਪੁਰਸ਼ੋਤਮ ਅਰੋੜਾ, ਸੰਜੀਵ ਅਰੋੜਾ, ਜੇ.ਐਸ. ਢਿੱਲੋਂ, ਨਰਿੰਦਰ ਤੂਰ, ਕੌਂਸਲਰ ਪ੍ਰਦੀਪ ਕੁਮਾਰ, ਵਿਜੇ ਅਗਰਵਾਲ, ਡੀ.ਐਚ.ਓ ਲਖਬੀਰ ਸਿੰਘ, ਐਸ.ਐਮ.ਓ ਡਾ.ਸਵਾਤੀ ਤੋਂ ਇਲਾਵਾ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

# ਨੰਗਲ ਚੌਕ ਗੜ੍ਹਸ਼ੰਕਰ ਵਿਖੇ ਮੋਦੀ ਸਰਕਾਰ ਦਾ ਪੁਤਲਾ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਦੀਆਂ ਦੁਨੀਆਂ ਪੱਧਰ ਦੀਆਂ ਨਾਮੀ ਮਹਿਲਾ ਪਹਿਲਵਾਨਾਂ ਵਲੋ ਜਿਨਸੀ ਸ਼ੋਸ਼ਣ ਖਿਲਾਫ ਕੀਤੇ ਜਾ ਰਹੇ ਸ਼ੰਘਰਸ਼ ਨੂੰ ਪੁਲਿਸ ਸਰਕਾਰੀ ਦਹਿਸ਼ਤ ਰਾਹੀ ਪੁਲਿਸ ਜਬਰ ਨਾਲ ਕੁਚਲ ਦੇਣ ਦੇ ਮਨਸੂਬਿਆਂ




ਅਤੇ ਜਿਨਸੀ ਦੋਸ਼ਾ ਵਿੱਚ ਘਿਰੇ ਕੁਸ਼ਤੀ ਸੰਘ ਦੇ ਮੁਖੀ ਬ੍ਰਿਜਭੂਸ਼ਣ ਖਿਲਾਫ ਕਾਰਵਾਈ ਕਰਵਾਉਣ ਲਈ ਗੜਸ਼ੰਕਰ ਖੇਤਰ ਦੀ ਵੱਖ ਵੱਖ ਜੱਥੇਬੰਦੀਆਂ ਵਲੋ ਮੁਕੇਸ਼ ਕੁਮਾਰ ਹਰਮੇਸ਼ ਢੇਸੀ, ਦਰਸ਼ਣ ਸਿੰਘ ਮੱਟੂ ਡਾ.ਜੋਗਿੰਦਰ ਕੁਲੇਵਾਲ, ਪ੍ਰੋ ਸੰਧੂ ਵਰਿਆਣਵੀ, ਬਲਵੀਰ ਖਾਨਪੁਰੀ ਅਤੇ ਬੀਬੀ ਸ਼ੁਭਾਸ਼ ਮੱਟੂ ਦੀ ਅਗਵਾਈ ਹੇਠ ਇਲਾਕੇ ਦੀਆਂ ਜਮਹੂਰੀਅਤ ਤੇ ਇਨਸਾਫਪਸੰਦ ਜੱਥੇਬੰਦੀਆਂ ਵਲੋ ਅੱਜ ਇੱਥੇ ਬੰਗਾ ਚੌਕ ਨੇੜੇ ਸਥਿਤ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਰੈਲੀ ਕਰਕੇ ਸ਼ਹਿਰ ਵਿੱਚ ਰੋਸ ਮਾਰਚ ਕਰਨ ਉਪਰੰਤ ਨੰਗਲ ਚੌਕ ਵਿੱਚ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। . ਰੈਲੀ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆ ਸੁਖਦੇਵ ਡਾਨਸੀਵਾਲ ਕੁਲਵਿੰਦਰ ਚਾਹਲ,ਗੁਰਨੇਕ ਭੱਜਲ, ਡਾ ਬਿੱਕਰ ਸਿੰਘ,ਭੁਪਿੰਦਰ ਸੜੋਆ, ਪ੍ਰੋ ਕੁਲਵੰਤ ਗੋਲੇਵਾਲ ਅਤੇ ਪ੍ਰਦੀਪ ਕੁਮਾਰ ਗੁਰੂ ਵਲੋ ਨੇ ਕਿਹਾ ਕਿ ਦੇਸ਼ ਦੇ ਨਾਮੀ ਪਹਿਲਵਾਨ ਖਾਸ ਕਰਕੇ ਮਹਿਲਾ ਪਹਿਲਵਾਨ ਆਪਣੇ ਨਾਲ ਕੁਸ਼ਤੀ ਮਹਾ ਸੰਘ ਦੇ ਪ੍ਰਧਾਨ ਬ੍ਰਿਜਭੂਸ਼ਣ ਸ਼ਰਣ ਸਿੰਘ ਵਲੋਂ ਕੀਤੇ ਜਿਨਸੀ ਸ਼ੋਸ਼ਣ ਖਿਲਾਫ ਜੰਤਰ ਮੰਤਰ ਵਿਖੇ ਪਿਛਲੇ ਕਈ ਮਹੀਨਿਆਂ ਤੋ ਪ੍ਰਦਰਸ਼ਨ ਕਰ ਰਹੇ ਨੇ ਪਰ ਕੇਂਦਰ ਸਰਕਾਰ ਉਹਨਾਂ ਨੂੰ ਇਨਸਾਫ ਦੇਣ ਦੀ ਥਾਂ ਖੌਫਜ਼ਦਾ ਕਰਕੇ ਉਹਨਾਂ ਦੇ ਸ਼ੰਘਰਸ਼ ਨੂੰ ਕੁਚਲ ਰਹੀ ਹੈ ਕੱਲ ਜਦੋਂ ਪਹਿਲਵਾਨ ਵੱਖ ਵੱਖ ਸੰਗਠਨ ਮਹਾ ਪੰਚਾਇਤ ਕਰਨ ਲਈ ਇਕੱਤਰ ਹੋ ਰਹੇ ਸਨ ਤਾਂ ਕੇਂਦਰ ਦੀ ਸ਼ਹਿ ਤੇ ਪੁਲਿਸ ਵਲੋ ਬੇਹਿਸਾਬ ਤਸ਼ੱਸ਼ਦ ਕਰਕੇ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਹਨਾਂ ਦੇ ਧਰਨੇ ਦੇ ਤੰਬੂ ਪੁੱਟ ਕੇ ਫਾਸ਼ੀਵਾਦੀ ਚਿਹਰਾ ਦਿਖਾਇਆ।

ਆਗੂਆਂ ਨੇ ਮੰਗ ਕੀਤੀ ਕਿ ਕੁਸ਼ਤੀ ਸ਼ੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਪ੍ਰਧਾਨ ਦੇ ਅਹੁਦੇ ਤੋ ਹਟਾ ਕੇ ਗ੍ਰਿਫਤਾਰ ਕੀਤਾ ਜਾਵੇ ਅਤੇ ਪਹਿਲਵਾਨਾਂ ਨਾਲ ਇਨਸਾਫ ਕਰੇ । ਇਸ ਸਮੇ ਜਰਨੈਲ ਸਿੰਘ,ਸੱਤਪਾਲ ਕਲੇਰ, ਮਨਜੀਤ ਬੰਗਾ, ਜਰਨੈਲ ਸਿੰਘ ਗੋਲੇਵਾਲ, ਲਖਵੀਰ ਸਿੰਘ ਅਲੀਪੁਰ, ਹੰਸ ਰਾਜ ਗੜਸ਼ੰਕਰ, ਗੁਰਮੇਲ ਸਿੰਘ, ਗੁਰਨਾਮ ਸਿੰਘ, ਗੁਰਬਖਸ਼ ਸਿੰਘ, ਹਰਭਜਨ ਗੁੱਲਪੁਰ, ਪ੍ਰੇਮ ਪਾਲੇਵਾਲ, ਰੇਸ਼ਮ ਸਿੰਘ ਭੱਜਲ, ਗੁਰਮੇਲ ਕਲਸੀ, ਗੁਰਦੇਵ ਸਿੰਘ ਤੇ ਜਰਨੈਲ ਸਿੰਘ ਗੋਲੇਵਾਲ ਜੋਗਿੰਦਰ ਸਿੰਘ ਸੰਤੋਖ ਸਿੰਘ, ਰਜਿੰਦਰ ਸਿੰਘ ਸ਼ਾਮਲ ਸਨ।

# ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਹਲਕੇ ਵਿੱਚ ਵਿਸ਼ਾਲ ਰੋਸ ਰੈਲੀ 3 ਜੂਨ ਨੂੰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਗੜ੍ਹਸ਼ੰਕਰ ਦੀ ਮੀਟਿੰਗ ਸ਼ਾਮ ਸੁੰਦਰ ਕਪੂਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਫੈਡਰੇਸ਼ਨ ਦੇ ਸੂਬਾਈ ਆਗੂ ਮੱਖਣ ਸਿੰਘ ਵਾਹਿਦਪੁਰੀ ਅਤੇ ਜਥੇਦਾਰ ਅਮਰੀਕ ਸਿੰਘ ਵਿਸ਼ੇਸ ਤੌਰ ਤੇ ਸ਼ਾਮਿਲ ਹੋਏ। ਰਾਣੀ ਤੇ ਫੈਡਰੇਸ਼ਨ ਆਗੂ ਗੁਰਬਿੰਦਰ ਸਿੰਘ ਤੇ ਸਮੁੱਚੇ ਵਫ਼ਦ ਨਾਲ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲੋਂ ਤਾਕਤ ਅਤੇ ਸੱਤਾ ਦੇ ਨਸ਼ੇ ਵਿਚ ਆ ਕੇ ਦੁਰਵਿਹਾਰ ਕੀਤਾ ਗਿਆ, ਜਿਸ ਨਾਲ ਸਮੁੱਚੇ ਪੰਜਾਬ ਦੇ ਮੁਲਾਜ਼ਮਾਂ ਵਿਚ ਵਿਆਪਕ ਰੋਸ ਫੈਲ ਗਿਆ ਤੇ ਇਸ ਦੇ ਰੋਸ ਵਜੋਂ ਮਿਤੀ 25 ਮਈ ਨੂੰ ਸਮੁੱਚੇ ਪੰਜਾਬ



ਮੀਟਿੰਗ ਦੇ ਫੈਸਲਿਆਂ ਬਾਰੇ ਦੱਸਦਿਆਂ ਬਲਾਕ ਸਕੱਤਰ ਜੀਤ ਬਗਵਾਈ ਨੇ ਦੱਸਿਆ ਕਿ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਵਲੋਂ ਮਿਤੀ 3 ਜੂਨ ਨੂੰ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਹਲਕੇ ਆਨੰਦਪੁਰ ਸਾਹਿਬ ਵਿਖੇ ਕੀਤੀ ਜਾ ਰਹੀ ਰੋਸ ਰੈਲੀ ਅਤੇ ਮੁਜਾਹਰੇ ਵਿਚ ਗੜ੍ਹਸ਼ੰਕਰ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਸ਼ਾਮਿਲ ਹੋਣਗੇ ।ਯਾਦ ਰਹੇ ਕਿ ਮਿਤੀ 24 ਮਈ ਨੂੰ ਮਿਡ-ਡੇ-ਮੀਲ ਵਰਕਰਜ ਨਾਲ ਹੋਈ ਮੀਟਿੰਗ ਸਮੇਂ ਪਸਸਫ ਦੇ ਸੂਬਾਈ ਪ੍ਰਧਾਨ ਸਾਥੀ ਸਤੀਸ਼ ਰਾਣਾ, ਮਿਡ ਡੇ - ਮੀਲ ਵਰਕਰਜ਼ ਯੂਨੀਅਨ ਦੀ ਸੂਬਾ ਪ੍ਰਧਾਨ ਵਿਮਲਾ ਵਿਚ ਸਿੱਖਿਆ ਮੰਤਰੀ ਦੇ ਪੁਤਲੇ ਫੂਕੇ ਗਏ । ਹੁਣ ਪੰਜਾਬ ਦੇ ਸਮੁੱਚੇ ਮੁਲਾਜ਼ਮ ਹਜ਼ਾਰਾਂ ਦੀ ਗਿਣਤੀ ਵਿਚ ਆਨੰਦਪੁਰ ਸਾਹਿਬ ਪਹੁੰਚ ਕੇ ਹੰਕਾਰੀ ਸਿੱਖਿਆ ਮੰਤਰੀ ਵਿਰੁੱਧ ਰੋਸ ਦਾ ਪ੍ਰਗਟਾਵਾ ਕਰਨਗੇ।

ਇਸ ਸਮੇ ਸੁਰਜੀਤ ਸਿੰਘ ਕਾਲਾ, ਨਰੇਸ਼ ਭੰਮੀਆਂ ,ਬਲਵੰਤ ਰਾਮ, ਰਮਨ ਕੁਮਾਰ, ਰਾਜ ਕੁਮਾਰ ਮਿਨਹਾਸ, ਸ਼ਰਮੀਲਾ ਰਾਣੀ, ਨਿਰਮਲ ਕੌਰ, ਨਰਿੰਦਰ ਕੌਰ, ਜਸਵਿੰਦਰ ਕੌਰ, ਨਰੇਸ਼ ਬੱਗਾ, ਗੁਰਨਾਮ ਹਾਜੀਪੁਰ, ਸਤੀਸ਼ ਕੁਮਾਰ ਤੇ ਪਰਵੀਨ ਕੁਮਾਰ ਹਾਜ਼ਰ ਸਨ।

# ਅੰਬੇਡਕਰ ਪੀਠ ਦੇ ਪ੍ਰਧਾਨ ਡਾ: ਅਵਿਨਾਸ਼ ਫੁਲਝੇਲੇ ਨੇ ਐਲ.ਆਰ. ਬਾਲੀ ਤੋਂ ਜਾਣਕਾਰੀ ਹਾਸਲ ਕੀਤੀ

**ਜਲੰਧਰ (ਵਿਵੇਕ ਭਾਟੀਆ)–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਜਾਰੀ ਪ੍ਰੈਸ ਬਿਆਨ ਵਿੱਚ ਦੱਸਿਆ ਕਿ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ, ਨਵੀਂ ਦਿੱਲੀ ਦੁਆਰਾ ਚਲਾਏ ਜਾ ਰਹੇ ਰਾਸ਼ਟਰਸੰਤ ਤੁਕਦੋਜੀ ਮਹਾਰਾਜ ਨਾਗਪੁਰ ਯੂਨੀਵਰਸਿਟੀ, ਨਾਗਪੁਰ ਵਿਖੇ ਸਥਾਪਿਤ ਡਾ: ਅੰਬੇਡਕਰ ਚੇਅਰ ਦੇ ਪ੍ਰਧਾਨ ਪ੍ਰੋਫ਼ੈਸਰ ਡਾ: ਅਵਿਨਾਸ਼ ਫੁਲਝੇਲੇ, ਨੇ ਅੰਬੇਡਕਰ ਲੇਖਕ ਸ਼੍ਰੀ ਐਲ.ਆਰ. ਬਾਲੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨਾਲ ਪੰਜਾਬ ਵਿੱਚ ਜ਼ਮੀਨਾਂ ਦੀ ਅਲਾਟਮੈਂਟ ਦੇ ਮਾਮਲੇ 'ਤੇ ਚਰਚਾ ਕੀਤੀ। 1964 ਵਿੱਚ ਬੇਜ਼ਮੀਨੇ ਅੰਦੋਲਨ ਅੰਬੇਡਕਰ ਦੇ ਅੰਦੋਲਨ ਦਾ ਇੱਕ ਮਹੱਤਵਪੂਰਨ ਹਿੱਸਾ ਸੀ। ਬਲਦੇਵ ਭਾਰਦਵਾਜ ਨੇ ਦੱਸਿਆ ਕਿ ਡਾ: ਫੁਲਝੇਲੇ ਦਾ ਦੌਰਾ ਅੰਬੇਡਕਰ ਮੂਵਮੈਂਟ ਫਾਰ ਅਲਾਟਮੈਂਟ ਆਫ਼ ਲੈਂਡ ਟੂ ਸ਼ਡਿਊਲਡ ਕਾਸਟ (ਅਜੋਕੇ ਸੰਦਰਭ ਵਿੱਚ ਕੁਦਰਤ ਅਤੇ ਸਫ਼ਲਤਾ ਨੂੰ ਸਮਝਣਾ) ਬਾਰੇ ਇੱਕ ਖੋਜ ਪ੍ਰੋਜੈਕਟ ਲਈ ਸੀ।



ਐਲਆਰ ਬਾਲੀ ਨੇ 1964 ਵਿੱਚ ਬੇਜ਼ਮੀਨੇ ਅੰਦੋਲਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਸ ਅੰਦੋਲਨ ਵਿੱਚ ਉਨ੍ਹਾਂ ਦੀ



ਪਤਨੀ, ਦੋ ਬੱਚੇ ਅਤੇ ਉਹ ਖ਼ੁਦ ਜੇਲ੍ਹ ਗਏ। ਇਸ ਬੇਜ਼ਮੀਨੇ ਅੰਦੋਲਨ ਦੀ ਅਗਵਾਈ ਐਲਆਰ ਬਾਲੀ ਨੇ ਕੀਤੀ। ਇਹ ਸੱਤਿਆਗ੍ਰਹਿ ਅੰਬੇਡਕਰ ਅੰਦੋਲਨ ਦਾ ਅਹਿਮ ਹਿੱਸਾ ਸੀ। ਇਸ ਵਿਸ਼ੇ 'ਤੇ ਡਾ: ਅਵਿਨਾਸ਼ ਫੁਲਝੇਲੇ ਨੇ ਐਲ.ਆਰ. ਬਾਲੀ ਨਾਲ ਵਿਸਥਾਰਪੂਰਵਕ ਗੱਲਬਾਤ ਕੀਤੀ। ਉਨ੍ਹਾਂ ਤੋਂ ਇਸ ਅੰਦੋਲਨ ਵਿੱਚ ਉਨ੍ਹਾਂ ਦੀ ਭੂਮਿਕਾ ਬਾਰੇ ਜਾਣਕਾਰੀ ਲਈ ਗਈ। ਭਾਰਦਵਾਜ ਨੇ ਅੱਗੇ ਕਿਹਾ ਕਿ ਮੌਜੂਦਾ ਵਿਸ਼ੇ 'ਤੇ ਅਜੇ ਚੰਗੀ ਤਰ੍ਹਾਂ ਖੋਜ ਨਹੀਂ ਕੀਤੀ ਗਈ ਹੈ। ਇਸ ਖੋਜ ਦਾ ਅਸਲ ਮਕਸਦ ਇਹ ਜਾਣਕਾਰੀ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਹੈ। ਬਾਲੀ ਜੀ ਨੇ ਆਪਣੀ ਸਵੈ-ਜੀਵਨੀ 'ਅੰਬੇਡਕਰੀ ਹੋਨੇ ਕਾ ਅਰਥ' ਅਤੇ ਪੁਸਤਕ 'ਡਾ. ਅੰਬੇਡਕਰ ਜੀਵਨ ਅਤੇ ਮਿਸ਼ਨ' ਡਾ: ਫੁਲਝੇਲੇ ਨੂੰ ਭੇਟ ਕੀਤੀ। ਬਾਲੀ ਜੀ ਨਾਲ ਗੱਲਬਾਤ ਕਰਨ ਤੋਂ ਬਾਅਦ ਡਾ: ਫੁਲਝੇਲੇ ਅੰਬੇਡਕਰ ਭਵਨ ਪਹੁੰਚੇ ਅਤੇ ਉੱਥੇ ਬੁੱਧ ਦੀ ਮੂਰਤੀ ਦੇਖ ਕੇ ਬਹੁਤ ਪ੍ਰਭਾਵਿਤ ਹੋਏ । ਬਲਦੇਵ ਰਾਜ ਭਾਰਦਵਾਜ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਜਨਰਲ ਸਕੱਤਰ ਜਸਵਿੰਦਰ ਵਰਿਆਣਾ ਨੇ ਡਾ: ਅਵਿਨਾਸ਼ ਫੁਲਝੇਲੇ ਨੂੰ ਗੁਲਦਸਤਾ ਦੇ ਕੇ ਸਨਮਾਨਿਤ ਵੀ ਕੀਤਾ।

# ਸਕੇਪ ਸਾਹਿਤਕ ਸੰਸਥਾ ਨੇ ਪ੍ਰਧਾਨ ਪਰਵਿੰਦਰ ਜੀਤ ਦੀ ਅਗਵਾਈ 'ਚ ਕਰਵਾਇਆ ਕਵੀ ਦਰਬਾਰ



**ਫਗਵਾੜਾ 29 ਮਈ (ਬੀ.ਕੇ.ਰੱਤੂ )** ਸਕੇਪ ਸਾਹਿਤਕ ਸੰਸਥਾ ਵੱਲੋਂ ਮਹੀਨਾਵਾਰ ਕਵੀ ਦਰਬਾਰ ਲੇਖਕ ਤੇ ਸੰਸਥਾ ਪ੍ਰਧਾਨ ਪਰਵਿੰਦਰਜੀਤ ਸਿੰਘ ਦੀ ਅਗਵਾਈ 'ਚ ਕਰਵਾਇਆ ਗਿਆ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਪ੍ਰਸਿਧ ਲੇਖਕ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਦਲਜੀਤ ਮੈਹਿਮੀ, ਗ਼ਜ਼ਲਗੋ ਬਲਦੇਵ ਰਾਜ ਕੋਮਲ ਅਤੇ ਜਸਵਿੰਦਰ ਕੌਰ ਫਗਵਾੜਾ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਪਿਆਰਾ ਸਿੰਘ ਭੋਗਲ ਨੂੰ ਸ਼ਰਧਾਂਜਲੀ ਦਿੰਦੇ ਹੋਏ ਦੋ ਮਿੰਟ ਦਾ ਮੌਨ ਰੱਖ ਕੇ ਕੀਤੀ ਗਈ। ਮੈਡਮ ਕਮਲੇਸ਼ ਸੰਧੂ ਨੇ ਸਭ ਨੂੰ ਜੀ ਆਇਆ ਕਹਿੰਦੇ ਹੋਏ ਮੰਚ ਸੰਚਾਲਨ ਕੀਤਾ। ਇਸ ਸਾਹਿਤਕ ਸਮਾਗਮ 'ਚ ਲਗਭਗ ਦੋ ਦਰਜਨ ਤੋਂ ਵੱਧ ਪ੍ਰਸਿੱਧ ਸ਼ਾਇਰਾਂ, ਲੇਖਕਾਂ ਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ। ਕਵੀ ਦਰਬਾਰ ਦੌਰਾਨ ਸਮਾਜਿਕ ਸਰੋਕਾਰਾਂ ਅਤੇ ਸ਼ਹੀਦਾਂ ਨੂੰ ਸਮਰਪਿਤ ਨਵੇਕਲੀਆਂ ਕਵਿਤਾਵਾਂ, ਗੀਤ ਗ਼ਜ਼ਲਾਂ ਸੁਣਾਈਆਂ ਗਈਆਂ। ਕਵੀ ਦਰਬਾਰ ਵਿਚ ਸੁਖਦੇਵ ਸਿੰਘ ਗੰਢਵਾ, ਰਵਿੰਦਰ ਚੋਟ, ਬਲਵੀਰ ਕੌਰ ਬੱਬੂਸੈਣੀ, ਲਾਲੀ ਕਰਤਾਰਪੁਰੀ, ਲਸ਼ਕਰ ਢੰਡਵਾੜਵੀ, ਸੋਢੀ ਸੱਤੋਵਾਲੀ, ਸ਼ਾਮ ਸਰਗੂੰਦੀ, ਓਮ ਪ੍ਰਕਾਸ਼ ਸੰਦਲ, ਰਵਿੰਦਰ ਸਿੰਘ ਰਾਏ, ਸੁਬੇਗ ਸਿੰਘ ਹੰਝਰਾਂ, ਸੁਬੇਗ ਸਿੰਘ ਹੰਝਰਾਂ, ਕਮਲੇਸ਼ ਸੰਧੂ, ਦਲਜੀਤ ਕੌਰ, ਮੋਹਨ ਆਰਟੀਸਟ, ਬਚਨ ਗੁੜ੍ਹਾ, ਕੈਪਟਨ ਦਵਿੰਦਰ ਜੱਸਲ, ਸਾਧੂ ਸਿੰਘ ਜੱਸਲ, ਅਮਨ ਗਾਂਧੀ, ਦਲਜੀਤ ਮੈਹਿਮੀ, ਬਲਦੇਵ ਰਾਜ ਕੋਮਲ, ਜਸਵਿੰਦਰ ਫਗਵਾੜਾ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਸਮੇਂ ਨੂੰ ਬੰਨ੍ਹ ਰੱਖਿਆ।

ਦਸਤਖ ਸੰਸਥਾ ਵਲੋਂ ਮਨਦੀਪ ਮਹਿਰਮ ਦੁਆਰਾ ਤਿਆਰ ਕਰਵਾਈ ਗਈ "ਕਵਿਤਾ ਕੀ ਹੁੰਦੀ ਹੈ" ਕਵਿਤਾ ਦੀ ਵੀਡੀਓ ਪੇਸ਼ਕਾਰੀ ਕੀਤੀ ਗਈ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਪ੍ਰਧਾਨਗੀ ਭਾਸ਼ਣ 'ਚ ਸੰਸਥਾ ਵਲੋਂ ਨਵੇਂ ਲੇਖਕਾਂ ਨੂੰ ਸਾਹਿਤ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲਿਆਂ ਲਈ ਵਧਾਈ ਦਿੱਤੀ। ਪਰਵਿੰਦਰ ਜੀਤ ਸਿੰਘ ਨੇ ਸਾਹਿਤ ਨੂੰ ਤਕਨੀਕੀ ਯੁੱਗ ਦੇ ਰੂਪ ਵਿੱਚ ਢਾਲਣ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਲਈ ਕਿਹਾ। ਮਾਸਟਰ ਮਨਦੀਪ ਸਿੰਘ ਨੇ ਆਏ ਹੋਏ ਲੇਖਕਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਗਮ 'ਚ ਅਸ਼ੋਕ ਸ਼ਰਮਾ, ਪਵਨ ਰਾਣਾ, ਰਕੇਸ਼ ਮਰਵਾਹਾ, ਉਰਮਲਜੀਤ ਸਿੰਘ, ਗੁਰਨਾਮ ਬਾਵਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕਾਂ ਨੇ ਹਿੱਸਾ ਲਿਆ।

# ਪਹਿਲਵਾਨ ਧੀਆਂ ਨੂੰ ਇਨਸਾਫ ਦਿਵਾਉਣ ਲਈ ਕੇਂਦਰ ਸਰਕਾਰ ਅੱਗੇ ਆਵੇ : ਮਾਇਆਵਤੀ



**ਲਖਨਊ–** ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਭਾਰਤੀ ਕੁਸ਼ਤੀ ਮਹਾਸੰਘ ਦੇ ਆਊਟਗੋਇੰਗ ਪ੍ਰਧਾਨ ਅਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਕਾਰਵਾਈ ਦੀ ਮੰਗ ਕਰ ਰਹੇ ਪਹਿਲਵਾਨਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਧੀਆਂ ਨੂੰ ਇਨਸਾਫ ਦਿਵਾਉਣ ਲਈ ਕੇਂਦਰ ਸਰਕਾਰ ਨੂੰ ਜ਼ਰੂਰ ਅੱਗੇ ਆਉਣਾ ਚਾਹੀਦਾ ਹੈ। ਬਸਪਾ ਮੁਖੀ ਨੇ ਟਵੀਟ ਕੀਤਾ ਕਿ ਵਿਸ਼ਵ ਕੁਸ਼ਤੀ 'ਚ ਭਾਰਤ ਦਾ ਨਾਂ ਰੌਸ਼ਨ ਕਰ ਕੇ ਗੌਰਵਮਈ ਸਥਾਨ ਪਾਉਣ ਵਾਲੀਆਂ ਭਾਰਤੀ ਧੀਆਂ ਕੁਸ਼ਤੀ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ 'ਤੇ ਸ਼ੋਸ਼ਣ ਦੇ ਗੰਭੀਰ ਦੋਸ਼ਾਂ ਖਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਅੰਦੋਲਨ ਕਰਨ ਨੂੰ ਮਜ਼ਬੂਰ ਹਨ। ਮਾਇਆਵਤੀ ਨੇ ਇਸ ਟਵੀਟ 'ਚ ਕਿਹਾ ਕਿ ਇਨ੍ਹਾਂ ਧੀਆਂ ਨੂੰ ਨਿਆਂ ਦਿਵਾਉਣ ਲਈ ਕੇਂਦਰ ਸਰਕਾਰ ਨੂੰ ਜ਼ਰੂਰ ਅੱਗੇ ਆਉਣਾ ਚਾਹੀਦਾ ਹੈ।

# ਮੋਦੀ ਸਰਕਾਰ ਨੂੰ ਪਹਿਲਵਾਨ ਖਿਡਾਰੀਆਂ ਅਤੇ ਲੋਕਾਂ ਉਪਰ ਢਾਹੇ ਜ਼ਬਰ ਦੀ ਕੀਮਤ ਚੁਕਾਉਣੀ ਪਵੇਗੀ: ਮਨਜੀਤ ਧਨੇਰ

**ਚੰਡੀਗੜ੍ਹ, (ਦਲਜੀਤ ਕੌਰ)–**ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਦਿੱਲੀ ਵਿਖੇ ਪਹਿਲਵਾਨ ਖਿਡਾਰੀਆਂ ਦੇ ਮਹੀਨੇ ਤੋਂ ਵੱਧ ਸਮੇਂ ਤੋਂ ਚੱਲ ਰਹੇ ਧਰਨੇ ਨੂੰ ਜ਼ਬਰ ਦੀਆਂ ਸਭ ਹੱਦਾਂ ਬੰਨ੍ਹੇ ਟੱਪ ਕੇ ਰੌਂਦਣ ਦਾ ਸ਼ਰਮਨਾਕ ਕਾਰਾ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਧਨੇਰ ਅਤੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜੰਤਰ ਮੰਤਰ, ਜਿਹੜਾ ਕਿ ਲੋਕਾਂ ਦੇ ਧਰਨਾ ਪ੍ਰਦਰਸ਼ਨ ਕਰਨ ਦੀ ਥਾਂ ਹੈ, ਇਸ ਨੂੰ ਪੁਲਸ ਛਾਉਣੀ ਵਿੱਚ ਬਦਲ ਦਿੱਤਾ ਗਿਆ ਹੈ ਅਤੇ ਉੱਥੇ ਜਾਣ ਦੀ ਮਨਾਹੀ ਕਰ ਦਿੱਤੀ ਹੈ। ਪਹਿਲਵਾਨ ਕੁੜੀਆਂ ਤੇ ਪੁਲਿਸ ਕੇਸ ਦਰਜ ਕੀਤੇ ਜਾ ਰਹੇ ਹਨ ਅਤੇ ਸੰਗੀਨ ਧਾਰਾਵਾਂ ਲਾਈਆਂ ਜਾ ਰਹੀਆਂ ਹਨ। ਉਨ੍ਹਾਂ ਉੱਤੇ ਦੰਗਾ ਕਰਨ, ਗੈਰ ਕਾਨੂੰਨੀ ਤੌਰ ਤੇ



ਇਕੱਠੇ ਹੋਣ, ਪੁਲਸ ਦੀ ਡਿਊ ਉਸਟੀ ਵਿੱਚ ਅੜਿੱਕਾ ਖੜਾ ਕਰਨਾ ਅਤੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਣ (Seciton 3 of Prevenitom Of Damage to Pubilc Property Act) ਦੇ ਦੋਸ਼ ਲਾਏ ਜਾ ਰਹੇ ਹਨ। ਪਹਿਲਵਾਨ ਖਿਡਾਰਰੀਆਂ ਖ਼ਿਲਾਫ਼ ਦਰਜ ਵਿੱਚ ਐਨੀ ਮੁਸਤੈਦੀ ਜਦ ਕਿ ਸਰੀਰਕ ਸ਼ੋਸ਼ਣ ਦੇ ਦੋਸ਼ੀ ਖਿਲਾਫ ਪਰਚਾ ਦਰਜ ਕਰਵਾਉਣ ਲਈ ਸੁਪਰੀਮ ਕੋਰਟ ਤੱਕ ਦਾ ਬੂਹਾ ਖੜਕਾਉਣ ਲਈ ਮਜ਼ਬੂਰ ਹੋਣਾ ਪਿਆ।ਪਹਿਲਵਾਨਾਂ ਨੂੰ ਸੜਕਾਂ ਤੇ ਘੜੀਸ ਕੇ ਬੂਟਾਂ ਹੇਠ ਦਰੜਿਆ ਜਾ ਰਿਹਾ ਸੀ ਅਤੇ ਸਰੀਰਕ ਸ਼ੋਸ਼ਣ ਦਾ ਦੋਸ਼ੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਪਾਰਲੀਮੈਂਟ ਦੀ ਨਵੀਂ ਬਣੀ ਇਮਾਰਤ ਵਿੱਚ ਬਿਰਾਜਮਾਨ ਸੀ।

ਆਗੂਆਂ ਨੇ ਕਿਹਾ ਕਿ ਪੁਲਿਸ ਦੇ ਜ਼ਿੰਮੇਵਾਰ ਅਫਸਰ, ਪਹਿਲਵਾਨਾਂ ਦੇ ਇਸ ਸੰਘਰਸ਼ ਨੂੰ ਦੇਸ਼ ਵਿਰੋਧੀ ਦੱਸ ਕੇ ਨੰਗੀ ਚਿੱਟੀ ਗੁੰਡਾਗਰਦੀ ਕਰ ਰਹੇ ਹਨ। ਭਾਵੇਂ ਪੁਲਿਸ ਨੂੰ ਭਾਰੀ ਲੋਕ ਵਿਰੋਧ ਦੇ ਚੱਲਦਿਆਂ ਪਹਿਲਵਾਨਾਂ ਅਤੇ ਉਹਨਾਂ ਦੇ ਸਮਰਥਕਾਂ ਨੂੰ ਰਿਹਾਅ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ ਪਰ ਇਸ ਤੋਂ ਵੀ ਅੱਗੇ ਜਾਂਦਿਆਂ ਹੁਣ ਪੁਲਿਸ ਇਨ੍ਹਾਂ ਦਾ ਗੈਰਕਾਨੂੰਨੀ ਪਿੱਛਾ ਕਰ ਰਹੀ ਹੈ। ਇਹ ਘੋਰ ਅਨਿਆਂ ਤੇ ਤਾਕਤ ਦੇ ਨਸ਼ੇ ਵਿੱਚ ਚੂਰ ਹਕੂਮਤ ਦਾ ਉਲਟ ਵਾਰ ਹੈ। ਮੋਦੀ ਸਰਕਾਰ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਸੰਯੁਕਤ ਕਿਸਾਨ ਮੋਰਚੇ ਦੇ ਪੰਜਾਬ ਚੈਪਟਰ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਮੋਦੀ ਸਰਕਾਰ ਦੇ ਇਸ ਜਾਬਰ ਹੱਲੇ ਦਾ ਜਵਾਬ ਦੇਣ ਲਈ ਰਣਨੀਤੀ ਉਲੀਕਣ ਵਾਸਤੇ 30 ਮਈ ਨੂੰ 11 ਵਜੇ ਲੁਧਿਆਣੇ ਮੀਟਿੰਗ ਬੁਲਾ ਲਈ ਗਈ ਹੈ। ਇਸ ਮੀਟਿੰਗ ਵਿੱਚ ਜੋ ਵੀ ਸੰਘਰਸ਼ ਪ੍ਰੋਗਰਾਮ ਉਲੀਕਿਆ ਜਾਵੇਗਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਧ ਚੜ੍ਹ ਕੇ ਲਾਗੂ ਕਰੇਗੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸੀਬਾ ਸਕੂਲ 'ਚ ਵਿਦਿਆਰਥੀਆਂ ਨੇ ਵੋਟਾਂ ਰਾਹੀ ਹੈੱਡ ਬੁਆਏ, ਹੈੱਡ ਗਰਲ ਅਤੇ ਕਲਾਸ ਲੀਡਰਾਂ ਦੀ ਕੀਤੀ ਚੋਣ

**ਲਹਿਰਾਗਾਗਾ, (ਦਲਜੀਤ ਕੌਰ)–** ਲੋਕਤੰਤਰ ਦੀ ਮੁੱਢਲੀ ਸਿਖਲਾਈ ਲਈ ਸੀਬਾ ਸਕੂਲ, ਲਹਿਰਾਗਾਗਾ ਦੀ ਵਿਦਿਆਰਥੀ-ਪਾਰਲੀਮੈਂਟ ਲਈ ਕਰਵਾਈਆਂ ਚੋਣਾਂ ਦੌਰਾਨ ਹੈੱਡ ਬੁਆਏ, ਹੈੱਡ ਗਰਲ, ਕਲਚਰਲ, ਸਪੋਰਟਸ, ਡਸਿਪਲਿਨ ਪ੍ਰੀਫੈਕਟ ਅਤੇ ਕਲਾਸ



ਲੀਡਰਾਂ ਦੀ ਚੋਣ ਕੀਤੀ ਗਈ। ਇਸ ਚੋਣ ਪ੍ਰਕ੍ਰਿਆ ਵਿਚ ਬਕਾਇਦਾ ਚੋਣ ਨਿਸ਼ਾਨ, ਬੈਲਟ ਪੇਪਰ ਆਦਿ ਦਾ ਪ੍ਰਬੰਧ ਕੀਤਾ ਗਿਆ। ਛੋਟੇ ਬੱਚਿਆਂ ਵਿਚ ਚੋਣਾਂ ਦਾ ਚਾਅ ਵੇਖਣ ਵਾਲਾ ਸੀ।

ਹੈੱਡ ਬੁਆਏ ਲਈ ਰਮੇਸ਼ਵਰ ਸਿੰਘ ਚਹਿਲ ਨੇ 435 ਵੋਟਾਂ ਹਾਸਿਲ ਕਰਕੇ ਜਿੱਤ ਹਾਸਿਲ ਕੀਤੀ, ਜਦੋਂਕਿ ਰੋਹਿਤ ਰਾਜ ਦੂਸਰੇ ਸਥਾਨ ਤੇ ਰਿਹਾ। ਲਵਪ੍ਰੀਤ ਕੌਰ ਨੰਗਲਾ 337 ਵੋਟਾਂ ਹਾਸਿਲ ਕਰਕੇ ਹੈੱਡ ਗਰਲ ਬਣੀ, ਜਦੋਂ ਕਿ ਮੁਸਕਾਨ ਤੇ ਮਹਿਕਪ੍ਰੀਤ ਕੌਰ ਕ੍ਰਮਵਾਰ ਦੂਸਰੇ ਅਤੇ ਤੀਸਰੇ ਤੇ ਰਹੀਆਂ। ਕਲਚਰਲ ਪ੍ਰੀਫੈਕਟ ਲਈ ਮਹਿਕਪ੍ਰੀਤ ਕੌਰ ਸੰਧੂ, ਡਸਿਪਲਿਨ ਪ੍ਰੀਫੈਕਟ ਲਈ ਹਰਮਨਜੋਤ ਕੌਰ ਅਤੇ ਸਪੋਰਟਸ ਪ੍ਰੀਫੈਕਟ ਲਈ ਅਰਵਿੰਦ ਸਿੰਘ ਭੁਟਾਲ ਚੁਣੇ ਗਏ। ਇਸੇ ਤਰ੍ਹਾਂ ਵੱਖ-ਵੱਖ ਕਲਾਸਾਂ ਲਈ ਲੀਡਰਾਂ ਦੀ ਚੋਣ ਕੀਤੀ ਗਈ। ਜੇਤੂ ਉਮੀਦਵਾਰਾਂ ਨੇ ਆਪਣੀ ਜਿੱਤ ਲਈ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸੀਬਾ ਚੋਣ ਕਮਿਸ਼ਨ ਵਜੋਂ ਹਰਵਿੰਦਰ ਸਿੰਘ ਹਾਂਡਾ, ਆਸ਼ਾ ਗੁਪਤਾ, ਮਧੂ ਮੋਤੀ, ਰਜਨੀ ਮਿੱਤਲ, ਮੋਨਿਕਾ ਰਾਣੀ, ਸੁਖਦੀਪ ਕੌਰ ਨੇ ਡਿਊਟੀ ਨਿਭਾਈ। ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ, ਮੈਡਮ ਅਮਨ ਢੀਂਡਸਾ ਅਤੇ ਪ੍ਰਿੰਸੀਪਲ ਬਿਬਿਨ ਅਲੈਗਜੈਂਡਰ ਨੇ ਸਕੂਲ ਪਾਰਲੀਮੈਂਟ ਲਈ ਚੁਣੇ ਵਿਦਿਆਰਥੀਆਂ ਨੂੰ ਮਸਲੇ, ਸੁਝਾਅ ਅਤੇ ਅਧਿਕਾਰਾਂ ਬਾਰੇ ਜਿੰਮੇਵਾਰੀ ਨਾਲ ਕੰਮ ਕਰਨ ਦੀ ਪ੍ਰੇਰਣਾ ਦਿੱਤੀ।

# ਦਿੱਲੀ 'ਚ ਸ਼ਰੇਆਮ ਨਾਬਾਲਗ ਲੜਕੀ ਦੇ ਕਤਲ ਨੇ ਇਨਸਾਨੀਅਤ ਨੂੰ ਕੀਤਾ ਸ਼ਰਮਸਾਰ

## ਲੜਕੀ 'ਤੇ ਚਾਕੂ ਨਾਲ ਕੀਤੇ 34 ਤੋਂ ਵੱਧ ਵਾਰ, ਦੋਸ਼ੀ ਗ੍ਰਿਫ਼ਤਾਰ





**ਵਿਸ਼ੇਸ਼ ਰਿਪੋਰਟ : ਜੇ ਸਿੰਘ 'ਭਡਿਆਰ'**

ਉੱਤਰ ਪੱਛਮੀ ਦਿੱਲੀ ਦੇ ਸ਼ਾਹਬਾਦ ਡੇਅਰੀ ਇਲਾਕੇ 'ਚ ਸਾਕਸ਼ੀ ਦੀ ਹੱਤਿਆ ਅਤੇ ਉਸ ਤੋਂ ਬਾਅਦ ਵਾਇਰਲ ਹੋਈ ਘਟਨਾ ਦੀ ਵੀਡੀਓ ਨੇ ਪੂਰੀ ਦਿੱਲੀ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹਾਲਾਂਕਿ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ ਜਦੋਂ ਇਸ ਤਰ੍ਹਾਂ ਦੀ ਬੇਰਹਿਮੀ ਹੋਈ ਹੋਵੇ। ਇਸ ਤੋਂ ਪਹਿਲਾਂ ਵੀ ਦਿੱਲੀ ਵਿੱਚ ਪ੍ਰੇਮ ਸਬੰਧਾਂ, ਬ੍ਰੇਕਅੱਪ ਜਾਂ ਵੱਖ ਹੋਣ ਤੋਂ ਬਾਅਦ ਅਜਿਹੀਆਂ ਘਟਨਾਵਾਂ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਦੁੱਖ ਦੀ ਗੱਲ ਇਹ ਹੈ ਕਿ ਜਦੋਂ ਵੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਲੋਕ ਪੀੜਤ ਨੂੰ ਬਚਾਉਣ ਲਈ ਵੀ ਨਹੀਂ ਜਾਂਦੇ ਅਤੇ ਦਰਸ਼ਕ ਬਣ ਕੇ ਦੇਖਦੇ ਰਹਿੰਦੇ ਹਨ। ਪੁਲਿਸ ਨੇ ਬੁਲੰਦਸ਼ਹਿਰ ਤੋਂ ਲੜਕੀ ਦੇ ਪ੍ਰੇਮੀ ਸਾਹਿਲ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਪੀਆਰਓ ਡੀਸੀਪੀ ਸੁਮਨ ਨਲਵਾ ਨੇ ਦੱਸਿਆ ਕਿ ਮੁਲਜ਼ਮ ਸਾਹਿਲ ਫਰਿੱਜ ਅਤੇ ਏਸੀ ਰਿਪੇਅਰ ਦਾ ਕੰਮ ਕਰਦਾ ਹੈ। ਜਾਂਚ ਦੌਰਾਨ ਅਸੀਂ ਉਸ ਦੀ ਪਛਾਣ ਕਰ ਲਈ ਸੀ ਅਤੇ ਉਸ ਨੂੰ ਬੁਲੰਦਸ਼ਹਿਰ ਤੋਂ ਗ੍ਰਿਫਤਾਰ ਕੀਤਾ ਗਿਆ। ਪੁਲਿਸ ਇਸ ਕਤਲ ਕੇਸ ਸਬੰਧੀ ਸਾਰੇ ਸਬੂਤ ਇਕੱਠੇ ਕਰ ਰਹੀ ਹੈ ਤਾਂ ਜੋ ਮੁਲਜ਼ਮਾਂ ਨੂੰ ਸਜ਼ਾ ਮਿਲ ਸਕੇ। ਲੜਕਾ-ਲੜਕੀ ਇੱਕ ਦੂਜੇ ਨੂੰ ਕਾਫੀ ਲੰਬੇ ਸਮੇਂ ਤੋਂ ਜਾਣਦੇ ਸਨ। ਮੁਲਜ਼ਮ ਸਾਹਿਲ ਦੀ ਉਮਰ 20 ਸਾਲ ਹੈ ਅਤੇ ਉਹ ਸਾਕਸ਼ੀ ਨਾਲ ਗੱਲ ਬੰਦ ਹੋਣ ਕਾਰਨ ਗੁੱਸੇ ਵਿੱਚ ਸੀ।

### ਕਿੰਜ ਵਾਪਰੀ ਘਟਨਾ

ਸ਼ਾਹਬਾਦ ਡੇਅਰੀ ਇਲਾਕੇ 'ਚ ਐਤਵਾਰ ਰਾਤ ਨੂੰ ਇਕ ਨਾਬਾਲਗ ਲੜਕੀ ਸਾਕਸ਼ੀ ਦਾ 34 ਵਾਰ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਉਹ ਸ਼ਾਹਬਾਦ ਡੇਅਰੀ ਦੇ ਈ ਬਲਾਕ ਵਿੱਚ ਰਹਿੰਦੀ ਸੀ। ਜਾਣਕਾਰੀ ਮੁਤਾਬਕ ਉਹ ਆਪਣੀ ਸਹੇਲੀ ਭਾਵਨਾ ਨਾਲ ਜਨਮਦਿਨ ਪਾਰਟੀ 'ਤੇ ਜਾਣ ਵਾਲੀ ਸੀ। ਉਹ ਭਾਵਨਾ ਨੂੰ ਬੁਲਾਉਣ ਉਸ ਦੇ ਘਰ ਆਈ ਸੀ। ਜਦੋਂ ਤੱਕ ਭਾਵਨਾ ਘਰੋਂ ਨਿਕਲੀ, ਸਾਕਸ਼ੀ ਬਾਹਰ ਖੜ੍ਹੀ ਉਸ ਦਾ ਇੰਤਜ਼ਾਰ ਕਰ ਰਹੀ ਸੀ। ਇਸ ਦੌਰਾਨ ਇਕ ਨੌਜਵਾਨ ਆਇਆ ਅਤੇ ਸਾਕਸ਼ੀ ਨਾਲ ਗੱਲ ਕਰਨ ਲੱਗਾ। ਕਿਸੇ ਗੱਲ ਤੋਂ ਗੁੱਸੇ 'ਚ ਆ ਕੇ ਉਸ ਨੇ ਸਾਕਸ਼ੀ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਉਸ 'ਤੇ ਵੀ ਪੱਥਰ ਨਾਲ ਹਮਲਾ ਕਰ ਦਿੱਤਾ। ਕਈ ਸੱਟਾਂ ਲੱਗਣ ਕਾਰਨ ਸਾਕਸ਼ੀ ਸੜਕ 'ਤੇ ਡਿੱਗ ਗਈ। ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਸਾਕਸ਼ੀ ਨੂੰ ਹਸਪਤਾਲ ਲੈ ਗਈ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਨੇ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ।

ਸਾਕਸ਼ੀ ਦੇ ਕਤਲ ਦੀ ਸਾਰੀ ਘਟਨਾ ਮੌਕੇ 'ਤੇ ਲੱਗੇ ਸੀਸੀਟੀਵੀ ਕੈਮਰੇ 'ਚ ਰਿਕਾਰਡ ਹੋ ਗਈ ਹੈ। ਇਸ ਵਾਇਰਲ ਸੀਸੀਟੀਵੀ ਫੁਟੇਜ ਨੂੰ ਦੇਖ ਕੇ ਕਿਸੇ ਦਾ ਵੀ ਦਿਲ ਦਹਿਲ ਜਾਵੇਗਾ। ਸੀਸੀਟੀਵੀ ਫੁਟੇਜ ਵਿੱਚ ਦੇਖਿਆ ਜਾ ਰਿਹਾ ਹੈ ਕਿ ਨੌਜਵਾਨ ਨੇ ਕੁਝ ਹੀ ਸਕਿੰਟਾਂ ਵਿੱਚ ਕਰੀਬ 34 ਹਮਲੇ ਕੀਤੇ। ਜਦੋਂ ਉਹ ਖੂਨ ਨਾਲ ਲਥਪਥ ਸੜਕ 'ਤੇ ਡਿੱਗ ਪਈ ਤਾਂ ਨੌਜਵਾਨ ਨੇ ਉਸ ਨੂੰ ਵੀ ਲੱਤਾਂ ਮਾਰ ਦਿੱਤੀਆਂ। ਉਸ ਨੇ ਕੋਲ ਪਿਆ ਪੱਥਰ ਮਾਰ ਕੇ ਉਸ ਦੇ ਸਿਰ 'ਤੇ ਮਾਰਿਆ। ਵੀਡੀਓ ਨੂੰ ਦੇਖ ਕੇ ਅਜਿਹਾ ਲੱਗ ਰਿਹਾ ਹੈ ਕਿ ਅਜਿਹਾ ਨਾਬਾਲਗ ਦੀ ਹੱਤਿਆ ਲਈ ਨਹੀਂ ਸਗੋਂ ਪਿਛਲੇ ਦਿਨੀਂ ਕਿਸੇ ਨਿੱਜੀ ਰੰਜਿਸ਼ ਕਾਰਨ ਕੀਤਾ ਗਿਆ ਹੈ।

### ਸਵਾਤੀ ਮਾਲੀਵਾਲ ਨੇ ਦਿੱਲੀ ਪੁਲਿਸ ਨੂੰ ਭੇਜਿਆ ਨੋਟਿਸ

ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲੀਵਾਲ ਨੇ ਟਵੀਟ ਕਰ ਕੇ ਘਟਨਾ ਨੂੰ ਲੈ ਕੇ ਦਿੱਲੀ ਪੁਲਿਸ ਨੂੰ ਨੋਟਿਸ ਭੇਜਣ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਟਵੀਟ ਕੀਤਾ- ਦਿੱਲੀ ਦੀ ਸ਼ਾਹਬਾਦ ਡੇਅਰੀ ਵਿੱਚ ਇੱਕ ਮਾਸੂਮ ਲੜਕੀ ਨੂੰ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਅਤੇ ਫਿਰ ਪੱਥਰ ਨਾਲ ਕੁਚਲ ਦਿੱਤਾ ਗਿਆ। ਦਿੱਲੀ ਵਿੱਟ ਗੁੰਡਿਆਂ ਦੇ ਹੌਸਲੇ ਬੁਲੰਦ ਹਨ। ਪੁਲਿਸ ਨੂੰ ਨੋਟਿਸ ਜਾਰੀ ਕੀਤਾ। ਮੈਂ ਆਪਣੇ ਇੰਨੇ ਸਾਲਾਂ ਦੇ ਕਰੀਅਰ ਵਿੱਚ ਇਸ ਤੋਂ ਵੱਧ ਭਿਆਨਕ ਕੁਝ ਨਹੀਂ ਦੇਖਿਆ।

### ਦਿੱਲੀ 'ਚ ਨਾਬਾਲਿਗ ਦੇ ਕਤਲ ਤੋਂ ਬਾਅਦ ਸਿਆਸਤ ਮਘੀ

ਇਸ ਘਟਨਾ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਲਜੀ ਵਿਨੈ ਕੁਮਾਰ ਸਕਸੈਨਾ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਇੱਕ ਨਾਬਾਲਗ ਲੜਕੀ ਦਾ ਸ਼ਰੇਆਮ ਬੇਰਹਿਮੀ ਨਾਲ ਕਤਲ ਕੀਤਾ ਜਾਂਦਾ ਹੈ। ਇਹ ਬਹੁਤ ਦੁਖਦਾਈ ਅਤੇ ਮੰਦਭਾਗਾ ਹੈ। ਅਪਰਾਧੀ ਨਿਡਰ ਹੋ ਗਏ ਹਨ। ਪੁਲਿਸ ਦਾ ਕੋਈ ਡਰ ਨਹੀਂ ਹੈ। ਐਲਜੀ ਸਾਹਿਬ, ਕਾਨੂੰਨ ਵਿਵਸਥਾ ਤੁਹਾਡੀ ਜ਼ਿੰਮੇਵਾਰੀ ਹੈ, ਕੁਝ ਕਰੋ। ਦਿੱਲੀ ਦੇ ਲੋਕਾਂ ਦੀ ਸੁਰੱਖਿਆ ਸਭ ਤੋਂ ਮਹੱਤਵਪੂਰਨ ਹੈ।

ਆਮ ਆਦਮੀ ਪਾਰਟੀ ਦਿੱਲੀ ਦੇ ਸੂਬਾ ਪ੍ਰਧਾਨ ਗੋਪਾਲ ਰਾਏ ਨੇ ਕਿਹਾ, "ਦਿੱਲੀ ਵਿੱਚ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਗੁੰਡਿਆਂ ਦੇ ਮਨਾਂ ਵਿੱਚੋਂ ਕਾਨੂੰਨ ਦਾ ਡਰ ਨਿਕਲ ਗਿਆ ਹੈ। ਐਲਜੀ ਸਾਹਿਬ, ਦਿੱਲੀ ਦੇ ਲੋਕਾਂ ਦੀ ਸੁਰੱਖਿਆ ਲਈ ਕੁਝ ਕਰੋ। ਸੰਵਿਧਾਨ ਨੇ ਤੁਹਾਨੂੰ ਜ਼ਿੰਮੇਵਾਰੀ ਦਿੱਤੀ ਹੈ।"

ਦਿੱਲੀ ਸਰਕਾਰ ਦੇ ਮੰਤਰੀ ਆਤਿਸ਼ੀ ਨੇ ਕਿਹਾ ਕਿ ਇਸ ਘਿਨਾਉਣੇ ਕਤਲ ਨੂੰ ਦੇਖ ਕੇ ਰੂਹ ਕੰਬ ਗਈ ਹੈ। ਮੈਂ ਐਲਜੀ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਸੰਵਿਧਾਨ ਨੇ ਉਨ੍ਹਾਂ ਨੂੰ ਦਿੱਲੀ ਦੇ ਲੋਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਦਿੱਤੀ ਹੈ। ਪਰ ਉਹ ਆਪਣਾ ਸਾਰਾ ਸਮਾਂ ਅਰਵਿੰਦ ਕੇਜਰੀਵਾਲ ਦੇ ਕੰਮ ਨੂੰ ਰੋਕਣ ਵਿੱਚ ਲਗਾ ਦਿੰਦੇ ਹਨ। ਹੱਥ ਜੋੜ ਕੇ ਮੈਂ ਐਲਜੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਦਿੱਲੀ ਦੀਆਂ ਔਰਤਾਂ ਦੀ ਸੁਰੱਖਿਆ ਵੱਲ ਧਿਆਨ ਦੇਣ। ਅੱਜ ਦਿੱਲੀ ਵਿੱਚ ਔਰਤਾਂ ਬਿਲਕੁਲ ਵੀ ਸੁਰੱਖਿਅਤ ਨਹੀਂ ਹਨ।

ਭਾਜਪਾ ਨੇਤਾ ਕਪਿਲ ਮਿਸ਼ਰਾ ਨੇ ਕਿਹਾ ਕਿ ਇਹ ਦਰਦਨਾਕ ਕਤਲ ਦਿੱਲੀ ਵਿੱਚ ਹੋ ਰਿਹਾ ਹੈ। ਇੱਕ ਹੋਰ ਨਾਬਾਲਗ ਹਿੰਦੂ ਕੁੜੀ ਨੂੰ ਕੁਚਲ ਕੇ ਮਾਰਿਆ ਜਾ ਰਿਹਾ ਹੈ। ਹਰ ਗਲੀ ਵਿੱਚ ਕੇਰਲਾ ਦੀਆਂ ਕਿੰਨੀਆਂ ਕਹਾਣੀਆਂ। ਸ਼ਰਧਾ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ ਅਤੇ ਪਤਾ ਨਹੀਂ ਕਿੰਨੇ ਹੋਰ ਸ਼ਰਧਾਲੂ ਹਰ ਰੋਜ਼ ਇਸ ਬੇਰਹਿਮੀ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸ਼ਰਧਾ ਦੇ ਕਾਤਲ ਨੂੰ ਫਾਂਸੀ ਦਿੱਤੀ ਗਈ ਹੁੰਦੀ ਤਾਂ ਕਿਸੇ ਨੂੰ ਵੀ ਅਜਿਹੀ ਘਟਨਾ ਨੂੰ ਅੰਜਾਮ ਦੇਣ ਦੀ ਹਿੰਮਤ ਨਾ ਹੁੰਦੀ। ਭਾਜਪਾ ਦੇ ਸੰਸਦ ਮੈਂਬਰ ਗੌਤਮ ਗੰਭੀਰ ਨੇ ਵੀ ਇਸ ਮਾਮਲੇ 'ਤੇ ਟਵੀਟ ਕੀਤਾ ਅਤੇ ਕਿਹਾ ਕਿ ਜੇਕਰ ਉਨ੍ਹਾਂ ਦੀ ਭੈਣ ਜਾਂ ਬੇਟੀ 'ਤੇ ਅਜਿਹਾ ਵਹਿਸ਼ੀ ਹਮਲਾ ਹੋਇਆ ਹੁੰਦਾ ਤਾਂ ਕੀ ਇਹ ਲੋਕ ਇਸ ਤਰ੍ਹਾਂ ਚੱਲਦੇ? ਸਿਰਫ਼ ਉਹ ਹੀ ਨਹੀਂ, ਸਾਰੇ ਜਾਨਵਰ ਹਨ।

ਦੂਜੇ ਪਾਸੇ ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ ਨੇ ਕਿਹਾ ਕਿ ਉੱਤਰੀ ਦਿੱਲੀ ਦੇ ਸ਼ਾਹਬਾਦ ਵਿੱਚ ਸਾਹਿਲ ਸਰਫਰਾਜ਼ ਨਾਂ ਦੇ ਮੁਸਲਿਮ ਨੌਜਵਾਨ ਵੱਲੋਂ ਹਿੰਦੂ ਲੜਕੀ ਦੀ ਬੇਰਹਿਮੀ ਨਾਲ ਕੀਤੀ ਗਈ ਹੱਤਿਆ ਨੇ ਇੱਕ ਵਾਰ ਫਿਰ ਸਪਸ਼ਟ ਕਰ ਦਿੱਤਾ ਹੈ ਕਿ ਲਵ ਜੇਹਾਦ ਹੁਣ ਦਿੱਲੀ ਦੇ ਨਾਲ-ਨਾਲ ਦੇਸ਼ ਦੇ ਕੋਨੇ-ਕੋਨੇ ਵਿੱਚ ਵੀ ਫੈਲ ਰਿਹਾ ਹੈ। ਦੇ ਬੂਹੇ 'ਤੇ ਵੀ ਆ ਗਿਆ ਹੈ। ਆਫਤਾਬ-ਸ਼ਰਧਾ ਮਾਮਲੇ ਨੇ ਕੁਝ ਸਮਾਂ ਪਹਿਲਾਂ ਦਿੱਲੀ ਅਤੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਸੀ ਅਤੇ ਹੁਣ ਇਸ ਮਾਮਲੇ ਨੇ ਇਕ ਵਾਰ ਫਿਰ ਦਿੱਲੀ ਵਾਸੀਆਂ ਨੂੰ ਲਵ ਜੇਹਾਦ ਤੋਂ ਸੁਚੇਤ ਰਹਿਣ ਦੀ ਚਿਤਾਵਨੀ ਦਿੱਤੀ ਹੈ। ਸਚਦੇਵਾ ਨੇ ਕਿਹਾ ਕਿ ਅਫਸੋਸ ਦੀ ਗੱਲ ਹੈ ਕਿ ਮੁੱਖ ਮੰਤਰੀ ਹਿੰਦੂ ਲੜਕੀ ਦੇ ਬੇਰਹਿਮੀ ਨਾਲ ਕਤਲ ਨੂੰ ਕਾਨੂੰਨ ਵਿਵਸਥਾ ਦਾ ਮਾਮਲਾ ਦੱਸ ਕੇ ਮੁਸਲਿਮ ਭਾਈਚਾਰੇ ਦੀ ਸਿਆਸੀ ਤੁਸ਼ਟੀਕਰਨ ਕਰ ਰਹੇ ਹਨ।

## ਦਿੱਲੀ 'ਚ ਪਹਿਲਾਂ ਵੀ ਪਾਗਲ ਪ੍ਰੇਮੀਆਂ ਨੇ ਕੀਤੇ ਅੱਤਿਆਚਾਰ

ਰਾਜਧਾਨੀ ਦੇ ਸ਼ਾਹਬਾਦ ਡੇਅਰੀ ਇਲਾਕੇ 'ਚ ਸਾਕਸ਼ੀ ਦੀ ਹੱਤਿਆ ਅਤੇ ਉਸ ਤੋਂ ਬਾਅਦ ਵਾਇਰਲ ਹੋਈ ਘਟਨਾ ਦੀ ਵੀਡੀਓ ਨੇ ਪੂਰੀ ਦਿੱਲੀ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹਾਲਾਂਕਿ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ ਜਦੋਂ ਇਸ ਤਰ੍ਹਾਂ ਦੀ ਬੇਰਹਿਮੀ ਹੋਈ ਹੋਵੇ।

ਇਸ ਤੋਂ ਪਹਿਲਾਂ ਵੀ ਦਿੱਲੀ ਵਿੱਚ ਪ੍ਰੇਮ ਸਬੰਧਾਂ, ਬ੍ਰੇਕਅੱਪ ਜਾਂ ਵੱਖ ਹੋਣ ਤੋਂ ਬਾਅਦ ਅਜਿਹੀਆਂ ਘਟਨਾਵਾਂ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਦੁੱਖ ਦੀ ਗੱਲ ਇਹ ਹੈ ਕਿ ਜਦੋਂ ਵੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਲੋਕ ਪੀੜਤ ਨੂੰ ਬਚਾਉਣ ਲਈ ਵੀ ਨਹੀਂ ਜਾਂਦੇ ਅਤੇ ਦਰਸ਼ਕ ਬਣ ਕੇ ਦੇਖਦੇ ਰਹਿੰਦੇ ਹਨ। ਜਾਪਦਾ ਹੈ ਕਿ ਰਾਜਧਾਨੀ ਵਿੱਚ ਲੋਕਾਂ ਦੇ ਦਿਲ ਵੀ ਪੱਥਰ ਹੋ ਗਏ ਹਨ।

### ਪਹਿਲਾ ਸਾਹਮਣੇ ਆਏ ਮਾਮਲਿਆਂ 'ਤੇ ਨਜ਼ਰ ਮਾਰੋ:

**ਅਪ੍ਰੈਲ 2023:** ਮੋਲਰਬੰਦ ਖੇਤਰ ਵਿੱਚ ਇੱਕ 17 ਸਾਲਾ ਲੜਕੀ ਨੂੰ ਉਸਦੇ ਬੁਆਏਫ੍ਰੈਂਡ ਪ੍ਰਿੰਸ ਨੇ ਚਾਕੂ ਨਾਲ ਕਈ ਵਾਰ ਕੀਤੇ। ਦੋਵਾਂ ਵਿੱਚ ਪ੍ਰੇਮ ਸਬੰਧ ਸਨ ਪਰ ਕੁਝ ਸਮੇਂ ਤੋਂ ਲੜਕੀ ਨੇ ਉਸ ਨਾਲ ਗੱਲ ਕਰਨੀ ਬੰਦ ਕਰ ਦਿੱਤੀ ਸੀ। ਇਸ ਕਾਰਨ ਨੌਜਵਾਨ ਨੇ ਉਸ 'ਤੇ ਚਾਕੂ ਨਾਲ ਕਈ ਵਾਰ ਕੀਤੇ ਸਨ।

**ਜਨਵਰੀ 2023:** ਆਦਰਸ਼ ਨਗਰ ਇਲਾਕੇ 'ਚ ਸੁਖਵਿੰਦਰ ਨਾਂ ਦੇ ਨੌਜਵਾਨ ਨੇ ਆਪਣੀ ਪ੍ਰੇਮਿਕਾ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਕਿਉਂਕਿ ਲੜਕੀ ਦੇ ਪਰਿਵਾਰਕ ਮੈਂਬਰ ਉਨ੍ਹਾਂ ਦੇ ਵਿਆਹ ਲਈ ਤਿਆਰ ਨਹੀਂ ਸਨ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਨੌਜਵਾਨ ਅੰਬਾਲਾ ਭੱਜ ਗਿਆ ਸੀ, ਜਿਸ ਤੋਂ ਬਾਅਦ ਪੁਲਿਸ ਨੇ ਉਸ ਨੂੰ ਉਥੋਂ ਕਾਬੂ ਕਰ ਲਿਆ। ਇਸ ਘਟਨਾ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆ ਗਈ, ਜਿਸ ਵਿੱਚ ਨੌਜਵਾਨ ਦੀ ਬੇਰਹਿਮੀ ਨੂੰ ਦੇਖ ਲੋਕ ਦੰਗ ਰਹਿ ਗਏ।

**ਜੁਲਾਈ 2022:** ਵਿਸ਼ਵਾਸ ਨਗਰ ਇਲਾਕੇ ਵਿੱਚ ਦੀਪਕ ਭਾਟੀ ਨਾਮ ਦੇ ਇੱਕ ਨੌਜਵਾਨ ਨੇ ਇੱਕ ਔਰਤ ਨੂੰ ਮਾਰਨ ਲਈ ਗੋਲੀ ਚਲਾ ਦਿੱਤੀ। ਉਸ ਦਾ ਔਰਤ ਨਾਲ ਪ੍ਰੇਮ ਸਬੰਧ ਸੀ ਪਰ ਕੁਝ ਦਿਨਾਂ ਬਾਅਦ ਔਰਤ ਨੇ ਉਸ ਨਾਲ ਗੱਲ ਕਰਨੀ ਬੰਦ ਕਰ ਦਿੱਤੀ। ਇਸ ਨਾਲ ਉਹ ਔਰਤ ਨਾਲ ਗੁੱਸੇ ਹੋ ਗਿਆ।

**ਮਈ 2022:** ਅਫਤਾਬ ਅਮੀਨ ਪੂਨਾਵਾਲਾ ਨਾਂ ਦੇ ਨੌਜਵਾਨ ਨੇ ਆਪਣੀ ਪ੍ਰੇਮਿਕਾ ਸ਼ਰਧਾ ਵਾਕਰ ਦਾ ਕਤਲ ਕਰਨ ਤੋਂ ਬਾਅਦ ਉਸ ਦੇ 35 ਟੁਕੜੇ ਕਰ ਦਿੱਤੇ ਅਤੇ ਉਸ ਨੂੰ ਮਹਿਰੌਲੀ ਖੇਤਰ ਦੇ ਜੰਗਲ ਵਿੱਚ ਸੁੱਟ ਦਿੱਤਾ। ਕੁਝ ਮਹੀਨਿਆਂ ਬਾਅਦ ਜਦੋਂ ਇਹ ਮਾਮਲਾ ਸਾਹਮਣੇ ਆਇਆ ਤਾਂ ਲੋਕ ਹੱਕੇ-ਬੱਕੇ ਰਹਿ ਗਏ। ਆਫਤਾਬ ਨੂੰ ਸ਼ੱਕ ਸੀ ਕਿ ਸ਼ਰਧਾ ਉਸ ਨੂੰ ਛੱਡਣ ਜਾ ਰਹੀ ਹੈ, ਇਸ ਲਈ ਉਸ ਨੇ ਸ਼ਰਧਾ ਦਾ ਕਤਲ ਕਰ ਦਿੱਤਾ।

**ਸਤੰਬਰ 2021:** ਉੱਤਮ ਨਗਰ ਇਲਾਕੇ 'ਚ ਅੰਕਿਤ ਨਾਮ ਦੇ ਨੌਜਵਾਨ ਨੇ 22 ਸਾਲਾ ਲੜਕੀ 'ਤੇ ਚਾਕੂ ਨਾਲ ਕਈ ਵਾਰ ਹਮਲਾ ਕਰਕੇ ਉਸ ਦੀ ਹੱਤਿਆ ਕਰ ਦਿੱਤੀ। ਦੋਵਾਂ ਵਿਚਾਲੇ ਪ੍ਰੇਮ ਸਬੰਧ ਸਨ ਪਰ ਬਾਅਦ 'ਚ ਲੜਕੀ ਨੇ ਅੰਕਿਤ ਨਾਲ ਗੱਲ ਕਰਨੀ ਬੰਦ ਕਰ ਦਿੱਤੀ। ਇਸ ਤੋਂ ਨਾਰਾਜ਼ ਹੋ ਕੇ ਮੁਲਜ਼ਮ ਨੇ ਇਹ ਕਦਮ ਚੁੱਕਿਆ। ਇਸ ਮਾਮਲੇ ਦੀ ਵੀਡੀਓ ਵੀ ਸਾਹਮਣੇ ਆਉਣ ਤੋਂ ਬਾਅਦ ਲੋਕ ਹੈਰਾਨ ਹਨ।

**ਸਤੰਬਰ 2016:** ਸੁਰਿੰਦਰ ਸਿੰਘ ਨਾਂ ਦੇ ਨੌਜਵਾਨ ਨੇ ਬੁਰਾੜੀ ਇਲਾਕੇ ਵਿੱਚ ਆਪਣੀ ਸਾਬਕਾ ਪ੍ਰੇਮਿਕਾ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਨੌਜਵਾਨ ਨੇ ਉਸ 'ਤੇ ਚਾਕੂ ਨਾਲ 22 ਵਾਰ ਕੀਤੇ ਸਨ। ਕਿਸੇ ਗੱਲ ਨੂੰ ਲੈ ਕੇ ਹੋਏ ਝਗੜੇ ਤੋਂ ਬਾਅਦ ਲੜਕੀ ਨੇ ਮੁਲਜ਼ਮ ਨਾਲ ਗੱਲ ਕਰਨੀ ਬੰਦ ਕਰ ਦਿੱਤੀ ਸੀ, ਜਿਸ ਕਾਰਨ ਉਹ ਗੁੱਸੇ 'ਚ ਆ ਗਿਆ।

**ਜੁਲਾਈ 2015:** ਆਨੰਦ ਪਰਵਤ ਇਲਾਕੇ 'ਚ ਦੋ ਭਰਾਵਾਂ ਨੇ ਆਪਣੀ ਮਾਂ ਸਮੇਤ 11ਵੀਂ ਜਮਾਤ ਦੀ ਵਿਦਿਆਰਥਣ ਨੂੰ ਛੇੜਛਾੜ ਦਾ ਵਿਰੋਧ ਕਰਨ 'ਤੇ ਨੂੰ ਚਾਕੂ ਮਾਰ ਕੇ ਕਤਲ ਕਰ ਦਿੱਤਾ।

ਮੁਲਜ਼ਮ ਨੇ ਲੜਕੀ ਦੇ ਸਰੀਰ 'ਤੇ ਚਾਕੂ ਨਾਲ 35 ਵਾਰ ਕੀਤੇ ਸਨ। ਲੜਕੀ ਨੇ ਮੁਲਜ਼ਮ ਜੈਪ੍ਰਕਾਸ਼, ਇਲੂ ਅਤੇ ਉਨ੍ਹਾਂ ਦੀ ਮਾਂ ਸ਼ਸ਼ੀ ਖ਼ਿਲਾਫ਼ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਜਿੰਮੇਵਾਰ ਕੌਣ?



**ਪੂਜਾ ਸ਼ਰਮਾ**
Govt, High School Thuhi (Patiala)

ਮੈਂ ਅਧੁਨਿਕ ਸਮਾਜ ਦਾ ਹੀ ਹਿੱਸਾ ਹਾਂ ਅਤੇ ਪੇਸ਼ੇ ਤੋਂ ਇੱਕ ਅਧਿਆਪਕ ਹਾਂ । ਵਾਤਾਵਰਣ ਦਿਵਸ ਮਨਾਉਣ ਦੀਆਂ ਗੱਲਾਂ ਚੱਲ ਰਹੀਆਂ ਸਨ ਕਿ ਮੈਨੂੰ ਤਿੰਨ ਸਾਲ ਪਹਿਲਾਂ ਦੇ ਹਾਲਾਤ ਯਾਦ ਆ ਗਏ ਕਿ ਕਿਵੇਂ ਕਰੋਨਾ ਵਾਇਰਸ ਕਾਰਨ ਸਾਰੀ ਦੁਨੀਆ ਹੀ ਰੁਕ ਗਈ ਸੀ ਅਤੇ ਕੁਦਰਤ ਨੇ ਸੁੱਖ ਦਾ ਸਾਂਹ ਲਿਆ ਸੀ। ਉਹਨਾਂ ਦਿਨਾਂ ਵਿੱਚ ਵਿੱਚ ਚਿੰਤਤ ਹੋਈ ਆਪਣੇ ਪਾਪਾ ਦੀਆਂ ਦੱਸੀਆਂ ਗੱਲਾਂ ਬਾਰੇ ਵਿਚਾਰ ਕਰਦੀ ਕਿ ਕਿਵੇਂ ਉਹਨਾਂ ਦੇ ਦਾਦਾ ਜੀ ਦੋਨੋਂ ਵਕਤ ਮਿਲਣ (ਸ਼ਾਮ) ਤੋਂ ਬਾਅਦ ਔਮ੍ਰਿਤ ਵੇਲੇ ਤੱਕ ਤਲਾਅ, ਟੋਭੇ, ਅਤੇ ਖੂਹ ਦੇ ਪਾਣੀ ਨੂੰ ਛੇੜਨ ਤੋਂ ਰੋਕਦੇ ਸਨ ਕਿ ਖਵਾਜਾ ਦੇਵਤਾ ਨਰਾਜ਼ ਹੋ ਜਾਣਗੇ। ਘਰ ਵਿੱਚ ਹਵਨ ਕਰਨੇ, ਗੂਗਲ ਦੀ ਧੂਫ ਦੇਣੀ ਤਾਂ ਜੋ ਵਾਤਾਵਰਣ ਸ਼ੁੱਧ ਹੋ ਸਕੇ। ਕੋਈ ਵੀ ਚੀਜ਼ ਖਾਣ ਤੋਂ ਪਹਿਲਾਂ ਚਿੜੀਆਂ, ਕਾਵਾਂ, ਕੁੱਤੇ ਅਤੇ ਗਾਵਾਂ ਅਦਿ ਦਾ ਹਿੱਸਾ ਕੱਢਣਾ, ਪੰਛੀਆਂ ਲਈ ਪਾਣੀ ਰੱਖਣਾ। ਮੈਂ ਖੁਦ ਆਪਣੇ ਨਾਨੀ ਜੀ ਅਤੇ ਦਾਦੀ ਜੀ ਨੂੰ ਸਵੇਰੇ ਚਾਹ ਬਣਾਕੇ ਉਸਦਾ ਛਿੱਟਾ ਧਰਤੀ ਅਕਾਸ਼ ਅਗਨੀ ਹਵਾ ਪਾਣੀ ਨੂੰ ਦਿੰਦੇ ਦੇਖਿਆ ਹੈ ਉਹਨਾਂ ਵੱਲੋਂ ਇਹਨਾਂ ਪੰਜ ਤੱਤਾਂ ਨੂੰ ਖੁਸ਼ ਰੱਖਣ ਲਈ ਇਹ ਸਭ ਕੁਝ ਕੀਤਾ ਜਾਂਦਾ ਸੀ, ਦਰੱਖਤ ਕੱਟਣਾ ਪਾਪ ਕਰਨ ਦੇ ਬਰਾਬਰ ਸਮਝਿਆ ਜਾਂਦਾ ਸੀ। ਕੁਦਰਤ ਨੂੰ ਹਰ ਤਰੀਕੇ ਨਾਲ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਕੁਦਰਤ ਨੇ ਵੀ ਕਦੇ ਐਨੀ ਕਰੋਪੀ ਨਹੀਂ ਦਿਖਾਈ ਸੀ ਜਿੰਨੀ ਕਿ ਹੁਣ ਦੇਖਣ ਨੂੰ ਮਿਲਦੀ ਹੈ। ਅਸੀਂ ਇੱਕ ਦਿਨ ਵਾਵਾਵਰਣ ਦਿਵਸ ਮਨਾਂਉਦੇ ਹਾਂ ਪਰ ਉਹ ਤਾਂ ਹਰ ਰੋਜ਼ ਹੀ ਕੁਦਰਤ ਨੂੰ ਤਵੱਜੋ ਦਿੰਦੇ ਸਨ। ਹੁਣ ਤਾਂ ਬੱਸ ਅਧੁਨਕਿਤਾ ਦੇ ਨਾਮ ਤੋਂ ਇਹਨਾਂ ਗੱਲਾਂ ਦਾ ਮਜ਼ਾਕ ਉਡਾਉਣਾ, ਵਹਿਮ-ਭਰਮ ਦੱਸਣਾ ਅਤੇ ਕੁਦਰਤ ਦੇ ਨਿਯਮਾਂ ਨਾਲ ਛੇੜਖਾਨੀ ਕਰਨਾ ਆਮ ਜਿਹੀ ਗੱਲ ਹੋ ਗਈ ਹੈ।ਕੁਦਰਤ ਵਿੱਚ ਐਨਾ ਜਿਆਦਾ ਬਦਲਾਅ ਅਤੇ ਵਾਤਾਵਰਣ ਵਿੱਚ ਅੰਸੁਤਲਨ ਹੋਣ ਪਿੱਛੇ ਬਹੁਤ ਜ਼ਿਆਦਾ ਲੋਕਾਂ ਦਾ ਹੱਥ ਨਹੀਂ ਸਿਰਫ ਸਾਡੀ ਪੀੜੀ ਦਾ ਹੀ ਜ਼ਿਆਦਾ ਹਿੱਸਾ ਇਸ ਲਈ ਜਿੰਮੇਵਾਰ ਹੈ, ਕਿਉਕਿ ਸਾਡੇ ਮਾਤਾ-ਪਿਤਾ ਨੇ ਸਾਨੂੰ ਇਹ ਸੰਸਕਾਰ ਨਹੀਂ ਦਿੱਤੇ, ਫਿਰ ਅਸੀਂ ਕਿਹੜੀ ਸੱਭਿਅਤਾ ਦੇ ਪਿੱਛੇ ਲੱਗਕੇ ਆਪਣੇ ਬੱਚਿਆਂ ਨੂੰ ਸਿਰਫ ਮਾਡਰਨ ਬਣਾਈ ਜਾ ਰਹੇ ਹਾਂ। ਹੁਣ ਸਿਰਫ ਆਪਣੀਆਂ ਸੁੱਖ-ਸੁਵਿਧਾਵਾ ਨੂੰ ਮਾਨਣ ਲਈ ਕੁਦਰਤ ਨੂੰ ਨਜ਼ਰ- ਅੰਦਾਜ ਕੀਤਾ ਜਾਂਦਾ ਹੈ। ਈਕੋ ਸਿਸਟਮ ਵਿਗੜਦਾ ਜਾ ਰਿਹਾ ਹੈ। ਪੰਛੀਆਂ, ਜਾਨਵਰਾ ਦੀਆਂ ਕਈਆਂ ਪ੍ਰਜਾਤੀਆਂ ਵਿਗਿਆਨ ਦੇ ਚਮਤਕਾਰਾਂ ਦੀ ਭੇਂਟ ਚੜ ਗਈਆਂ ਹਨ। ਹਵਾ, ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਆਉਣ ਵਾਲੀਆਂ ਪੀੜੀਆਂ ਦਾ ਭਵਿੱਖ ਕੀ ਹੈ? ਸਾਡੀ ਮਾਡਰਨ ਹੋ ਚੁੱਕੀ ਸੋਚ ਦੇ ਨਤੀਜੇ ਸਾਡੇ ਸਾਹਮਣੇ ਹਨ। ਮੇਰੇ ਪਾਪਾ ਹੁਣ ਵੀ ਮੇਰੇ ਬੱਚਿਆਂ ਦੇ ਜਨਮਦਿਨ ਤੇ ਚਿੱਠੀ ਭੇਜਦੇ ਹਨ, ਉਸ ਵਿੱਚ ਕੁਦਰਤ ਨਾਲ ਸਬੰਧਤ ਕੋਈ ਸੰਦੇਸ਼ ਜਰੂਰ ਲਿਖਦੇ ਹਨ। ਇਹ ਨਹੀਂ ਹੈ ਕਿ ਉਹਨਾਂ ਕੋਲ ਕੋਈ ਫੋਨ ਨਹੀਂ ਹੈ ਜਾਂ ਫਿਰ ਉਹ ਮਿਲ ਕੇ ਇਹ ਗੱਲਾਂ ਬੱਚਿਆਂ ਨੂੰ ਨਹੀਂ ਸਮਝਾ ਸਕਦੇ, ਪਰ ਉਹਨਾਂ ਦਾ ਮੰਨਣਾ ਹੈ ਕਿ ਚਿੱਠੀ ਵਿੱਚ ਲਿਖੀਆਂ ਗੱਲਾਂ ਭਾਵੇਂ ਹੁਣ ਬੱਚੇ ਨਾ ਸਮਝਣ ਪਰ ਕਦੇ ਤਾਂ ਸਮਝਣਗੇ, ਜੇ ਇਹ ਗੱਲਾਂ ਅਸੀਂ ਨਾ ਸਮਝਾਈਆਂ ਤਾਂ ਜਿੰਮੇਵਾਰ ਕੌਣ?

# ਭਾਈ ਹਰਨਾਮ ਸਿੰਘ ਜੀ, ਮੁਖੀ ਦਮਦਮੀ ਟਕਸਾਲ ਜਥਾ ਮਹਿਤਾ ਦੇ ਨਾਂ ਖਤ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।
ਵਿਸ਼ਾ:- ਸ਼ਹੀਦੀ ਦਿਹਾੜੇ

ਭਾਈ ਹਰਨਾਮ ਸਿੰਘ ਜੀ, ਜਿਵੇ ਕਿ ਆਪ ਜੀ ਜਾਣਦੇ ਹੀ ਹੋ, ਇਸ ਸਾਲ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 23 ਮਈ ਦਿਨ ਮੰਗਲਵਾਰ ਨੂੰ ਮਨਾਇਆ ਗਿਆ ਸੀ ਅਤੇਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਬਾਬਾ ਜਰਨੈਲ ਸਿੰਘ ਜੀ ਸਮੇਤ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰਸਮਰਪਿਤ ਸ਼ਹੀਦੀਦਿਹਾੜਾ6 ਜੂਨ ਨੂੰ ਮਨਾਇਆ ਜਾਣਾ ਹੈ।ਇਨ੍ਹਾਂ ਦੋਵਾਂ ਦਿਹਾੜਿਆਂ ਵਿਚ ਇਸ ਸਾਲ 2 ਹਫ਼ਤਿਆਂ ਦਾ ਫ਼ਰਕ ਹੈ। ਪਰ ਰਾਗੀਆਂ-ਢਾਡੀਆਂ ਵੱਲੋਂ ਇਹ ਸੁਣਾਇਆ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਇਕੱਤਰ ਹੋਈ ਸੰਗਤ ਉੱਪਰ ਭਾਰਤੀ ਫੌਜ ਨੇ ਟੈਂਕਾਂ-ਤੋਪਾਂ ਨਾਲ ਹਮਲਾ ਕੀਤਾ ਸੀ। ਜੋ ਕਿ ਸਹੀ ਹੈ। 1984 ਈ: ਵਿੱਚ ਗੁਰੂ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 3 ਜੂਨ ਨੂੰ ਸੀ, ਇਸੇ ਦਿਨ ਹੀ ਭਾਰਤੀ ਫੌਜ ਨੇ ਹਮਲਾ ਕੀਤਾ ਸੀ ਅਤੇ 6 ਜੂਨ ਨੂੰ ਬਾਬਾ ਜਰਨੈਲ ਸਿੰਘ ਜੀ ਦੀ ਸ਼ਹੀਦੀ ਹੋਈ ਸੀ।ਪਿਛਲੇ ਸਾਲ ਇਹ ਦੋਵੇਂ ਦਿਹਾੜੇ ਇਕੱਠੇ ਹੀ ( 4 ਜੂਨ ਅਤੇ 6 ਜੂਨ) ਮਨਾਏ ਗਏ ਸਨ। ਕੀ ਕਾਰਨ ਹੈ ਕਿ ਜਿਹੜੇ ਦਿਹਾੜੇ ਪਿਛਲੇ ਸਾਲ 2 ਦਿਨਾਂ ਦੇ ਫਰਕ ਨਾਲ ਆਏ ਸਨ ਇਸ ਸਾਲ ਦੋ ਹਫ਼ਤਿਆਂ ਦੇ ਫ਼ਰਕ ਨਾਲ ਮਨਾਏ ਜਾ ਰਹੇ ਹਨ?

ਭਾਈ ਹਰਨਾਮ ਸਿੰਘ ਜੀ, ਆਪ ਜੀ ਨੂੰ ਯਾਦ ਹੋਵੇਗਾ ਕਿ, ਪਿਛਲੇ ਸਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਆਪ ਜੀ ਨੇ ਨਾਨਕਸ਼ਾਹੀ ਕੈਲੰਡਰ ਦੀ ਅਲੋਚਨਾ ਕਰਦਿਆਂ ਕਿਹਾ ਸੀ ਕਿ,"ਨਾਨਕਸ਼ਾਹੀ ਕੈਲੰਡਰ ਵਿੱਚ ਗੁਰੂ ਅਰਜਨ ਦੇਵ ਜੀਦੇ ਸ਼ਹੀਦੀ ਦਿਹਾੜੇ ਦੀ ਤਾਰੀਖ 16 ਜੂਨ ਇਸ ਲਈ ਮਿਥੀ ਗਈ ਹੈ, ਤਾਂਜੋ ਭਾਰਤ ਸਰਕਾਰ ਨੂੰ ਬਰੀ ਕੀਤਾ ਜਾ ਸਕੇ ਕਿ ਅਕਾਲ ਤਖਤ ਸਾਹਿਬ ਤੇ ਹਮਲਾ ਗੁਰੂ ਜੀ ਦੇ ਸ਼ਹੀਦੀ ਦਿਹਾੜੇ ਤੇ ਨਹੀਂਸਗੋਂ ਉਸ ਤੋਂਕਈ ਦਿਨ ਪਹਿਲਾ ਕੀਤਾ




ਗਿਆ ਸੀ"। ਇਹ ਵੀਡੀਓ ਅੱਜ ਵੀ ਤੁਹਾਡੇ ਫੇਸਬੁਕ ਪੇਜ਼ (Sant Gyain Harnam iSngh Khalsa Bihndranwale) ਉੱਪਰ ਉੱਪਲਬਦ ਹੈ।

ਭਾਈ ਹਰਨਾਮ ਸਿੰਘ ਜੀ,ਆਪ ਜੀ ਸਹਿਮਤ ਹੋਵੋਗੇ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ 2 ਹਾੜ, ਸੰਮਤ 1663 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ ਹੋਈ ਸੀ। ਨਾਨਕਸ਼ਾਹੀ ਕੈਲੰਡਰ ਵਿੱਚ 2 ਹਾੜ ਹੀ ਦਰਜ ਹੈ ਨਾਕਿ 16 ਜੂਨ। ਹਾਂ, 2 ਹਾੜ ਨੂੰ 16 ਜੂਨ ਜਰੂਰ ਹੁੰਦੀ ਹੈ।

ਭਾਈ ਹਰਨਾਮ ਸਿੰਘ ਜੀ, ਕੀ ਕਾਰਨ ਹੈ ਕਿ ਦਮਦਮੀ ਟਕਸਾਲ ਨੇ ਤੀਸਰੇ ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ 2 ਹਫ਼ਤੇ ਪਿਛੋਂ ਮਨਾ ਰਹੀ ਹੈ? ਇਹ ਭਾਰਤ ਸਰਕਾਰ ਨੂੰ ਬਰੀ ਕਰਨਾ ਕਿਵੇਂ ਨਹੀਂ ਹੈ? ਦਮਦਮੀ ਟਕਸਾਲ ਵੱਲੋਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 23 ਮਈ ਨੂੰ ਅਤੇ ਤੀਸਰੇ ਘੱਲੂਘਾਰਾ ਦੇ ਸਮੂਹ ਸ਼ਹੀਦਾਂ ਦੀ ਯਾਦ 6 ਜੂਨ ਨੂੰ ਮਨਾਉਣਾ, ਇਹ ਸਪੱਸ਼ਟ ਕਰਦਾ ਹੈ ਕਿ ਦਰਬਾਰ ਸਾਹਿਬ ਤੇ ਭਾਰਤੀ ਫੌਜ ਵੱਲੋਂ ਹਮਲਾ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ ਨਹੀਂ ਸੀ ਕੀਤਾ ਗਿਆ। ਤੁਹਾਡੇ ਮੁਤਾਬਕ, ਜੇ ਨਾਨਕਸ਼ਾਹੀ ਕੈਲੰਡਰ ਵਿੱਚ ਸਹੀ ਪ੍ਰਵਿਸ਼ਟਾ (2 ਹਾੜ) ਦਰਜ ਕਰਨਾ ਭਾਰਤ ਸਰਕਾਰ ਨੂੰ ਬਰੀ ਕਰਨਾ ਹੈ ਤਾਂ ਦਮਦਮੀ ਟਕਸਾਲ ਦੀ ਕੀ ਮਜ਼ਬੂਰੀ ਸੀ, ਦਮਦਮੀ ਟਕਸਾਲ ਨੇ 1985 ਈ: ਵਿੱਚ ਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 24 ਮਈ ਨੂੰ ਮਨਾ ਕੇ ਭਾਰਤ ਸਰਕਾਰ ਨੂੰ ਬਰੀ ਕਰ ਦਿੱਤਾ ਸੀ? ਉਦੋਂ ਤਾਂ ਨਾਨਕਸ਼ਾਹੀ ਕੈਲੰਡਰ ਦਾ ਨਾਮ-ਨਿਸ਼ਾਨ ਵੀ ਨਹੀਂ ਸੀ। ਇਸ ਸਾਲ ਇਹ ਦਿਹਾੜਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ, 2 ਹਫ਼ਤੇ ਪਿਛੋਂ ਮਨਾ ਕੇ ਭਾਰਤ ਸਰਕਾਰ ਨੂੰ ਬਰੀ ਕਿਉ ਕੀਤਾ ਗਿਆ ਹੈ?

ਭਾਈ ਹਰਨਾਮ ਸਿੰਘ ਜੀ, ਤੁਹਾਡੇ ਵੱਲੋਂ ਕਥਾਂ ਵਿੱਚ ਇਹ ਕਹਿਣਾ ਕਿ38 ਸਾਲ ਪਿਛੋਂ ਇਹ ਦਿਹਾੜੇ ਇਕੱਠੇ ਆਏ ਹਨ, ਠੀਕ ਹੈ ਪਰ, ਸਵਾਲ ਤਾਂ ਇਹ ਹੈ ਕਿ ਹਰ ਸਾਲ ਇਕੱਠੇ ਕਿਉ ਨਹੀਂ ਆਉਂਦੇ? ਤੁਹਾਡਾ ਇਹ ਕਹਿਣਾ ਕਿ ਗੁਰਬਾਣੀ ਇਸ ਕੈਲੰਡਰ ਨੂੰ ਮਾਨਤਾ ਨਹੀਂ ਦਿੰਦੀ, ਸਚਾਈ ਤੋਂ ਕੋਹਾਂ ਦੂਰ ਹੈ। ਮੈਨੂੰ ਪੂਰੀ ਆਸ ਹੈ ਕਿ ਆਪ ਜੀ ਆਪਣੀ ਪਿਛਲੇ ਸਾਲ ਕੀਤੀ ਕਥਾ ਦੀ ਵੀਡੀਓ ਨੂੰ ਵੇਖ/ਸੁਣ ਕੇ, ਦਮਦਮੀ ਟਕਸਾਲ ਦਾ ਪੱਖ ਜਰੂਰ ਸਪੱਸ਼ਟ ਕਰੋਗੇ।

**ਧੰਨਵਾਦ**

# ਆਏ ਦਿਨ ਹੋ ਰਹੀਆਂ ਬੇਅਦਬੀਆਂ ਵੀ ਚਿੰਤਾ ਦਾ ਵਿਸ਼ਾ






**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**- ਪਿਛਲੇ ਕਾਫੀ ਲੰਬੇ ਸਮੇਂ ਤੋਂ ਸੂਬੇ 'ਚ ਬੇਅਦਬੀਆਂ ਦਾ ਵੱਧਣਾ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ ਤੇ ਜਿਸ ਕਰਕੇ ਸੰਗਤਾਂ 'ਚ ਨਿਰਾਸ਼ਾ ਵੀ ਪਾਈ ਜਾ ਰਹੀ ਹੈ ਇਸ ਸਬੰਧੀ ਪਾਠਕਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਪਿੰਡ ਗੜੀ ਅਜੀਤ ਸਿੰਘ ਦੇ ਉਘੇ ਸਮਾਜਸੇਵੀ ਤੇ ਨੰਬਰਦਾਰ ਮਹਿੰਦਰ ਸਿੰਘ ਅਣਦੇਹ ਨੇ ਆਖਿਆਂ ਕਿ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖਤਾ ਨੂੰ ਚੰਗੀ ਸੇਧ ਦੇਣ ਵਾਲਾ ਗਿਆਨ ਦਾ ਸਾਗਰ ਹੈ ਇਸ ਦੇ ਵਿੱਚ ਲਿਖੀ ਹੋਈ ਬਾਣੀ 'ਨੂੰ ਪੜਨਾਂ ਜਾਂ ਸੁਣਨਾ ਚੰਗੀ ਗੱਲ ਹੈ ਤੇ ਗੁਰਬਾਣੀ ਤੇ ਅਮਲ ਕਰਕੇ ਇਨਸਾਨ ਚੰਗਾ ਰਸਤਾ ਅਪਣਾਅ ਸਕਦਾ ਹੈ ਇਸ ਦਾ ਸਤਿਕਾਰ ਕਰਨਾ ਸਾਡਾ ਫਰਜ ਹੈ ਪਰ ਬੜਾ ਦੁੱਖ ਹੁੰਦਾ ਜਦੋਂ ਕਿਤੇ ਬੇਅਦਬੀ ਦੀਆਂ ਘਟਨਾਵਾਂ ਹੁੰਦੀਆਂ ਹਨ ਤੇ ਜਦੋਂ ਕਿਤੇ ਬੇਅਦਬੀ ਕਰਨ ਵਾਲਾ ਫੜਿਆਂ ਜਾਂਦਾ ਹੈ ਤਾਂ ਉਸ ਨੂੰ ਮਾਨਸਿਕ ਰੋਗੀ ਕਹਿ ਕੇ ਛੱਡ ਦਿਤਾ ਜਾਂਦਾ ਹੈ ਇਥੇ ਇਹ ਵੀ ਗੱਲ ਜਿਕਰਯੋਗ ਹੈ ਕਿ ਉਹ ਮਾਨਸਿਕ ਰੋਗੀ ਆਪਣੇ ਘਰ 'ਚ ਪਏ ਸਮਾਨ ਨਾਲ ਛੇੜਛਾੜ ਕਿਉ ਨਹੀਂ ਕਰਦਾ ਸਰਕਾਰਾਂ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣ ਤਾਂ ਜੋ ਆਉਣ ਵਾਲੇ ਸਮੇਂ ਇਸ ਤਰਾਂ ਦੀਆਂ ਘਟਨਾਵਾਂ ਬੰਦ ਹੋ ਸਕਣ। ਸ੍ਰ ਸੁਰਜੀਤ ਸਿੰਘ ਝਿੰਗੜ ਸਾ. ਵਾਈਸ ਚੇਅਰਮੈਨ ਨੇ ਆਖਿਆ ਕਿ ਬੜੇ ਲੰਬੇ ਸਮੇਂ ਤੋਂ ਬੇਅਦਬੀਆਂ ਹੁੰਦੀਆਂ ਆ ਰਹੀਆਂ ਹਨ ਤੇ ਕੁਝ ਕੁ ਲੀਡਰ ਇਸ ਮਸਲੇ ਤੇ ਆਪਣੀਆਂ ਸਿਆਸੀ ਰੋਟੀਆ ਸੇਕ ਕੇ ਆਪਣਾ ਫਾਇਦਾ ਲੈ ਜਾਦੇ ਹਨ ਜੋ ਬਿਲਕੁਲ ਗਲਤ ਹੈ ਅਗਰ ਕੋਈ ਇਸ ਤਰਾਂ ਦੀ ਘਟਨਾ ਵਾਪਰਦੀ ਹੈ ਤਾਂ ਉਸ ਘਟਨਾ ਨੂੰ ਤੂਲ ਦੇਣ ਦੀ ਬਜਾਏ ਉਸ ਦਾ ਹੱਲ ਕੱਢਣਾ ਚਾਹੀਦਾ ਹੈ ਬੇਅਦਬੀ ਕਰਨ ਵਾਲੇ 'ਨੂੰ ਜੋ ਸਜਾ ਕਾਨੂਨ ਮੁਤਾਬਕ ਬਣਦੀ ਹੈ ਉਸ ਨੂੰ ਦੇਣੀ ਚਾਹੀਦੀ ਹੈ ਕਿਉਕਿ ਆਦਿ ਸ਼੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਪੜਨ ਅਤੇ ਸੁਣਨ ਵਾਲਾ ਕਦੇ ਗਲਤ ਰਸਤੇ ਤੇ ਨਹੀ ਜਾਵੇਗਾ ਹਮੇਸ਼ਾਂ ਸਰਬੱਤ ਦਾ ਭਲਾ ਤੇ ਲੋੜਬੰਦਾਂ ਦੀ ਮਦਦ ਕਰੇਗਾ ਤੇ ਸਰਕਾਰ ਇਸ ਮਸਲੇ ਵੱਲ ਜਰੂਰ ਧਿਆਨ ਦੇਵੇ ਢਾਡੀ ਗੁਰਦੀਪ ਸਿੰਘ ਉੜਾਪੜ ਨੇ ਆਖਿਆ ਕਿ ਆਦਿ ਸ਼੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਗੁਰੂ ਘਰਾਂ ਚ ਬੜੇ ਅਦਬ ਸਤਿਕਾਰ ਸਹਿਤ ਰੱਖਿਆ ਅਤੇ ਪੜਿਆ ਜਾਂਦਾ ਹੈ ਤੇ ਸਿੱਖ ਧਰਮ ਚ ਇਸ ਦੀ ਬਹੁਤ ਮਾਨਤਾ ਹੈ ਕਿਉਕਿ ਇਸ ਵਿੱਚ ਗੁਰੂ ਸਹਿਬਾਨਾਂ,ਭਗਤਾਂ ਤੇ ਹੋਰ ਮਹਾਂ ਪੁਰਸ਼ਾਂ ਦੀ ਗੁਰਬਾਣੀ ਹੈ ਇਸ ਨੂੰ ਪੜਨ ਨਾਲ ਸਾਡੀ ਜਿੰਦਗੀ ਚ ਬਹੁਤ ਬਦਲਾਅ ਆਉਦਾ ਹੈ ਕਿਉਕਿ ਇਹ ਗਿਆਨ ਦਾ ਸਮੁੰਦਰ ਹੈ ਪਰ ਇਸ ਦੀ ਹੋ ਰਹੀ ਬੇਅਦਬੀ ਅਸੀਂ ਕਦੇ ਬਰਦਾਸ਼ਤ ਨਹੀਂ ਕਰਾਂਗੇ ਬੇਅਦਬੀਆਂ ਕਰਨ ਵਾਲੇ ਜਾਂ ਕਰਵਾਉਣ ਵਾਲੇ ਦੋਸ਼ੀਆਂ ਨੂੰ ਸਖਤ ਸਜਾਵਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਆਉਣ ਵਾਲੇ ਸਮੇਂ ਚ ਇਸ ਤਰਾਂ ਦੀ ਘਟਨਾ ਨਾ ਹੋਵੇ ਸਰਕਾਰਾਂ ਇਸ ਮੁੱਦੇ ਵੱਲ ਜਰੂਰ ਧਿਆਨ ਦੇਵੇ ਸ੍ਰ ਦਲਜੀਤ ਸਿੰਘ ਲਸਾੜਾ ਨੇ ਆਖਿਆਂ ਕਿ ਧਰਮ ਜਿਹੜਾ ਮਰਜੀ ਹੈ ਉਹ ਹਮੇਸ਼ਾਂ ਇਨਸਾਨ ਨੂੰ ਚੰਗੇ ਪਾਸੇ ਲਾਉਣ ਦਾ ਚੰਗਾ ਗਿਆਨ ਦਿੰਦਾ ਹੈ ਤੇ ਸਾਡੇ ਲਈ ਸਾਰੇ ਧਰਮ ਸਤਿਕਾਰਯੋਗ ਹਨ ਪਰ ਜੋ ਪਿਛਲੇ ਸਮੇਂ ਤੋਂ ਬੇਅਦਬੀਆਂ ਹੋ ਰਹੀਆਂ ਹਨ ਇਹ ਸਭ ਦੇਖ ਕੇ ਮਨ ਦੁਖੀ ਹੁੰਦਾ ਹੈ ਤੇ ਕੁਝ ਸ਼ਰਾਰਤੀ ਅਨਸਰ ਵੀ ਹੁੰਦੇ ਹਨ ਜੋ ਅਮਨ ਸ਼ਾਂਤੀ ਤੇ ਆਪਸੀ ਭਾਈਚਾਰਕ 'ਨੂੰ ਦੇਖਣਾ ਪਸੰਦ ਨਹੀਂ ਕਰਦੇ ਪਰ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਕੌਮ ਲਈ ਬਹੁਤ ਸਨਮਾਨ ਯੋਗ ਹੈ ਕਿਉਕਿ ਸਿੱਖ ਕੌਮ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਕੇ ਕੋਈ ਵੀ ਕਾਰਜ ਆਰੰਭ ਕਰਦੀ ਹੈ ਤੇ ਉਹ ਕਾਰਜ ਨਿਰਵਿਘਨ ਨੇਪਰੇ ਵੀ ਚੜਦੇ ਹਨ ਇਸ ਕਰਕੇ ਬੇਅਦਬੀਆਂ ਨੂੰ ਰੋਕਣਾ ਚਾਹੀਦਾ ਹੈ ਤੇ ਇਸ ਤਰਾਂ ਦੇ ਸ਼ਰਾਰਤੀਆਂ ਨੂੰ ਸਖਤ ਸਜਾ ਮਿਲਣੀ ਚਾਹੀਦੀ ਹੈ ਤੇ ਗੁਰੁ ਘਰਾਂ ਦੇ ਪ੍ਰਬੰਧਕਾਂ ਵੀ ਧਿਆਨ ਰੱਖਣ ਤੇ ਗੁਰੁ ਘਰਾਂ ਚ ਸੀਸੀਟੀਵੀ ਜਰੂਰ ਲਗਵਾਉਣ ਤੇ ਸਰਕਾਰਾਂ ਇਸ ਮੁਦੇ ਵੱਲ ਜਰੂਰ ਧਿਆਨ ਦੇਣ।

# ਬੰਗੜ ਜਠੇਰਿਆਂ ਦੇ ਅਸਥਾਨ 'ਤੇ ਕਮਰੇ ਪਾਉਣ ਦਾ ਕੰਮ ਸ਼ੁਰੂ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**- ਧੰਨ ਧੰਨ ਬਾਬਾ ਜਸਦੇਵ ਬੰਗੜ ਜੀ ਗੋਤ ਬੰਗੜ ਜਠੇਰਿਆਂ ਦੇ ਧਾਰਮਿਕ ਅਸਥਾਨ ਪਿੰਡ ਪਾਸਲਾ ਵਿਖੇ ਕਮਰੇ ਪਾਉਣ ਦਾ ਕੰਮ ਅਰਦਾਸ ਬੇਨਤੀ ਕਰਕੇ ਸ਼ੁਰੂ ਕੀਤਾ ਗਿਆ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਮੇਟੀ ਪ੍ਰਧਾਨ ਲੇਖ ਰਾਜ ਬੰਗੜ ਤੇ ਅਮਰਜੀਤ ਬੰਗੜ ਪਿੰਡ ਪਾਸਲਾ ਨੇ ਦੱਸਿਆ ਕਿ ਜਠੇਰਿਆਂ ਦੇ ਮੇਲੇ ਦੌਰਾਨ ਧਾਰਮਿਕ ਅਸਥਾਨ ਤੇ ਜਿਨਾਂ ਸੰਗਤਾਂ ਦੀਆਂ ਅਰਦਾਸਾਂ ਸੰਪੂਰਨ ਹੁੰਦੀਆਂ ਹਨ ਉਨਾਂ ਵਲੋਂ ਪ੍ਰਵਿਾਰਾਂ ਦੀ ਤੰਦਰੁਸਤੀ ਅਤੇ ਸਰਬੱਤ ਦੇ ਭਲੇ ਵਾਸਤੇ ਪ੍ਰਬੰਧਕ ਕਮੇਟੀ ਦੇ ਸਹਿਜੋਗ ਨਾਲ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਂਦੇ ਸਨ ਤੇ ਜੋ ਪਾਠੀ ਸਾਹਿਬਾਨ ਸਨ ਉਨਾਂ ਦੇ ਆਰਾਮ ਕਰਨ ਵਾਸਤੇ ਕਮਰੇ ਨਾ ਹੋਣ ਦੀ ਘਾਟ ਮਹਿਸੂਸ ਹੁੰਦੀ ਸੀ ਤੇ ਸਮੁਚੀ ਪ੍ਰਬੰਧਕ ਕਮੇਟੀ ਤੇ ਬੰਗੜ ਪ੍ਰਵਿਾਰ ਦੇ ਮੈਂਬਰ ਸਾਹਿਬਾਨਾਂ ਦੀ ਸਹਿਮਤੀ ਨਾਲ ਇਹ ਮਤਾ ਪਾਸ ਕਰਕੇ ਕਾਰਜਾਂ ਦੀ ਆਰੰਭਤਾ ਕੀਤੀ ਗਈ ਹੈ ਇਹ ਕਾਰਜ ਸਮੂੰਹ ਪ੍ਰਬੰਧਕ ਕਮੇਟੀ ਤੇ ਹੋਰ ਦਾਨੀ ਸੰਗਤਾਂ ਦੇ ਸਹਿਜੋਗ ਨਾਲ ਨੇਪਰੇ ਚੜੇਗਾ ਉਨਾ ਸੰਗਤਾਂ ਨੂੰ ਅਪੀਲ ਕੀਤੀ ਕਿ ਆਪਣੀ ਕਿਰਤ ਕਮਾਈ ਵਿਚੋਂ ਦਸ਼ਵੰਧ ਕੱਢ ਕੇ ਧਾਰਮਿਕ ਅਸਥਾਨਾਂ ਤੇ ਬਣ ਰਹੇ ਕਮਰਿਆਂ ਵਿੱਚ ਆਪਣਾ ਯੋਗਦਾਨ ਪਾਓ ਤਾਂ ਜੋ ਇਹ ਕਾਰਜ ਨਿਰਵਿਘਨ ਹੋ ਸੰਪੂਰਨ ਹੋ ਜਾਣ ਇਸ ਧਾਰਮਿਕ ਅਸਥਾਂਨ ਤੇ ਜੋ ਸੁੰਦਰ ਆਲੀਸ਼ਾਂਨ ਦਰਬਾਰ ਅਤੇ ਬਹੁਤ ਵੱਡਾ ਲੰਗਰ ਹਾਲ ਇਹ ਸਭ ਐਨਆਰਆਈਜ ਤੇ ਸਮੁੱਚੀ ਸੰਗਤ ਦੇ ਸਹਿਜੋਗ ਨਾਲ ਤਿਆਰ ਹੋਇਆ ਹੈ ਖਾਸਕਰ ਐਨਆਰਆਈਜ ਵੀਰ ਜੋ ਸਮੇਂ ਸਮੇਂ ਤੇ ਸਮੁੱਚੀ ਪ੍ਰਬੰਧਕ ਕਮੇਟੀ ਦਾ ਬੜਾ ਸਹਿਜੋਗ ਦਿੰਦੇ ਹਨ ਉਨਾਂ ਇਨਾਂ ਕਾਰਜਾਂ ਚ ਸਹਿਜੋਗ ਦੇਣ ਵਾਲੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਤੇ ਆਸ ਕਰਦੇ ਹਾਂ ਕਿ ਸੰਗਤਾਂ ਸਾਡੀ ਇਸ ਬੇਨਤੀ ਨੂੰ ਵੀ ਕਬੂਲ ਕਰਨਗੀਆਂ ਤੇ ਕਾਰਜ ਵੀ ਪੂਰੇ ਹੋਣਗੇ।



# ਹਰ ਬੱਚੇ ਨੂੰ ਸਿਹਤ ਸੁਰੱਖਿਆ ਤੇ ਨਿਰੋਗ ਜੀਵਨ ਪ੍ਰਦਾਨ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇਗੀ : ਸਿਹਤ ਮੰਤਰੀ ਡਾ. ਬਲਬੀਰ ਸਿੰਘ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਸੂਬੇ ਨੂੰ ਪੋਲੀਓ ਵਾਇਰਸ ਤੋਂ ਸੁਰੱਖਿਅਤ ਰੱਖਣ ਲਈ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਐਤਵਾਰ ਨੂੰ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਤੋਂ ਸੂਬੇ ਦੇ 12 ਉੱਚ ਜ਼ੋਖਮ ਵਾਲੇ ਜ਼ਿਲ੍ਹਿਆਂ ਲਈ ਉਪ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੀ ਸ਼ੁਰੂਆਤ ਕੀਤੀ। ਜਿਨ੍ਹਾਂ 12 ਜ਼ਿਲ੍ਹਿਆਂ ਇਹ ਰਾਊਂਡ ਕਰਵਾਇਆ ਜਾ ਰਿਹਾ ਹੈ, ਉਨ੍ਹਾਂ ਵਿਚ ਅੰਮ੍ਰਿਤਸਰ, ਬਠਿੰਡਾ, ਫਰੀਦਕੋਟ, ਫਾਜ਼ਿਲਕਾ, ਫਤਿਹਗੜ੍ਹ ਸਾਹਿਬ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਮੋਗਾ, ਪਠਾਨਕੋਟ, ਪਟਿਆਲਾ, ਐਸਬੀਐਸ ਨਗਰ ਅਤੇ ਤਰਨਤਾਰਨ ਆਦਿ ਸ਼ਾਮਲ ਹਨ।

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਅੱਜ ਸੂਬਾ ਪੱਧਰੀ ਸਮਾਰੋਹ ਦੌਰਾਨ ਬੱਚਿਆਂ ਨੂੰ 'ਓਰਲ ਪੋਲੀਓ ਵੈਕਸੀਨ' (ਓ.ਪੀ.ਵੀ) ਦੀਆਂ ਬੂੰਦਾਂ ਪਿਲਾਉਣ ਤੋਂ ਬਾਅਦ ਆਸਮਾਨ ਵਿਚ ਰੰਗ-ਬਿਰੰਗੇ ਗੁਬਾਰੇ ਛੱਡ ਕੇ, ਇਸ ਤਿੰਨ ਦਿਨਾਂ ਉਪ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਐਮ ਐਲ ਏ ਸੰਤੋਸ਼ ਕਟਾਰੀਆ, ਐਮ ਐਲ ਏ ਡਾ. ਨਛੱਤਰ ਪਾਲ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸਤਨਾਮ ਜਲਾਲਪੁਰ, ਚੇਅਰਮੈਨ ਇੰਪਰੂਵਮੈਂਟ ਟ੍ਰੱਸਟ ਸਤਨਾਮ ਸਿੰਘ ਜਲਵਾਹਾ, ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ. ਆਦਰਸ਼ ਪਾਲ ਕੌਰ, ਡਾਇਰੈਕਟਰ ਪਰਿਵਾਰ ਭਲਾਈ ਡਾ. ਰਵਿੰਦਰ ਪਾਲ ਕੌਰ, ਐਸ ਡੀ ਐਮ ਮੇਜਰ ਡਾ. ਸ਼ਿਵਰਾਜ ਸਿੰਘ ਬੱਲ,



ਸਿਵਲ ਸਰਜਨ ਡਾ. ਜਸਪ੍ਰੀਤ ਕੌਰ, ਵਿਸ਼ਵ ਸਿਹਤ ਸੰਗਠਨ ਦੇ ਸਰਵੀਲੈਂਸ ਮੈਡੀਕਲ ਅਫਸਰ ਡਾ. ਗਗਨ ਸ਼ਰਮਾ ਅਤੇ ਐਸ ਐਮ ਓ ਨਵਾਂਸ਼ਹਿਰ ਡਾ. ਸਤਵਿੰਦਰ ਕੌਰ ਵਾਲੀਆ ਮੌਜੂਦ ਸਨ।ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸੂਬੇ ਦੇ ਉੱਚ ਜੋਖਮ ਵਾਲੇ 12 ਜ਼ਿਲ੍ਹਿਆਂ ਵਿੱਚ ਜ਼ੀਰੋ ਤੋਂ ਪੰਜ ਸਾਲ ਤੱਕ ਦੇ 14,83,072 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾ ਰਹੀਆਂ ਹਨ। ਇਸ ਤਿੰਨ ਦਿਨਾਂ ਮੁਹਿੰਮ ਦੌਰਾਨ ਕੋਈ ਵੀ ਬੱਚਾ ਪੋਲੀਓ ਰੋਕੂ ਬੂੰਦਾਂ ਪੀਣ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ।





Class 2023 UOP Stockton, CA Dr Amir Chadha, my grandson Was hooded by UOP authorities Saturday May 13,2023. Now he is on his way to a post-doctoral fellowship from Rutgers university in industry pharmacy. Rutgers offered him a research position in South San Francisco at Genentech. **- Sukhchain**








IVACC a few members participated OCA Dragon festival May 25, 2023. In the picture Hon. Jim Cooper and Kavin Barry president Wellsfargo bank is seen. Very well organized function. Congratulations to OCA from IVACC. **- Sukhchain**

## ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਪਹਿਲਵਾਨਾਂ ਦੇ ਹੱਕ 'ਚ ਆਵਾਜ਼ ਉਠਾਉਣ ਦੀ ਅਪੀਲ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਆਜ਼ਾਦੀ ਸੰਗਰਾਮ ਦੇ ਮਹਾਨ ਸੰਗਰਾਮੀਆਂ, ਗ਼ਦਰੀ, ਕੂਕੇ, ਬੱਬਰ, ਕਿਰਤੀ, ਨੌਜਵਾਨ ਭਾਰਤ ਸਭਾ, ਆਜ਼ਾਦ ਹਿੰਦ ਫੌਜ ਅਤੇ ਛਾਉਣੀਆਂ 'ਚ ਬਗ਼ਾਵਤਾਂ ਕਰਨ ਵਾਲੇ ਫੌਜੀਆਂ ਨੇ ਅਥਾਹ ਕੁਰਬਾਨੀਆਂ ਕਰਕੇ ਜੋ ਆਜ਼ਾਦ, ਜਮਹੂਰੀ, ਸਿਹਤਮੰਦ ਕਦਰਾਂ ਕੀਮਤਾਂ ਭਰੇ ਸਭਿਆਚਾਰਕ ਮਾਹੌਲ ਦੀ ਸਿਰਜਣਾ ਕਰਨ ਦਾ ਸੁਪਨਾ ਲਿਆ ਸੀ ਅੱਜ ਕੇਂਦਰੀ ਭਾਜਪਾ ਹਕੂਮਤ ਨੇ ਕੌਮਾਂਤਰੀ ਖਿਡਾਰੀਆਂ ਦੀ ਆਵਾਜ਼ ਬੰਦ ਕਰਨ ਲਈ ਕੋਝੇ ਹੱਥ ਕੰਡੇ ਅਤੇ ਜਾਬਰਾਨਾ ਕਦਮ ਚੁੱਕੇ ਕੇ, ਉਹਨਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦੀ ਨੰਗੀ ਚਿੱਟੀ ਤੌਹੀਨ ਕਰਨ ਦਾ ਬੇਸ਼ਰਮੀ ਭਰਿਆ ਰਾਹ ਫੜ ਰੱਖਿਆ ਹੈ।

ਉਹਨਾਂ ਕਿਹਾ ਕਿ ਪੁਰਅਮਨ ਖਿਡਾਰੀਆਂ ਉਪਰ ਹੱਲਾ ਬੋਲਕੇ ਉਹਨਾਂ ਦੀ ਖਿੱਚ ਧੂਹ ਕਰਨ, ਝੂਠੇ ਕੇਸ ਮੜ੍ਹਨ ਅਤੇ ਧਰਨਾ ਉਖਾੜਨ ਦਾ ਧੱਕੜ ਕਦਮ ਚੁੱਕਿਆ ਹੈ ਅਤੇ ਦੂਜੇ ਪਾਸੇ ਭਾਜਪਾ ਹਕੂਮਤ ਆਪਣੇ ਸੰਸਦ ਬ੍ਰਿਜ ਭੂਸ਼ਣ ਸ਼ਰਨ ਦੀ ਪਿੱਠ ਥਾਪੜਕੇ ਪੁਸ਼ਤ ਪਨਾਹੀ ਕਰ ਰਹੀ ਹੈ।

ਪ੍ਰੈਸ ਨੋਟ 'ਚ ਕਿਹਾ ਹੈ ਕਿ ਕੌਮਾਂਤਰੀ ਪੱਧਰ ਦੀਆਂ ਨਾਮਵਰ ਪਹਿਲਵਾਨ ਖਿਡਾਰਨਾ ਸਿਰਫ਼ ਆਪਣੀ ਅਣਖ ਇੱਜ਼ਤ ਦੀ ਹੀ ਲੜਾਈ ਨਹੀਂ ਲੜ ਰਹੀਆਂ ਸਗੋਂ ਪੂਰੇ ਮੁਲਕ ਦੀ ਆਬਰੂ ਲਈ ਜਦੋ ਜਹਿਦ ਕਰ ਰਹੀਆਂ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਮੰਗ ਕੀਤੀ ਹੈ ਕਿ ਪਹਿਲਵਾਨ ਖਿਡਾਰੀਆਂ 'ਤੇ ਮੜ੍ਹੇ ਝੂਠੇ ਕੇਸ ਵਾਪਸ ਲਏ ਜਾਣ। ਉਹਨਾਂ ਨੂੰ ਜੰਤਰ ਮੰਤਰ 'ਤੇ ਪੁਰਅਮਨ ਧਰਨਾ ਲਾਉਣ ਦਿੱਤਾ ਜਾਵੇ। ਭਾਜਪਾ ਸੰਸਦ ਬ੍ਰਿਜ ਭੂਸ਼ਣ ਸ਼ਰਨ 'ਤੇ ਹੁਣ ਜਦੋਂ ਐਫ.ਆਈ.ਆਰ. ਦਰਜ ਹੋ ਚੁੱਕੀ ਹੈ, ਤਾਂ ਉਸ ਨੂੰ ਬਿਨਾਂ ਕਿਸੇ ਦੇਰੀ ਦੇ ਗ੍ਰਿਫ਼ਤਾਰ ਕਰਕੇ, ਸਾਰੇ ਆਹੁਦਿਆਂ ਤੋਂ ਬਰਖ਼ਾਸਤ ਕੀਤਾ ਜਾਏ।

ਕਮੇਟੀ ਨੇ ਮੁਲਕ ਦੀਆਂ ਸਮੂਹ ਦੇਸ਼ ਭਗਤ, ਇਨਸਾਫ਼ ਪਸੰਦ ਅਤੇ ਜਮਹੂਰੀ ਸ਼ਕਤੀਆਂ ਨੂੰ ਇੱਕ-ਜੁੱਟ ਹੋ ਕੇ ਪਹਿਲਵਾਨ ਖਿਡਾਰਨਾਂ ਦੇ ਹੱਕੀ ਸੰਗਰਾਮ ਲਈ ਸਾਂਝੀ ਆਵਾਜ਼ ਬੁਲੰਦ ਕਰਨ ਲਈ ਬੇਖੌਫ਼ ਹੋ ਕੇ ਅੱਗੇ ਆਉਣ ਦੀ ਜ਼ੋਰਦਾਰ ਅਪੀਲ ਕੀਤੀ ਹੈ।

## ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਪੰਜਾਬੀ ਲਾਜ਼ਮੀ ਵਿਸ਼ੇ ਨੂੰ ਹਟਾਉਣ ਦਾ ਵਿਰੋਧ

**ਹੁਸ਼ਿਆਰਪੁਰ (ਬਿਊਰੋ)–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਨੇ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਦੀ ਸਿੰਡੀਕੇਟ ਵਲੋਂ ਪੰਜਾਬੀ ਭਾਸ਼ਾ ਲਈ ਲਏ ਮਾਰੂ ਫ਼ੈਸਲੇ ਜਿਸ ਵਿੱਚ ਬੀ.ਏ.ਦੇ ਸਿਲੇਬਸਾਂ ਚੋਂ ਪੰਜਾਬੀ ਲਾਜ਼ਮੀ ਵਿਸ਼ੇ ਨੂੰ ਹਟਾਉਣਾ ਸ਼ਾਮਲ ਹੈ, ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਸਭਾ ਦੇ ਪ੍ਰਧਾਨ ਮਦਨ ਵੀਰਾ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਇਹ ਸਰਾਸਰ ਪੰਜਾਬ ਰਾਜ ਭਾਸ਼ਾ ਐਕਟ 2008 ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਦਿੱਲੀ ਤੇ ਚੰਡੀਗੜ੍ਹ ਅਕਾਸ਼ਵਾਣੀ ਚੋਂ ਪੰਜਾਬੀ ਖ਼ਬਰਾਂ ਦਾ ਬੁਲੇ-




ਟਿਨ ਹਟਾ ਦਿੱਤਾ ਗਿਆ ਜਿਹੜਾ ਕਿ 1947 ਦੀ ਵੰਡ ਪਿੱਛੋਂ ਚਲਦਾ ਆ ਰਿਹਾ ਸੀ। ਇਵੇਂ ਲਗਦਾ ਹੈ ਜਿਵੇਂ ਇਹ ਸਾਰਾ ਵਰਤਾਰਾ ਕਿਸੇ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਹੈ। ਭਾਸ਼ਾ ਅਤੇ ਸਭਿਆਚਾਰ ਨੂੰ ਲਗਾਤਾਰ ਢਾਅ ਲਾ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀਆਂ ਜੜ੍ਹਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ ਜਿਸ ਕਰਕੇ ਪੰਜਾਬੀ ਭਾਸ਼ਾ ਤੇ ਇਸਦੀ ਅਮੀਰ ਵਿਰਾਸਤ ਨੂੰ ਮੋਹ ਕਰਨ ਵਾਲੇ ਹਰ ਸੰਵੇਦਨਸ਼ੀਲ ਵਿਅਕਤੀ ਦੀ ਰੂਹ ਛੱਲਣੀ ਹੋਈ ਹੈ। ਦੁਨੀਆਂ ਦੀਆਂ ਤਮਾਮ ਭਾਸ਼ਾਵਾਂ ਦੀ ਲੜੀ ਵਿੱਚ ਦਸਵਾਂ ਸਥਾਨ ਗ੍ਰਹਿਣ ਕਰਨ ਵਾਲੀ ਪੰਜਾਬੀ ਭਾਸ਼ਾ ਅਤੇ ਇਸਦੇ ਜਾਇਆਂ ਨੇ ਸੰਸਾਰ ਪੱਧਰ ਤੇ ਮੱਲਾਂ ਮਾਰੀਆਂ ਹਨ।

ਦੇਸ਼ ਤੇ ਬਣੀ ਹਰ ਭੀੜ ਨੂੰ ਆਪਣੀ ਹਿੱਕੜੀ ਤੇ ਸਹਿਆ ਹੈ। ਅੱਜ ਉਸੇ ਭਾਸ਼ਾ ਦੇ ਮੌਲਦੇ ਰੁੱਖਾਂ ਦੀਆਂ ਟਾਹਣੀਆਂ ਛਾਂਗਣ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਨੂੰ ਕਿਸੇ ਵੀ ਹਾਲਤ ਵਿੱਚ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਪੰਜਾਬੀ ਲਾਜ਼ਮੀ ਵਿਸ਼ੇ ਨੂੰ ਹਟਾਉਣ ਦਾ ਵਿਰੋਧ ਕਰਨ ਵਾਲਿਆਂ ਵਿੱਚ ਡਾ. ਕਰਮਜੀਤ ਸਿੰਘ, ਕੁਲਤਾਰ ਸਿੰਘ ਕੁਲਤਾਰ, ਜਸਬੀਰ ਸਿੰਘ ਧੀਮਾਨ, ਡਾ. ਮਨਮੋਹਨ ਸਿੰਘ ਤੀਰ, ਤ੍ਰਿਪਤਾ ਕੇ.ਸਿੰਘ, ਸੁਰਿੰਦਰ ਸਿੰਘ ਕੰਗਵੀਂ, ਸਤੀਸ਼ ਕੁਮਾਰ, ਡਾ. ਸੁਖਦੇਵ ਸਿੰਘ ਢਿੱਲੋਂ, ਡਾ. ਅਵਤਾਰ ਸਿੰਘ ਓਠੀ, ਪ੍ਰਿੰ. ਸਤਵੰਤ ਕਲੋਟੀ, ਦਰਸ਼ਨ ਸਿੰਘ ਦਰਸ਼ਨ, ਡਾ. ਸਰਦੂਲ ਸਿੰਘ, ਪ੍ਰਿੰ. ਗੁਰਦਿਆਲ ਸਿੰਘ ਫੁੱਲ, ਡਾ. ਅਜੀਤ ਸਿੰਘ ਜੱਬਲ, ਹਰਦਿਆਲ ਹੁਸ਼ਿਆਰਪੁਰੀ, ਲਖਵਿੰਦਰ ਰਾਮ, ਮਹਿੰਦਰ ਦੀਵਾਨਾ, ਡਾ. ਸ਼ਮਸ਼ੇਰ ਮੋਹੀ, ਸੀਤਾ ਰਾਮ ਬਾਂਸਲ, ਸੋਮਦੱਤ ਦਿਲਗੀਰ, ਸੁਰਿੰਦਰ ਸੱਲ੍ਹਣ ਆਦਿ ਸਾਹਿਤਕਾਰ ਹਾਜ਼ਰ ਸਨ।

## ਹੁਸ਼ਿਆਰਪੁਰ ਦੇ ਚਮਨ ਲਾਲ ਬਰਮਿੰਘਮ 'ਚ ਪਹਿਲੇ ਭਾਰਤੀ ਮੂਲ ਦੇ ਲਾਰਡ ਮੇਅਰ ਬਣੇ

ਲੰਡਨ- ਬਰਤਾਨੀਆ 'ਚ ਬਰਮਿੰਘਮ ਦੇ ਲਾਰਡ ਮੇਅਰ ਦੇ ਰੂਪ 'ਚ ਹਲਫ਼ ਲੈ ਕੇ ਕੌਂਸਲਰ ਚਮਨ ਲਾਲ ਨੇ ਇਸ ਅਹੁਦੇ 'ਤੇ ਬੈਠਣ ਵਾਲੇ ਪਹਿਲੇ ਬ੍ਰਿਟਿਸ਼-ਭਾਰਤੀ ਪੰਜਾਬੀ ਹੋਣ ਦਾ ਮਾਣ ਹਾਸਲ ਕੀਤਾ ਹੈ। ਉਹ 1964 'ਚ ਆਪਣੇ ਪਰਿਵਾਰ ਨਾਲ ਪੰਜਾਬ ਤੋਂ ਇੰਗਲੈਂਡ ਆ ਗਏ ਸਨ। ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪੱਖੋਵਾਲ ਪਿੰਡ ਦੇ ਰਹਿਣ ਵਾਲੇ ਚਮਨ ਲਾਲ ਦੇ ਪਿਤਾ ਸਰਦਾਰ ਹਰਨਾਮ ਸਿੰਘ ਨੇ ਬ੍ਰਿਟਿਸ਼-ਭਾਰਤੀ ਆਰਮੀ ਵੱਲੋਂ ਦੂਜੀ ਸੰਸਾਰ ਜੰਗ



'ਚ ਹਿਸਾ ਲਿਆ ਸੀ। ਚਮਨ 1989 'ਚ ਲੇਬਰ ਪਾਰਟੀ ਨਾਲ ਜੁੜੇ ਸਨ। ਗ਼ੈਰ ਬਰਾਬਰੀ ਤੇ ਵਿਤਕਰੇ ਖ਼ਿਲਾਫ਼ ਉਨ੍ਹਾਂ ਨੇ ਕਈ ਸਮਾਜਿਕ ਇਨਸਾਫ਼ ਦੀਆਂ ਮੁਹਿੰਮਾਂ 'ਚ ਹਿੱਸਾ ਲਿਆ। ਸਿਟੀ ਕੌਂਸਲ 'ਚ ਉਹ 30 ਸਾਲ ਤੋਂ ਸੇਵਾ ਨਿਭਾਅ ਰਹੇ ਸਨ। ਪਿਛਲੇ ਹਫ਼ਤੇ ਲਾਰਡ ਮੇਅਰ ਚੁਣੇ ਜਾਣ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਇਸ ਮਹਾਨ ਸ਼ਹਿਰ ਦੇ ਲਾਰਡ ਮੇਅਰ ਦਾ ਸਨਮਾਨ ਹਾਸਲ ਕਰ ਕੇ ਮੈਂ ਮਾਣ ਮਹਿਸੂਸ ਕਰ ਰਿਹਾ ਹਾਂ। ਉਨ੍ਹਾਂ ਕਿਹਾ ਕਿ ਮੈਂ ਜਦੋਂ 30 ਸਾਲ ਪਹਿਲਾਂ ਸਿਟੀ ਕੌਂਸਲ ਚੁਣਿਆ ਗਿਆ ਸੀ ਤਾਂ ਮੈਂ ਕਦੀ ਨਹੀਂ ਸੋਚਿਆ ਸੀ ਕਿ ਮੈਂ ਇਕ ਦਿਨ ਇੱਥੋਂ ਦਾ ਲਾਰਡ ਮੇਅਰ ਬਣ ਜਾਵਾਂਗਾ।

# 'ਅਮਰੀਕਾ ਦੇ ਮੈਮੋਰੀਅਲ ਡੇਅ ਦਾ ਇਤਿਹਾਸ'



ਪ੍ਰੋ: ਐਚ.ਐਲ.ਕਪੂਰ

ਮੈਮੋਰੀਅਲ ਡੇਅ ਇਕ ਅਮਰੀਕੀ ਛੁੱਟੀ ਹੈ, ਜੋ ਮਈ ਮਹੀਨੇ ਦੇ ਆਖਰੀ ਸੋਮਵਾਰ ਨੂੰ ਮਨਾਇਆ ਜਾਂਦਾ ਹੈ, ਜੋ ਅਮਰੀਕੀ ਫੌਜ ਵਿਚ ਸੇਵਾ ਕਰਦੇ ਹੋਏ ਮਰਨ ਵਾਲੇ ਮਰਦਾਂ ਅਤੇ ਔਰਤਾਂ ਦਾ ਸਨਮਾਨ ਕਰਦੇ ਹਨ।

ਇਹ ਅਸਲ ਵਿਚ ਸਜਾਵਟ ਦਿਵਸ ਵਜੋਂ ਜਾਣਿਆ ਜਾਂਦਾ ਹੈ, ਇਹ ਸਿਵਲ ਯੁੱਧ ਤੋਂ ਬਾਅਦ ਦੇ ਸਾਲਾਂ ਵਿਚ ਸ਼ੁਰੂ ਹੋਇਆ ਸੀ ਅਤੇ 1971 ਵਿਚ ਇਕ ਅਧਿਕਾਰਤ- ਸੰਘੀ ਛੁੱਟੀ ਬਣ ਗਿਆ ਸੀ। ਬਹੁਤ ਸਾਰੇ ਅਮਰੀਕੀ ਕਬਰਸਤਾਨਾਂ ਜਾਂ ਯਾਦਗਾਰਾਂ ਵਿਚ ਜਾ ਕੇ, ਪਰਿਵਾਰਕ ਇਕੱਠ ਕਰਕੇ ਅਤੇ ਪਰੇਡਾਂ ਵਿਚ ਹਿੱਸਾ ਲੈ ਕੇ ਯਾਦਗਾਰੀ ਦਿਵਸ ਮਨਾਉਂਦੇ ਹਨ। ਅਣਅਧਿਕਾਰਿਤ ਤੌਰ 'ਤੇ, ਇਹ ਗਰਮੀ ਦੇ ਮੌਸਮ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ।

**ਮੈਮੋਰੀਅਲ ਦਿਵਸ ਦਾ ਇਤਿਹਾਸ:**

ਘਰੇਲੂ ਯੁੱਧ ਦੇ ਖਤਮ ਹੋਣ ਤੋਂ ਤਿੰਨ ਸਾਲ ਬਾਅਦ, 5 ਮਈ, 1868 ਨੂੰ, ਯੂਨੀਅਨ ਵੈਟਰਨਜ਼ ਦੇ ਇਕ ਸੰਗਠਨ ਦੇ ਮੁਖੀ ਰਿਪਬਲਿਕ ਦੀ ਗ੍ਰੈਂਡ ਆਰਮੀ (ਜੀ. ਏ. ਆਰ.) ਨੇ ਯੁੱਧ ਦੇ ਮਰੇ ਹੋਏ ਲੋਕਾਂ ਦੀਆਂ ਕਬਰਾਂ ਨੂੰ ਸਜਾਉਣ ਦੇ ਸਮੇਂ ਵਜੋਂ ਸਜਾਵਟ ਦਿਵਸ ਦੀ ਸਥਾਪਨਾ ਕੀਤੀ। ਫੁੱਲਾਂ ਨਾਲ, ਮੇਜਰ ਜਨਰਲ ਜੌਹਨ ਏ ਲੋਗਨ ਨੇ ਘੋਸ਼ਣਾ ਕੀਤੀ ਕਿ ਸਜਾਵਟ ਦਿਵਸ 30 ਮਈ ਨੂੰ ਮਨਾਇਆ ਜਾਣਾ ਚਾਹੀਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਤਾਰੀਖ਼ ਇਸ ਲਈ ਚੁਣੀ ਗਈ ਸੀ ਕਿਉਂਕਿ ਪੂਰੇ ਦੇਸ਼ ਵਿਚ ਫੁੱਲ ਖਿੜ ਜਾਣਗੇ।

ਪਹਿਲਾ ਵੱਡਾ ਮੇਲਾ ਉਸ ਸਾਲ ਵਾਸ਼ਿੰਗਟਨ, ਡੀ. ਸੀ. ਤੋਂ ਪੋਟੋਮੈਕ ਨਦੀ ਦੇ ਪਾਰ ਆਰਲਿੰਗਟਨ ਨੈਸ਼ਨਲ ਕਬਰਸਤਾਨ ਵਿਖੇ ਆਯੋਜਿਤ ਕੀਤਾ ਗਿਆ ਸੀ।

ਇਹ ਰਸਮਾਂ ਆਰਲਿੰਗਟਨ ਮਹਿਲ ਦੇ ਸੋਗ ਨਾਲ ਭਰੇ ਬਰਾਂਡੇ ਦੇ ਦੁਆਲੇ ਕੇਂਦਰਿਤ ਸਨ, ਜੋ ਕਦੇ ਜਨਰਲ ਰੌਬਰਟ ਈ. ਲੀ. ਦਾ ਘਰ ਸੀ। ਜਨਰਲ ਅਤੇ ਸ੍ਰੀਮਤੀ ਯੂਲਿਸਸ ਐਸ. ਗ੍ਰਾਟ ਸਮੇਤ ਵਾਸ਼ਿੰਗਟਨ ਦੇ ਵੱਖ-ਵੱਖ ਅਧਿਕਾਰੀਆਂ ਨੇ ਸਮਾਰੋਹਾਂ ਦੀ ਪ੍ਰਧਾਨਗੀ ਕੀਤੀ। ਭਾਸ਼ਣਾਂ ਤੋਂ ਬਾਅਦ, ਸੈਨਿਕਾਂ ਅਤੇ ਮਲਾਹਾਂ ਦੇ ਅਨਾਥ ਘਰ ਦੇ ਬੱਚਿਆਂ ਅਤੇ ਜੀ. ਏ. ਆਰ. ਦੇ ਮੈਂਬਰਾਂ ਨੇ ਕਬਰਸਤਾਨ ਵਿਚੋਂ ਲੰਘਦੇ ਹੋਏ, ਯੂਨੀਅਨ ਅਤੇ ਸੰਘੀ ਕਬਰਾਂ 'ਤੇ ਫੁੱਲ ਵਿਛਾਏ, ਪ੍ਰਾਰਥਨਾਵਾਂ ਦਾ ਪਾਠ ਕੀਤਾ ਅਤੇ ਭਜਨ ਗਾਏ।

**ਸਥਾਨਕ ਤਿਉਹਾਰਾਂ ਦਾ ਦਾਅਵਾ:**

ਪਹਿਲਾ ਹੀ ਵੱਖ-ਵੱਖ ਥਾਂਵਾਂ 'ਤੇ ਸਿਵਲ ਯੁੱਧ ਦੇ ਮ੍ਰਿਤਕਾਂ ਨੂੰ ਸਥਾਨਕ ਬਸੰਤ ਸਮੇਂ ਸ਼ਰਧਾਂਜਲੀ ਦਿੱਤੀ ਜਾ ਚੁੱਕੀ ਹੈ। ਪਹਿਲੀ ਵਾਰ ਕੋਲੰਬਸ, ਮਿਸ., 25 ਅਪ੍ਰੈਲ, 1866 ਵਿਚ ਵਾਪਰੀ, ਜਦੋਂ ਔਰਤਾਂ ਦੇ ਇਕ ਸਮੂਹ ਨੇ ਸ਼ੀਲੋਹ ਵਿਖੇ ਲੜਾਈ ਵਿਚ ਡਿੱਗਣ ਵਾਲੇ ਸੰਘੀ ਸੈਨਿਕਾਂ ਦੀਆਂ ਕਬਰਾਂ ਨੂੰ ਸਜਾਉਣ ਲਈ ਇਕ ਕਬਰਸਤਾਨ ਦਾ ਦੌਰਾ ਕੀਤਾ। ਨੇੜੇ ਹੀ ਯੂਨੀਅਨ ਸਿਪਾਹੀਆਂ ਦੀਆਂ ਕਬਰਾਂ ਸਨ, ਅਣਗੌਲੀਆਂ ਕੀਤੀਆਂ ਗਈਆਂ ਕਿਉਂਕਿ ਉਹ ਦੁਸ਼ਮਣ ਸਨ। ਨੰਗੀਆਂ ਕਬਰਾਂ ਨੂੰ ਦੇਖ ਕੇ ਪ੍ਰੇਸ਼ਾਨ ਹੋ ਕੇ ਔਰਤਾਂ ਨੇ ਆਪਣੇ ਕੁਝ ਫੁੱਲ ਵੀ ਉਹਨਾਂ ਕਬਰਾਂ 'ਤੇ ਰੱਖ ਦਿੱਤੇ।

ਅੱਜ, ਉੱਤਰੀ ਤੇ ਦੱਖਣ ਦੇ ਸ਼ਹਿਰ 1866 ਵਿਚ ਮੈਮੋਰੀਅਲ ਦਿਵਸ ਦੇ ਜਨਮ ਸਥਾਨ ਹੋਣ ਦਾ ਦਾਅਵਾ ਕਰਦੇ ਹਨ ਮੈਕੋਨ ਅਤੇ ਕੋਲੰਬਸ, ਗਾ, ਦੋਵੇਂ ਇਸ ਸਿਰਲੇਖ ਦਾ ਦਾਅਵਾ ਕਰਦੇ ਹਨ ਅਤੇ ਨਾਲ ਹੀ ਰਿਚਮੰਡ, ਵੀ. ਬੋਲਸਬਰਗ, ਪਾ. ਦਾ ਪਿੰਡ ਦਾਅਵਾ ਕਰਦਾ ਹੈ ਕਿ ਇਹ ਸ਼ੁਰੂ ਹੋਇਆ ਸੀ। ਉਥੇ ਦੋ ਸਾਲ ਪਹਿਲਾਂ ਕਾਰਬੋਨਡੇਲ, ਇਲ., ਕਬਰਸਤਾਨ ਵਿਚ ਇਕ ਪੱਥਰ ਬਿਆਨ ਕਰਦਾ ਹੈ ਕਿ ਪਹਿਲਾ ਸਜਾਵਟ ਦਿਵਸ ਸਮਾਰੋਹ ਉਥੇ 29 ਅਪ੍ਰੈਲ, 1866 ਨੂੰ ਹੋਇਆ ਸੀ। ਕਾਰਬੋਨਡੇਲ ਜਨਰਲ ਲੋਗਨ ਦਾ ਯੁੱਧ ਸਮੇਂ ਦਾ ਘਰ ਸੀ। ਮੈਮੋਰੀਅਲ ਡੇਅ ਦੀ ਸ਼ੁਰੂਆਤ ਦੇ ਸਬੰਧ ਵਿਚ ਲਗਭਗ 25 ਸਥਾਨਾਂ ਦਾ ਨਾਮ ਦਿੱਤਾ ਗਿਆ ਹੈ, ਉਹਨਾਂ ਵਿਚੋਂ ਬਹੁਤ ਸਾਰੇ ਦੱਖਣ ਵਿਚ ਹਨ, ਜਿੱਥੇ ਜ਼ਿਆਦਾਤਰ ਜੰਗੀ ਮਰੇ ਹੋਏ ਲੋਕਾਂ ਨੂੰ ਦਫ਼ਨਾਇਆ ਗਿਆ ਸੀ।

**ਅਧਿਕਾਰਤ ਜਨਮ ਸਥਾਨ:**



1966 ਵਿਚ ਘੋਸ਼ਿਤ ਕੀਤਾ ਗਿਆ, ਕਾਂਗਰਸ ਅਤੇ ਪ੍ਰਧਾਨ ਲਿੰਡਨ ਜੌਹਨਸਨ ਨੇ ਵਾਟਰਲੂ, ਨਿਊਯਾਰਕ ਨੂੰ ਮੈਮੋਰੀਅਲ ਦਿਵਸ ਦਾ 'ਜਨਮ ਸਥਾਨ' ਘੋਸ਼ਿਤ ਕੀਤਾ। ਉਥੇ 5 ਮਈ 1866 ਨੂੰ ਇਕ ਸਮਾਰੋਹ ਵਿਚ, ਘਰੇਲੂ ਯੁੱਧ ਵਿਚ ਲੜਨ ਵਾਲੇ ਸਥਾਨਕ ਸਾਬਕਾ ਫੌਜੀਆਂ ਨੂੰ ਸਨਮਾਨਿਤ ਕੀਤਾ ਗਿਆ। ਕਾਰੋਬਾਰ ਬੰਦ ਅਤੇ ਵਸਨੀਕਾਂ ਨੇ ਅੱਧੇ ਸਟਾਫ 'ਤੇ ਝੰਡੇ ਲਹਿਰਾਏ। ਵਾਟਰਲੂ ਦੇ ਦਾਅਵੇ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਦੂਜੀਆਂ ਥਾਂਵਾਂ 'ਤੇ ਪਹਿਲਾਂ ਮਨਾਏ ਜਾਣ ਵਾਲੇ ਸਮਾਗਮ ਜਾਂ ਤਾਂ ਗੈਰ-ਰਸਮੀ ਸਨ, ਨਾ ਕਿ ਕਮਿਊਨਿਟੀ-ਵਿਆਪਨ ਜਾਂ ਇਕ ਵਾਰ ਦੇ ਸਮਾਗਮ।

19ਵੀਂ ਸਦੀ ਦੇ ਅੰਤ ਤੱਕ, ਪੂਰੇ ਦੇਸ਼ ਵਿਚ 30 ਮਈ ਨੂੰ ਯਾਦਗਾਰੀ ਦਿਵਸ ਸਮਾਰੋਹ ਆਯੋਜਿਤ ਕੀਤੇ ਜਾ ਰਹੇ ਸਨ। ਰਾਜ ਵਿਧਾਨ ਸਭਾਵਾਂ ਨੇ ਦਿਨ ਨੂੰ ਮਨੋਨੀਤ ਕਰਨ ਦੀਆਂ ਘੋਸ਼ਣਾਵਾਂ ਪਾਸ ਕੀਤੀਆਂ ਅਤੇ ਫੌਜ ਅਤੇ ਜਲ ਸੈਨਾ ਨੇ ਆਪਣੀਆਂ ਸਹੂਲਤਾਂ 'ਤੇ ਸਹੀ ਪਾਲਣਾ ਲਈ ਨਿਯਮਾਂ ਨੂੰ ਅਪਣਾਇਆ।

ਇਹ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਤੱਕ ਨਹੀਂ ਸੀ, ਹਾਲਾਂਕਿ ਸਾਰੇ ਅਮਰੀਕੀ ਯੁੱਧਾਂ ਵਿਚ ਮਾਰੇ ਗਏ ਲੋਕਾਂ ਦੇ ਸਨਮਾਨ ਲਈ ਦਿਨ ਦਾ ਵਿਸਤਾਰ ਕੀਤਾ ਗਿਆ ਸੀ। 1971 ਵਿਚ, ਕਾਂਗਰਸ ਦੇ ਇਕ ਐਕਟ ਦੁਆਰਾ ਮੈਮੋਰੀਅਲ ਡੇਅ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਸੀ, ਹਾਲਾਂਕਿ ਇਸ ਨੂੰ ਅਜੇ ਵੀ ਅਕਸਰ ਸਜਾਵਟ ਦਿਵਸ ਕਿਹਾ ਜਾਂਦਾ ਹੈ। ਫਿਰ ਇਹ ਮਈ ਦੇ ਆਖਰ ਸੋਮਵਾਰ ਨੂੰ ਵੀ ਰੱਖਿਆ ਗਿਆ ਸੀ, ਜਿਵੇਂ ਕਿ ਕੁਝ ਹੋਰ ਸੰਘੀ ਛੁੱਟੀਆਂ ਸਨ।

**ਕੁਝ ਰਾਜਾਂ ਵਿਚ ਸੰਘੀ ਸਮਾਰੋਹ:**

ਕੁਝ ਰਾਜਾਂ ਵਿਚ ਸੰਘੀ ਸਮਾਰੋਹ ਹੁੰਦੇ ਹਨ। ਬਹੁਤ ਸਾਰੇ ਦੱਖਣੀ ਰਾਜਾਂ ਵਿਚ ਸੰਘੀ ਦੇ ਮ੍ਰਿਤਕਾਂ ਦਾ ਸਨਮਾਨ ਕਰਨ ਦੇ ਆਪਣੇ ਦਿਨ ਹੁੰਦੇ ਹਨ। ਮਿਸੀਸਿਪੀ ਅਪ੍ਰੈਲ ਦੇ ਆਖਰੀ ਸੋਮਵਾਰ, ਅਲਬਾਮਾ ਅਪ੍ਰੈਲ ਦੇ ਚੌਥੇ ਸੋਮਵਾਰ ਅਤੇ ਜਾਰਜੀਆ 26 ਅਪ੍ਰੈਲ ਨੂੰ ਸੰਘੀ ਮੈਮੋਰੀਅਲ ਦਿਵਸ ਮਨਾਉਂਦਾ ਹੈ। ਉੱਤਰੀ ਅਤੇ ਦੱਖਣੀ ਕੈਰੋਲੀਨਾ ਇਸ ਨੂੰ 10 ਮਈ, ਲੁਈ-ਸਿਆਨਾ 3 ਜੂਨ ਨੂੰ ਮਨਾਉਂਦਾ ਹੈ ਅਤੇ ਟੈਨੇਸੀ ਉਸ ਤਾਰੀਖ਼ ਨੂੰ ਸੰਘੀ ਸਜਾਵਟ ਦਿਵਸ ਕਹਿੰਦੇ ਹਨ। ਟੈਕਸਾਸ 19 ਜਨਵਰੀ ਨੂੰ ਸੰਘੀ ਹੀਰੋਜ਼ ਮਨਾਉਂਦਾ ਹੈ ਅਤੇ ਵਰਜੀਨੀਆ ਮਈ ਸੰਘੀ ਮੈਮੋਰੀਅਲ ਦਿਵਸ ਦੇ ਆਖਰੀ ਸੋਮਵਾਰ ਨੂੰ ਮਨਾਉਂਦੀ ਹੈ।

1868 ਵਿਚ ਕਬਰਾਂ ਨੂੰ ਸਜਾਉਣ ਲਈ ਜਨਰਲ ਲੋਗਨ ਦੇ ਹੁਕਮ ਨੇ 'ਬਸੰਤ ਦੇ ਸਭ ਤੋਂ ਵਧੀਆ ਫੁੱਲਾਂ ਨਾਲ ਤਾਕੀਦ ਕੀਤੀ: ਸਾਨੂੰ ਉਨ੍ਹਾਂ ਦੀਆਂ ਕਬਰਾਂ ਦੀ ਪਵਿੱਤਰ ਚੌਕਸੀ ਨਾਲ ਰਾਖੀ ਕਰਨੀ ਚਾਹੀਦੀ ਹੈ। ਸੁਹਾਵਣੇ ਰਸਤੇ ਸ਼ਰਧਾਲੂਆਂ ਅਤੇ ਸ਼ੌਕੀਨ ਸੋਗ ਕਰਨ ਵਾਲਿਆਂ ਦੇ ਆਉਣ-ਜਾਣ ਨੂੰ ਸੱਦਾ ਦੇਣ। ਕਿਸੇ ਵੀ ਅਣਗਹਿਲੀ, ਸਮੇਂ ਦੀ ਕੋਈ ਤਬਾਹੀ, ਵਰਤਮਾਨ ਜਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਗਵਾਹੀ ਨਾ ਦੇਵੇ ਕਿ ਅਸੀਂ ਇਕ ਆਜ਼ਾਦ ਅਤੇ ਅਣਵੰਡੇ ਗਣਰਾਜ ਦੀ ਕੀਮਤ ਨੂੰ ਇਕ ਲੋਕ ਵਜੋਂ ਭੁੱਲ ਗਏ ਹਾਂ।''

ਅਰਲਿੰਗਟਨ ਨੈਸ਼ਨਲ ਕਬਰਸਤਾਨ ਵਿਚ ਪਹਿਲੇ ਮੈਮੋਰੀਅਲ ਦਿਵਸ ਸਮਾਰੋਹ ਵਿਚ ਸ਼ਾਮਲ ਹੋਣ ਵਾਲੀ ਭੀੜ ਲਗਭਗ 5000 ਲੋਕਾਂ ਦੇ ਅੱਜ ਦੇ ਸਮਾਰੋਹ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਦੇ ਬਰਾਬਰ ਸੀ। ਫਿਰ ਜਿਵੇਂ ਕਿ ਹੁਣ, ਹਰ ਕਬਰ 'ਤੇ ਛੋਟੇ-ਛੋਟੇ ਅਮਰੀਕੀ ਝੰਡੇ ਲਗਾਏ ਗਏ ਸਨ। ਅੱਜ ਬਹੁਤ ਸਾਰੇ ਰਾਸ਼ਟਰੀ ਕਬਰਸਤਾਨਾਂ ਵਿਚ ਇਕ ਪਰੰਪਰਾ ਦੀ ਪਾਲਣਾ ਕੀਤੀ ਜਾਂਦੀ ਹੈ। ਹਾਲ ਹੀ ਦੇ ਸਾਲਾਂ ਵਿਚ, ਬਹੁਤ ਸਾਰੇ ਪਰਿਵਾਰਾਂ ਵਿਚ ਸਾਰੇ ਵਿੱਛੜੇ ਅਜ਼ੀਜ਼ਾਂ ਦੀਆਂ ਕਬਰਾਂ ਨੂੰ ਸਜਾਉਣ ਦਾ ਰਿਵਾਜ ਵਧਿਆ ਹੈ।

ਜੰਗ ਵਿਚ ਮਰਨ ਵਾਲਿਆਂ ਦਾ ਸਨਮਾਨ ਕਰਨ ਲਈ ਵਿਸ਼ੇਸ਼ ਸੇਵਾਵਾਂ ਦੀ ਸ਼ੁਰੂਆਤ ਪੁਰਾਤਨਤਾ ਵਿਚ ਲੱਭੀ ਜਾ ਸਕਦੀ ਹੈ। ਐਥੀਨੀਅਨ ਨੇਤਾ ਪੇਰੀਕਲਸ ਨੇ 24 ਸਦੀਆਂ ਪਹਿਲਾਂ ਪੈਲੋਪੋਨੇਸ਼ੀਅਨ ਯੁੱਧ ਦੇ ਡਿੱਗੇ ਹੋਏ ਨਾਇਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜੋ ਅੱਜ 1.1 ਮਿਲੀਅਨ ਅਮਰੀਕੀਆਂ 'ਤੇ ਲਾਗੂ ਕੀਤੀ ਜਾ ਸਕਦੀ ਹੈ, ਜੋ ਦੇਸ਼ ਦੀਆਂ ਲੜਾਈਆਂ ਵਿਚ ਮਰ ਚੁੱਕੇ ਹਨ: 'ਨਾ ਸਿਰਫ਼ ਉਹਨਾਂ ਨੂੰ ਕਾਲਮਾਂ ਅਤੇ ਸਿਰਲੇਖਾਂ ਦੁਆਰਾ ਯਾਦ ਕੀਤਾ ਜਾਂਦਾ ਹੈ, ਪਰ ਉਥੇ ਉਨ੍ਹਾਂ ਦੀ ਇਕ ਅਣਲਿਖਤ ਯਾਦਗਾਰ ਵੀ ਵਸਦੀ ਹੈ, ਜੋ ਪੱਥਰ ਉੱਤੇ ਨਹੀਂ ਬਲਕਿ ਮਨੁੱਖਾਂ ਦੇ ਦਿਲਾਂ ਵਿਚ ਉੱਕਰੀ ਗਈ ਹੈ।''

ਇਹ ਯਕੀਨੀ ਬਣਾਉਣ ਲਈ ਕਿ ਅਮਰੀਕਾ ਦੇ ਡਿੱਗੇ ਹੋਏ ਨਾਇਕਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਾ ਜਾਵੇ, ਦਸੰਬਰ 2000 ਵਿਚ, ਯੂ. ਐਸ. ਕਾਂਗਰਸ ਨੇ ਪਾਸ ਕੀਤਾ ਅਤੇ ਰਾਸ਼ਟਰਪਤੀ ਨੇ ਕਾਨੂੰਨ 'ਦਾ ਨੈਸ਼ਨਲ ਮੋਮੈਂਟ ਆਫ਼ ਰੀਮੇਮਬਰੈਂਸ ਐਕਟ', ਪੀ. ਐਲ. 106-579 ਵਿਚ ਦਸਤਖ਼ਤ ਕੀਤੇ, ਵਾਈਟ ਹਾਊਸ ਕਮਿਸ਼ਨ ਦੀ ਸਥਾਪਨਾ ਕੀਤੀ। ਯਾਦ ਦਾ ਪਲ, ਕਮਿਸ਼ਨ ਦਾ ਚਾਰਟਰ 'ਸੰਯੁਕਤ ਰਾਜ ਦੇ ਲੋਕਾਂ ਨੂੰ ਉਹਨਾਂ ਦੇ ਦੇਸ਼ ਨੂੰ ਕੁਝ ਵਾਪਸ ਦੇਣ ਲਈ ਉਤਸ਼ਾਹਿਤ ਕਰਨਾ ਹੈ, ਜੋ ਉਹਨਾਂ ਨੂੰ ਬਹੁਤ ਜ਼ਿਆਦਾ ਆਜ਼ਾਦੀ ਅਤੇ ਮੌਕਾ ਪ੍ਰਦਾਨ ਕਰਦਾ ਹੈ। ਸੰਯੁਕਤ ਰਾਜ ਦੇ ਮੈਮੋਰੀਅਲ ਡੇਅ ਅਤੇ ਨੈਸ਼ਨਲ ਮੋਮੈਂਟ ਆਫ਼ ਰੀਮੇਮਬਰੈਂਸ ਵਿਚ ਸਮਾਰੋਹਾਂ ਨੂੰ ਉਤਸ਼ਾਹਿਤ ਅਤੇ ਤਾਲਮੇਲ ਕਰਕੇ।

ਨੈਸ਼ਨਲ ਮੋਮੈਂਟ ਆਫ਼ ਰੀਮੇਬਰੈਂਸ ਸਾਰੇ ਅਮਰੀਕੀਆਂ ਨੂੰ ਯਾਦਗਾਰੀ ਦਿਵਸ 'ਤੇ ਸਥਾਨਕ ਸਮੇਂ ਅਨੁਸਾਰ ਦੁਪਹਿਰ 3 ਵਜੇ ਜਿੱਥੇ ਵੀ ਹੋਵੇ, ਰਾਸ਼ਟਰ ਦੀ ਸੇਵਾ ਵਿਚ ਮਰਨ ਵਾਲਿਆਂ ਨੂੰ ਯਾਦ ਕਰਨ ਅਤੇ ਉਹਨਾਂ ਦਾ ਸਨਮਾਨ ਕਰਨ ਲਈ ਇਕ ਮਿੰਟ ਦਾ ਮੌਨ ਰੱਖਣ ਲਈ ਉਤਸ਼ਾਹਿਤ ਕਰਦਾ ਹੈ। ਮੋਮੈਂਟ ਆਫ਼ ਰੀਮੇਂਬਰੈਂਸ ਦੀ ਸੰਸਥਾਪਕ ਕਾਰਮੇਲਾ ਲਾਸਪਾਡਾ ਕਹਿੰਦੀ ਹੈ: ਇਹ ਇਕ ਤਰੀਕਾ ਹੈ ਕਿ ਅਸੀਂ ਸਾਰੇ ਯਾਦਗਾਰ ਨੂੰ ਯਾਦਗਾਰ ਦਿਵਸ ਵਿਚ ਵਾਪਸ ਲਿਆਉਣ ਵਿਚ ਮਦਦ ਕਰ ਸਕਦੇ ਹਾਂ।

## ਕਵਿਤਾ/ ਬਿਜਲੀ ਲੈ ਲਉ ਪਾਣੀ ਲੈ ਲਉ

ਬਿਜਲੀ ਲੈ ਲਉ ਪਾਣੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਦੁੱਧ ਦਹੀਂ ਵੀ ਨਾਲ ਮਿਲੇਗਾ।
ਪੂਰੇ ਹੀ ਪੰਜ ਸਾਲ ਮਿਲੇਗਾ।
ਚਾਟੀ ਨਾਲ ਮਧਾਣੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਬੇਸ਼ਕ ਵਿਚ ਬੁਢਾਪੇ ਹੋਵੋ।
ਕਰਦੇ ਪਏ ਸਿਆਪੇ ਹੋਵੋ।
ਫਿਰ ਤੋਂ ਇੱਕ ਜਵਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਅਪਣੀ ਨਾਰ ਦੀ ਗੱਲ ਨਈਂ ਕੋਈ।
ਲਾਹ ਲਉ ਬੇਸ਼ਕ ਸਿਰ ਤੋਂ ਲੋਈ।
ਅੱਧੀ ਨਾਰ ਬਿਗਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਸਾੜੀ ਸੂਟ ਦੁਪੱਟਾ ਮਖ਼ਮਲ।
ਲੈਪਟਾਪ ਸਕੂਟਰ ਸਾਈਕਲ।
ਸੋਨੇ ਦੀ ਇਕ ਗਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਸੋਨੇ ਦੇ ਮੁੱਲ ਚੱਲ ਜਾਵੇਗੀ।
ਪਾਰਸ ਦੇ ਵਿਚ ਢਲ ਜਾਵੇਗੀ।
ਖੋਟੀ ਇੱਕ ਚਵਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਰਿਸ਼ਵਤ ਠੱਗੀ ਚੋਰ ਬਾਜ਼ਾਰੀ।
ਮੁਫ਼ਤ ਸਫ਼ਰ ਦੀ ਸਾਰੀ ਲਾਰੀ।

ਸੱਚ ਵਿਚ ਬੇਈਮਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਖੁੱਲਮ ਖੁੱਲੀ ਮਟਰ ਗਸ਼ਤੀ।
ਸ਼ਹਿਰ ਦੇ ਅੰਦਰ ਫਿਰਕਾ ਪ੍ਰਸਤੀ।
ਚੂੰਗੇ ਵਿਚ ਸ਼ੈਤਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਹਸਤ ਰੇਖਾਵਾਂ ਬਦਲ ਦਵਾਂਗੇ।
ਧੁੱਪਾਂ ਛਾਵਾਂ ਬਦਲ ਦਵਾਂਗੇ।
ਸੱਚੀ ਭਵਿੱਖਬਾਣੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਸੁੰਦਰ ਅੱਖਾਂ ਮਟਕਾਉਣ ਲਈ।
ਪੂਛਾਂ ਵਾਲਾ ਕੱਜਲ ਪਾਉਣ ਲਈ।
ਵੱਡੀ ਸੁਰਮੇਦਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਬਾਅਦ 'ਚ ਹੱਕਾਂ ਦੀ ਗੱਲ ਕਰਨਾ।
ਪਹਿਲਾਂ ਲਾਵਣ ਦੇਣਾ ਧਰਨਾ।
ਲੋਕਾਂ ਦੀ ਕੁਰਬਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਨਸ਼ਿਆਂ ਬੰਦ ਕਦੀ ਨਈਂ ਹੋਣਾ।
ਮਾਵਾਂ ਨੇ ਪੁੱਤ ਖੋਹ ਕੇ ਰੋਣਾ।
ਵੋਟਾਂ ਵਿਚ ਨਾਦਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਦੱਲ ਬਦਲੋ ਤੇ ਕੁਰਸੀ ਪਾਵੋ।
ਲੋਕਾਂ ਨੂੰ ਮੂਰਖ ਖ਼ੂਬ ਬਣਾਉ।

ਜਿੰਦਾਂ ਵੀ ਪ੍ਰਧਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਨੇਤਾਵਾਂ ਨੂੰ ਧੰਨ ਦਵਾਂਗੇ।
ਨਿਰਧਨ ਨੂੰ ਇਕ ਛੰਨ ਦਵਾਂਗੇ।
ਸਾਡੀ ਮਿਹਰਬਾਨੀ ਲੈ ਲਉ।
ਮੁਫ਼ਤੋ-ਮੁਫ਼ਤ ਕਹਾਣੀ ਲੈ ਲਉ।
ਜੇਕਰ ਦੇਸ਼ ਬਚਾਉਣਾ ਚਾਵ੍ਹੋ।
'ਬਾਲਮ' ਦੇ ਸੰਗ ਸਾਰੇ ਆਵੋ।
ਗੁਰੂਆਂ ਵਾਲੀ ਬਾਣੀ ਲੈ ਲਉ।
ਸੱਚੋ-ਸੱਚ ਕਹਾਣੀ ਲੈ ਲਉ।



– ਬਲਵਿੰਦਰ 'ਬਾਲਮ'
ਗੁਰਦਾਸਪੁਰ
ਵਟਸਐਪ – 98156-25409

## ਬ੍ਰਿਜ ਭੂਸ਼ਣ ਖਿਲਾਫ ਪਰਚਾ ਦਰਜ ਕਰਵਾਉਣ ਵਾਲੀ ਪਹਿਲਵਾਨ ਨਿਕਲੀ ਬਾਲਗ

**ਨਵੀਂ ਦਿੱਲੀ–** ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਜਿਨਸੀ ਸ਼ੋਸ਼ਣ ਦਾ ਮਾਮਲਾ ਦਰਜ ਕਰਵਾਉਣ ਵਾਲੀ ਮਹਿਲਾ ਪਹਿਲਵਾਨ ਬਾਲਗ ਨਿਕਲੀ ਹੈ। ਰੋਹਤਕ ਸਥਿਤ ਮਹਿਲਾ ਪਹਿਲਵਾਨ ਸਕੂਲ ਤੋਂ ਬਰਾਮਦ ਹੋਏ ਜਨਮ ਸਰਟੀਫਿਕੇਟ ਦੇ ਆਧਾਰ 'ਤੇ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਉਹ ਬਾਲਗ ਹੈ। ਕਨਾਟ ਪਲੇਸ ਥਾਣੇ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਮਹਿਲਾ ਪਹਿਲਵਾਨ ਨੇ ਕਿਹਾ ਸੀ ਕਿ ਜਦੋਂ ਬ੍ਰਿਜ ਭੂਸ਼ਣ ਨੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਤਾਂ ਉਹ ਨਾਬਾਲਗ ਸੀ। ਉਸ ਦੀ ਸ਼ਿਕਾਇਤ 'ਤੇ ਪੁਲਿਸ ਨੇ ਜਿਨਸੀ ਸ਼ੋਸ਼ਣ ਅਤੇ ਪਾਕਸੋ ਦੀਆਂ ਧਾਰਾਵਾਂ ਤਹਿਤ ਵੱਖਰਾ ਮਾਮਲਾ ਦਰਜ ਕੀਤਾ ਸੀ। ਮਾਮਲੇ ਦੀ ਜਾਂਚ ਦੌਰਾਨ ਰੋਹਤਕ ਦੇ ਸਕੂਲ ਤੋਂ ਮਿਲੇ ਜਨਮ ਸਰਟੀਫਿਕੇਟ ਨੇ ਉਸ ਦੇ ਬਾਲਗ ਹੋਣ ਦੀ ਪੁਸ਼ਟੀ ਕੀਤੀ ਹੈ। ਹੁਣ ਪਾਕਸੋ ਧਾਰਾ ਨੂੰ ਕੇਸ ਵਿੱਚੋਂ ਹਟਾ ਦਿੱਤਾ ਜਾਵੇਗਾ।

ਹੁਣ ਪੁਲਿਸ ਮਾਮਲੇ 'ਚੋਂ ਪਾਕਸੋ ਦੀ ਧਾਰਾ ਹਟਾ ਦੇਵੇਗੀ ਅਤੇ ਸਿਰਫ਼ ਜਿਨਸੀ ਸ਼ੋਸ਼ਣ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਬ੍ਰਿਜ ਭੂਸ਼ਣ ਨੂੰ ਵੱਡੀ ਰਾਹਤ ਮਿਲੀ ਹੈ ਕਿਉਂਕਿ ਸ਼ਿਕਾਇਤਕਰਤਾ ਮਹਿਲਾ ਪਹਿਲਵਾਨ ਬਾਲਗ ਹੈ। ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਪਹਿਲਵਾਨ ਲਗਾਤਾਰ ਵੱਖ-ਵੱਖ ਤਰੀਕਿਆਂ ਨਾਲ ਪੁਲਿਸ 'ਤੇ ਦਬਾਅ ਬਣਾ ਕੇ ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੇ ਸਨ। ਪਰ ਹੁਣ ਪੁਲਿਸ ਲਈ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕਰਨਾ ਮੁਸ਼ਕਿਲ ਹੋ ਸਕਦਾ ਹੈ।

23 ਅਪ੍ਰੈਲ ਨੂੰ ਮਹਿਲਾ ਪਹਿਲਵਾਨਾਂ ਨੇ ਬ੍ਰਿਜਭੂਸ਼ਣ ਖਿਲਾਫ ਸ਼ਿਕਾਇਤ ਦਿੱਤੀ ਸੀ। ਅਜਿਹਾ ਮਾਮਲਾ ਸਾਹਮਣੇ ਆਉਣ 'ਤੇ ਮਾਮਲੇ 'ਚ ਨਵਾਂ ਮੋੜ ਆ ਗਿਆ ਹੈ। ਜੰਤਰ-ਮੰਤਰ 'ਤੇ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਅੰਦੋਲਨ ਕਰ ਰਹੇ ਪਹਿਲਵਾਨਾਂ ਨੂੰ ਇਸ ਦਾ ਵੱਡਾ ਝਟਕਾ ਲੱਗ ਸਕਦਾ ਹੈ। ਦਿੱਲੀ ਪੁਲਿਸ ਦੇ ਉੱਚ ਅਧਿਕਾਰੀ ਅਧਿਕਾਰਤ ਤੌਰ 'ਤੇ ਇਸ ਮਸ਼ਹੂਰ ਮਾਮਲੇ 'ਤੇ ਕੁਝ ਵੀ ਬੋਲਣ ਤੋਂ ਗੁਰੇਜ਼ ਕਰ ਰਹੇ ਹਨ ਪਰ ਹੈਡਕੁਆਰਟਰ ਦੇ ਸੂਤਰਾਂ ਨੇ ਇਸ ਦੀ ਪੁਸ਼ਟੀ ਕੀਤੀ ਹੈ। 23 ਅਪਰੈਲ ਨੂੰ ਸੱਤ ਮਹਿਲਾ ਪਹਿਲਵਾਨਾਂ ਨੇ ਕਨਾਟ ਪਲੇਸ ਥਾਣੇ ਵਿੱਚ ਬ੍ਰਿਜ ਭੂਸ਼ਣ ਖ਼ਿਲਾਫ਼ ਸੱਤ ਵੱਖ-ਵੱਖ ਸ਼ਿਕਾਇਤਾਂ ਦਿੱਤੀਆਂ ਸਨ।

# ਪਠਾਨਕੋਟ ਪੁਲਿਸ ਨੇ ਬੇਹੜੀਆ ਬਜੂਰਗ 'ਚ ਗੈਰ-ਕਾਨੂੰਨੀ ਮਾਈਨਿੰਗ ਦੇ ਆਪ੍ਰੇਸ਼ਨ 'ਤੇ ਕੀਤੀ ਵੱਡੀ ਕਾਰਵਾਈ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)–** ਗੈਰ-ਕਾਨੂੰਨੀ ਮਾਈਨਿੰਗ ਦੇ ਵੱਧ ਰਹੇ ਖਤਰੇ ਦਾ ਮੁਕਾਬਲਾ ਕਰਨ ਲਈ ਦ੍ਰਿੜ ਯਤਨਾਂ ਤਹਿਤ, ਪਠਾਨਕੋਟ ਪੁਲਿਸ ਨੇ ਅੱਜ ਬੇਹੜੀਆ ਬਜੂਰਗ ਵਿੱਚ ਸਫਲਤਾਪੂਰਵਕ ਇੱਕ ਅਭਿਆਨ ਚਲਾਇਆ, ਜਿਸ ਦੇ ਨਤੀਜੇ ਵਜੋਂ ਇੱਕ ਵਰਜਿਤ ਜਗ੍ਹਾ ਤੋਂ ਦੋ ਭਾਰੀ ਟਰੱਕ ਪੋਕਲੇਨ ਮਸ਼ੀਨਾਂ ਜ਼ਬਤ ਕੀਤੀਆਂ ਗਈਆਂ। ਇਹ ਕਾਰਵਾਈ ਸਾਡੇ ਕੁਦਰਤੀ ਸਰੋਤਾਂ ਦੀ ਰਾਖੀ ਅਤੇ ਸਾਡੇ ਵਾਤਾਵਰਣ ਦੀ ਪਵਿੱਤਰਤਾ ਨੂੰ ਸੁਰੱਖਿਅਤ ਰੱਖਣ ਲਈ ਸਾਡੇ ਚੱਲ ਰਹੇ ਮਿਸ਼ਨ ਵਿੱਚ ਹਾਲ ਹੀ ਦੇ ਸਮੇਂ ਵਿੱਚ ਦੂਜੀ ਵੱਡੀ ਕਾਰਵਾਈ ਹੈ।

ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਿਸ ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇੱਕ ਭਰੋਸੇਯੋਗ ਮੁਖਬਰ ਨੇ ਨਿਊ ਦੁਰਗਾ ਸਟੋਨ ਕਰਸ਼ਰ ਦੇ ਮਾਲਕ ਵੱਲੋਂ ਕੀਤੀਆਂ ਜਾ ਰਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਬਾਰੇ ਅਹਿਮ ਜਾਣਕਾਰੀ ਦਿੱਤੀ ਸੀ। ਸ਼ੱਕੀ ਵਿਅਕਤੀ 'ਤੇ ਇੱਕ ਪੋਕਲੇਨ ਮਸ਼ੀਨ ਦੀ ਵਰਤੋਂ ਕਰਕੇ ਅਤੇ ਕਰੱਸ਼ਰ ਦੇ ਨੇੜੇ ਦੋ ਟਿੱਪਰ ਵਾਹਨਾਂ (ਪੀਬੀ 02 ਡੀਆਰ 9331 ਅਤੇ ਪੀਬੀ 02 ਡੀਆਰ 9431) ਨੂੰ ਚਲਾਉਣ ਦੁਆਰਾ ਗੈਰ-ਕਾਨੂੰਨੀ ਮਾਈਨਿੰਗ ਅਭਿਆਸਾਂ ਵਿੱਚ ਸ਼ਾਮਲ ਹੋਣ ਦਾ ਦੋਸ਼ ਸੀ। ਦੱਸਿਆ ਗਿਆ ਸੀ ਕਿ ਖੁਦਾਈ ਤੋਂ ਬਾਅਦ ਟਿੱਪਰ ਵਾਹਨਾਂ ਰਾਹੀਂ ਮਾਈਨਿੰਗ ਦਾ ਸਾਮਾਨ ਚੋਰੀ ਕੀਤਾ ਜਾ ਰਿਹਾ ਸੀ ਅਤੇ ਸਾਮਾਨ ਆਸ-ਪਾਸ ਦੇ ਇਲਾਕੇ ਵਿੱਚ ਸੁੱਟ ਦਿੱਤਾ ਗਿਆ ਸੀ।

ਮੁਖਬਰ ਵੱਲੋਂ ਦਿੱਤੀ ਸੂਚਨਾ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਥਾਣਾ ਸੁਜਾਨਪੁਰ ਦੇ ਇੰਸਪੈਕਟਰ ਅਨਿਲ ਪੋਵਾਰ ਦੀ ਅਗਵਾਈ ਹੇਠਲੀ ਟੀਮ ਨੇ ਪੁਲਸ ਪਾਰਟੀ ਸਮੇਤ ਉਕਤ



ਸਥਾਨ 'ਤੇ ਚੰਗੀ ਤਰ੍ਹਾਂ ਨਾਲ ਛਾਪੇਮਾਰੀ ਕੀਤੀ। ਹਾਲਾਂਕਿ, ਪਹੁੰਚਣ 'ਤੇ, ਸ਼ੱਕੀ ਲੋਕਾਂ ਨੇ ਰਾਵੀ ਨਦੀ ਦੇ ਖੱਡ ਦੇ ਨੇੜੇ ਚੁਣੌਤੀਪੂਰਨ ਖੇਤਰ ਦਾ ਫਾਇਦਾ ਉਠਾਇਆ ਅਤੇ ਆਪਣੇ ਮਾਈਨਿੰਗ ਵਾਹਨਾਂ ਨੂੰ ਛੱਡ ਕੇ ਭੱਜਣ ਵਿੱਚ ਕਾਮਯਾਬ ਹੋ ਗਏ।

ਸਥਿਤੀ ਦੇ ਮੱਦੇਨਜ਼ਰ ਮਾਈਨਿੰਗ ਵਿਭਾਗ ਦੇ ਬਲਜਿੰਦਰ ਸਿੰਘ ਜੇ.ਈ ਨਾਲ ਸੰਪਰਕ ਕੀਤਾ ਗਿਆ ਅਤੇ ਮਾਈਨਿੰਗ ਖੇਤਰ ਦਾ ਮੁਲਾਂਕਣ ਕਰਨ 'ਤੇ ਉਨ੍ਹਾਂ ਨੇ ਗੈਰ-ਕਾਨੂੰਨੀ ਗਤੀਵਿਧੀਆਂ ਦੀ ਹੱਦ ਬਾਰੇ ਵਿਸਥਾਰਪੂਰਵਕ ਰਿਪੋਰਟ ਪੇਸ਼ ਕੀਤੀ। ਨਵ ਦੁਰਗਾ ਸਟੋਨ ਕਰੱਸ਼ਰ ਦੇ ਮਾਲਕ ਨੂੰ ਪੁਲਿਸ ਥਾਣਾ ਸੁਜਾਨਪੁਰ, ਪਠਾਨਕੋਟ ਵਿਖੇ ਧਾਰਾ 379 ਆਈ.ਪੀ.ਸੀ. ਅਤੇ ਮਾਈਨਿੰਗ ਐਂਡ ਮਿਨਰਲਜ਼ ਐਕਟ 1957 ਦੀ 21(1) ਤਹਿਤ ਗੈਰ-ਕਾਨੂੰਨੀ ਮਾਈਨਿੰਗ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ।

ਐਸ.ਐਸ.ਪੀ. ਖੱਖ ਨੇ ਸ਼ਾਮਲ ਪੁਲਿਸ ਟੀਮ ਦੇ ਤੇਜ਼ ਜਵਾਬ ਦੀ ਸ਼ਲਾਘਾ ਕਰਦੇ ਹੋਏ ਕਿਹਾ, "ਗੈਰ-ਕਾਨੂੰਨੀ ਮਾਈਨਿੰਗ ਨਾ ਸਿਰਫ਼ ਸਾਡੇ ਵਾਤਾਵਰਣ ਲਈ ਖਤਰਾ ਪੈਦਾ ਕਰਦੀ ਹੈ, ਸਗੋਂ ਸਾਡੇ ਭਾਈਚਾਰੇ ਦੀ ਤਰੱਕੀ ਅਤੇ ਵਿਕਾਸ ਵਿੱਚ ਵੀ ਰੁਕਾਵਟ ਪੈਦਾ ਕਰਦੀ ਹੈ।

ਜ਼ਬਤ ਕੀਤੇ ਗਏ ਟਰੱਕ ਅਤੇ ਪੋਕਲੇਨ ਮਸ਼ੀਨ ਨੂੰ ਸੁਰੱਖਿਅਤ ਢੰਗ ਨਾਲ ਜ਼ਬਤ ਕਰ ਲਿਆ ਗਿਆ ਹੈ, ਹੋਰ ਜਾਂਚ ਕੀਤੀ ਜਾ ਰਹੀ ਹੈ। ਪਠਾਨਕੋਟ ਪੁਲਿਸ ਸਰਗਰਮੀ ਨਾਲ ਸਾਰੇ ਸੁਰਾਗਾਂ ਦੀ ਪੈਰਵੀ ਕਰ ਰਹੀ ਹੈ ਅਤੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਕਿਸੇ ਵੀ ਵਾਧੂ ਜਾਣਕਾਰੀ ਦੇ ਨਾਲ ਅੱਗੇ ਆਉਣ ਜੋ ਇਸ ਜਾਂਚ ਵਿੱਚ ਸਹਾਇਤਾ ਕਰ ਸਕਦੀ ਹੈ।

ਪਠਾਨਕੋਟ ਪੁਲਿਸ ਸਾਡੇ ਕੁਦਰਤੀ ਸੋਮਿਆਂ ਨੂੰ ਖਤਰੇ ਵਿੱਚ ਪਾਉਣ ਵਾਲਿਆਂ ਦੀਆਂ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਇਹ ਕਾਰਵਾਈ ਗੈਰ-ਕਾਨੂੰਨੀ ਮਾਈਨਿੰਗ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਲਈ ਇੱਕ ਸਖ਼ਤ ਚੇਤਾਵਨੀ ਵਜੋਂ ਕੰਮ ਕਰਦੀ ਹੈ ਕਿ ਅਸੀਂ ਆਪਣੇ ਵਾਤਾਵਰਣ ਦੇ ਵਿਨਾਸ਼ ਨੂੰ ਬਰਦਾਸ਼ਤ ਨਹੀਂ ਕਰਾਂਗੇ।

# ਮੋਦੀ ਸਰਕਾਰ ਦੀਆਂ 9 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਘਰ-ਘਰ ਪਹੁੰਚਾਏਗਾ ਭਾਜਪਾ ਯੁਵਾ ਮੋਰਚਾ : ਕੰਵਰਵੀਰ ਸਿੰਘ ਟੌਹੜਾ

**ਚੰਡੀਗੜ੍ਹ, 28 ਮਈ–** ਭਾਰਤੀ ਜਨਤਾ ਯੁਵਾ ਮੋਰਚਾ ਦੇ ਵਰਕਰ 'ਮਹਾਂ ਜਨ ਸੰਪਰਕ ਅਭਿਆਨ' ਤਹਿਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਕੇਂਦਰ ਵਿਚਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ 9 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਪੰਜਾਬ ਦੇ ਹਰ ਘਰ ਵਿਚ ਲੈ ਕੇ ਜਾਣਗੇ। ਉਨ੍ਹਾਂ ਨੂੰ ਲੋਕ ਭਲਾਈ ਸਕੀਮਾਂ ਤੋਂ ਜਾਣੂ ਕਰਵਾ ਕੇ, ਅਸੀਂ ਉਨ੍ਹਾਂ ਨੂੰ ਭਾਜਪਾ ਨਾਲ ਜੋੜ ਕੇ 2024 ਵਿੱਚ ਮੁੜ ਕੇਂਦਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਇੱਕ ਮਜ਼ਬੂਤ ਭਾਜਪਾ ਸਰਕਾਰ ਬਣਾਉਣ ਲਈ ਪ੍ਰੇਰਿਤ ਕਰਾਂਗੇ। ਇਹ ਗੱਲਾਂ ਭਾਰਤੀ ਜਨਤਾ ਯੁਵਾ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਇੰਜੀ. ਕੰਵਰਵੀਰ ਸਿੰਘ ਟੌਹੜਾ ਨੇ ਚੰਡੀਗੜ੍ਹ ਸੂਬਾ ਭਾਜਪਾ ਹੈੱਡਕੁਆਰਟਰ ਵਿਖੇ ਯੁਵਾ ਮੋਰਚਾ ਦੀ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤੀ ਇਸ ਮੀਟਿੰਗ ਵਿੱਚ ਭਾਜਪਾ ਯੁਵਾ ਮੋਰਚਾ ਦੇ ਕੌਮੀ ਸੋਸ਼ਲ ਮੀਡੀਆ ਅਤੇ ਆਈਟੀ ਇੰਚਾਰਜ ਕਪਿਲ ਪਰਮਾਰ ਅਤੇ ਮੀਡੀਆ ਇੰਚਾਰਜ ਅਮਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਮੀਟਿੰਗ ਵਿੱਚ ਹਾਜ਼ਰ ਸਮੂਹ ਅਹੁਦੇਦਾਰਾਂ ਨੂੰ ਭਾਜਪਾ ਯੁਵਾ ਮੋਰਚਾ ਦੀ ਕੌਮੀ ਲੀਡਰਸ਼ਿਪ ਵੱਲੋਂ ਜਨ ਸੰਪਰਕ ਮੁਹਿੰਮ ਤਹਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਕੰਵਰਵੀਰ ਸਿੰਘ ਟੌਹੜਾ ਨੇ ਹਾਜ਼ਰ ਸਮੂਹ ਅਹੁਦੇਦਾਰਾਂ ਨੂੰ ਪ੍ਰੋਗਰਾਮ ਸਬੰਧੀ ਜ਼ਿੰਮੇਵਾਰੀਆਂ ਵੀ ਲਗਾਈਆਂ।





ਕਪਿਲ ਪਰਮਾਰ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ ਇਸ ਮਹਾਨ ਜਨ ਸੰਪਰਕ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ 9 ਸਾਲਾਂ ਦੇ ਸਫਲ ਕਾਰਜਕਾਲ ਤਹਿਤ 30 ਮਈ ਤੋਂ 30 ਜੂਨ ਤੱਕ ਕੇਂਦਰ ਵਿੱਚ ਵੱਖ-ਵੱਖ ਪ੍ਰੋਗਰਾਮ ਚਲਾਏ ਜਾਣਗੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 30 ਅਤੇ 31 ਮਈ ਨੂੰ ਲਾਂਚਿੰਗ ਰੈਲੀ ਕੀਤੀ ਜਾਵੇਗੀ। 1 ਜੂਨ ਤੋਂ 22 ਜੂਨ ਤੱਕ ਹਰੇਕ ਲੋਕ ਸਭਾ ਹਲਕੇ ਵਿੱਚ ਇੱਕ ਹਜ਼ਾਰ ਵਿਸ਼ੇਸ਼ ਪਰਿਵਾਰਾਂ ਨਾਲ ਸੰਪਰਕ ਮੁਹਿੰਮ ਚਲਾਈ ਜਾਵੇਗੀ। ਸੂਬੇ ਦੇ ਸਮੂਹ ਵਪਾਰੀਆਂ ਦੀ ਕਨਵੈਨਸ਼ਨ ਲੋਕ ਸਭਾ ਪੱਧਰ 'ਤੇ ਹੋਵੇਗੀ। ਯੁਵਾ ਮੋਰਚਾ ਦੇ ਵਰਕਰ ਪੰਜਾਬ ਭਰ ਵਿੱਚ ਮੋਟਰ ਸਾਈਕਲ ਰੈਲੀਆਂ ਕੱਢ ਕੇ ਨੌਜਵਾਨਾਂ ਨੂੰ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾ ਕੇ ਆਪਣੇ ਨਾਲ ਜੋੜਨਗੇ। ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਦੇ ਲਾਭਪਾਤਰੀਆਂ ਦੀ ਕਾਨਫਰੰਸ ਹਰ ਵਿਧਾਨ ਸਭਾ ਦੇ ਹਿਸਾਬ ਨਾਲ ਹੋਵੇਗੀ। 21 ਜੂਨ ਨੂੰ ਬੂਥਾਂ ਅਤੇ ਸ਼ਕਤੀ ਕੇਂਦਰਾਂ ਦੇ ਪੱਧਰ 'ਤੇ ਯੋਗ ਦਿਵਸ ਮਨਾਇਆ ਜਾਵੇਗਾ। 23 ਜੂਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਦੇ 10 ਲੱਖ ਬੂਥਾਂ 'ਤੇ ਡਾ: ਸ਼ਿਆਮਾ ਪ੍ਰਸਾਦ ਮੁਖਰਜੀ ਦੇ ਬਲੀਦਾਨ ਦਿਵਸ 'ਤੇ ਸੰਵਾਦ ਪ੍ਰੋਗਰਾਮ ਦਾ ਆਯੋਜਨ ਕਰਨਗੇ।

10 ਜੂਨ ਤੋਂ 20 ਜੂਨ ਤੱਕ ਸਾਰੇ ਜ਼ਿਲ੍ਹੇ ਆਪਣੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨਗੇ। ਕੇਂਦਰ ਸਰਕਾਰ ਦੀਆਂ ਲੋਕ ਭਲਾਈ ਅਤੇ ਲੋਕ ਪੱਖੀ ਨੀਤੀਆਂ ਨੂੰ ਹਰ ਘਰ ਤੱਕ ਪਹੁੰਚਾਉਣ ਲਈ 20 ਜੂਨ ਤੋਂ 30 ਜੂਨ ਤੱਕ ਆਪੋ-ਆਪਣੇ ਖੇਤਰਾਂ ਵਿੱਚ ਜਨ-ਸੰਪਰਕ ਮੁਹਿੰਮ ਚਲਾਈ ਜਾਵੇਗੀ। ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿੱਚ ਭਾਜਪਾ ਯੁਵਾ ਮੋਰਚਾ ਦੇ ਵਰਕਰਾਂ ਨੂੰ ਵਿਸ਼ੇਸ਼ ਜ਼ਿੰਮੇਵਾਰੀਆਂ ਸੌਂਪੀਆਂ ਜਾਣਗੀਆਂ।

ਕੰਵਰਵੀਰ ਸਿੰਘ ਟੌਹੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਨੌਂ ਸਾਲ ਦੇਸ਼ ਵਿੱਚ ਵਿਕਾਸ ਅਤੇ ਖੁਸ਼ਹਾਲੀ ਦੇ ਪ੍ਰਤੀਕ ਹਨ। ਨਰਿੰਦਰ ਮੋਦੀ ਦੀਆਂ ਲੋਕ ਭਲਾਈ ਨੀਤੀਆਂ ਨੇ ਦੇਸ਼ ਦੇ ਗਰੀਬਾਂ, ਕਿਸਾਨਾਂ, ਮਜ਼ਦੂਰਾਂ, ਦਲਿਤਾਂ ਅਤੇ ਪਛੜੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਹੈ। ਦੇਸ਼ ਵਿੱਚ ਨਾ ਸਿਰਫ਼ ਆਰਥਿਕ ਵਿਕਾਸ ਦੀ ਰਫ਼ਤਾਰ ਵਧੀ ਹੈ, ਸਗੋਂ ਨੌਜਵਾਨਾਂ ਲਈ ਰੁਜ਼ਗਾਰ ਦੇ ਕਰੋੜਾਂ ਨਵੇਂ ਮੌਕੇ ਵੀ ਪੈਦਾ ਹੋਏ ਹਨ। ਇਸ ਸਮੇਂ ਦੌਰਾਨ, ਦੇਸ਼ ਦੇ ਬੁਨਿਆਦੀ ਢਾਂਚੇ ਵਿੱਚ ਜ਼ਬਰਦਸਤ ਵਿਕਾਸ ਹੋਇਆ ਹੈ ਅਤੇ ਦੁਨੀਆ ਭਰ ਵਿੱਚ ਦੇਸ਼ ਦਾ ਮਾਣ ਵਧਿਆ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੇ 9 ਸਾਲ ਪੂਰੇ ਹੋਣ 'ਤੇ 30 ਮਈ ਤੋਂ ਯੁਵਾ ਮੋਰਚਾ ਕੇ ਵਰਕਰ ਵਲੋਂ ਲੋਕਾਂ ਨਾਲ ਸੰਪਰਕ ਕੀਤਾ ਜਾਵੇਗਾ ਅਤੇ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਹਰ ਘਰ ਤੱਕ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਯੁਵਾ ਮੋਰਚਾ ਦੇ ਵਰਕਰ ਜਨ ਸੰਪਰਕ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਗੇ ਅਤੇ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਤਨਦੇਹੀ ਨਾਲ ਨਿਭਾਉਣਗੇ।

ਇਸ ਮੌਕੇ ਜਨਰਲ ਸਕੱਤਰ ਅਰਮਣਜੋਤ ਬਰਾੜ, ਅੱਬਾਸ ਸ਼ਾਕਿਰ, ਨਿਤਿਨ ਗਰਗ, ਸੀਨੀਅਰ ਮੀਤ ਪ੍ਰਧਾਨ ਗੁਰਮਨਦੀਪ ਸਿੰਘ ਟਿਵਾਣਾ, ਮੀਤ ਪ੍ਰਧਾਨ ਪ੍ਰਤੀਕ ਕਪੂਰ, ਪ੍ਰਿਆ ਸ਼ਰਮਾ, ਸਕੱਤਰ ਭਰਤ ਮਹਾਜਨ, ਆਸ਼ੂ ਅੰਬਾ, ਨਿਹਾਰਿਕਾ ਕਮਲ, ਮੀਡੀਆ ਇੰਚਾਰਜ ਵਿਸ਼ਾਲ ਮਹਿਤਾ ਆਦਿ ਹਾਜ਼ਰ ਸਨ।

# ਭਾਰਤ ਨੂੰ ਛੱਡ ਮਹਿੰਗਾਈ ਦੀ ਮਾਰ ਹੇਠ ਆ ਜਾਣਗੇ ਕਈ ਦੇਸ਼ : ਰਿਪੋਰਟ

**ਸੰਯੁਕਤ ਰਾਸ਼ਟਰ–** ਗਲੋਬਲ ਅਰਥਵਿਵਸਥਾ ਦੀ ਸਥਿਤੀ ਨੂੰ ਲੈ ਕੇ ਖ਼ਬਰ ਸਾਹਮਣੇ ਆਈ ਹੈ। ਸੰਯੁਕਤ ਰਾਸ਼ਟਰੀ ਦੀ ਵਿਸ਼ਵ ਆਰਥਿਕ ਸਥਿਤੀ ਅਤੇ ਸੰਭਾਵਨਾਵਾਂ ਦੀ ਰਿਪੋਰਟ ਦੇ ਮਿਡਯੀਅਰ ਅਪਡੇਟ ਨੇ ਕਿਹਾ ਕਿ ਦੁਨੀਆ 'ਚ ਭਾਰਤੀ ਅਰਥਵਿਵਸਥਾ ਸਭ ਤੋਂ ਤੇਜ਼ੀ ਨਾਲ ਵਧੇਗੀ। ਉੱਥੇ ਹੀ ਇਸ ਸਾਲ ਭਾਰਤ ਦੀ ਆਰਥਿਕ ਵਿਕਾਸ ਦਰ 5.8 ਫੀਸਦੀ ਰਹਿਣ ਦੀ ਉਮੀਦ ਹੈ। ਰਿਪੋਰਟ ਦੇ ਮਿਡਯੀਅਰ ਅਪਡੇਟ ਨੇ ਅਗਲੇ ਸਾਲ ਦੇ ਕੁੱਲ ਘਰੇਲੂ ਉਤਪਾਦ (ਜੀ. ਡੀ. ਪੀ.) ਨੂੰ ਲਚਕੀਲੀ ਘਰੇਲੂ ਮੰਗ ਵਲੋਂ ਸਮਰਥਿਤ 6.7 ਫੀਸਦੀ 'ਤੇ ਰੱਖਣ ਦਾ ਅਨੁਮਾਨ ਲਗਾਇਆ ਹੈ। ਰਿਪੋਰਟ ਜਾਰੀ ਕਰਦੇ ਹੋਏ ਸੰਯੁਕ ਰਾਸ਼ਟਰ ਦੀ ਗਲੋਬਲ ਆਰਥਿਕ ਨਿਗਰਾਨੀ ਬ੍ਰਾਂਚ ਦੇ ਮੁਖੀ ਹਾਮਿਦ ਰਾਸ਼ਿਦ ਨੇ ਕਿਹਾ ਕਿ ਭਾਰਤ ਵਿਸ਼ਵ ਅਰਥਵਿਵਸਥਾ 'ਚ ਚਮਕਦਾਰ ਸਥਾਨ 'ਤੇ ਬਣਿਆ ਹੋਇਆ ਹੈ, ਜਿਸ 'ਚ ਕਈ ਹਾਂਪੱਖੀ ਚੀਜ਼ਾਂ ਸ਼ਾਮਲ ਹਨ। ਮਹਿੰਗਾਈ 'ਚ ਜ਼ਿਕਰਯੋਗ ਤੌਰ 'ਤੇ ਲਗਭਗ 5.5 ਫੀਸਦੀ ਦੀ ਕਮੀ ਆਈ ਹੈ। ਉਨ੍ਹਾਂ ਨੇ ਕਿਹਾ ਕਿ ਇਸ ਦਾ ਮਤਲਬ ਹੈ ਕਿ ਵਿੱਤੀ ਵਿਸਤਾਰ ਅਤੇ ਮਾਨੇਟਰੀ ਅਕੋਮੋਡੇਸ਼ਨ ਦੋਹਾਂ ਲਈ ਅਹਿਮ ਸਥਾਨ ਹੋਵੇਗਾ, ਇਸ ਨਾਲ ਘਰੇਲੂ ਮੰਗ ਦਾ ਸਮਰਥਨ ਹੋਵੇਗਾ। ਹਾਲਾਂਕਿ ਉਨ੍ਹਾਂ ਨੇ ਕਿਹਾ ਕਿ ਬਾਹਰੀ ਜੋਖਮ ਹੈ।

### ਗਲੋਬਲ ਅਰਥਵਿਵਸਥਾ ਦਾ ਅਸਰ ਦੇਖਣ ਨੂੰ ਮਿਲੇਗਾ

ਰਾਸ਼ਿਦ ਨੇ ਕਿਹਾ ਕਿ ਜੇ ਗਲੋਬਲ ਅਰਥਵਿਵਸਥਾ ਦੀ ਸਥਿਤੀ ਹੋਰ ਵਿਗੜਦੀ ਹੈ ਅਤੇ ਉਹ ਵਧੇਰੇ ਸਖਤ ਹੋ ਜਾਂਦੀ ਹੈ ਤਾਂ ਭਾਰਤ ਨੂੰ ਵਿਸ਼ੇਸ਼ ਤੌਰ 'ਤੇ ਐਕਸਪੋਰਟ ਲਈ ਕੁੱਝ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਜਿੱਥੋਂ ਤੱਕ ਭਾਰਤ ਦੀ ਵਿਕਾਸ ਦਰ ਹੋਰ ਵੀ ਉੱਚੀ ਹੋਣ ਦੀ ਗੱਲ ਹੈ। ਉਨ੍ਹਾਂ ਨੇ ਕਿਹਾ ਕਿ ਇਹ ਕਾਫੀ ਅਨਿਸ਼ਚਿਤਤਾ ਦੇ ਅਧੀਨ ਹੈ, ਵਿਸ਼ੇਸ਼ ਤੌਰ 'ਤੇ ਬਾਹਰੀ ਵਾਤਾਵਰਣ 'ਚ। ਪਰ ਉਨ੍ਹਾਂ ਨੇ ਕਿਹਾ ਕਿ ਅਸੀਂ ਹਾਲੇ ਸਾਲ ਲਈ ਆਪਣੇ ਅਨੁਮਾਨ ਨਾਲ ਬਹੁਤ ਆਸਵੰਦ ਹਾਂ। ਰਿਪੋਰਟ 'ਚ ਕਿਹਾ ਗਿਆ ਹੈ ਕਿ ਚੰਗੀ ਕ੍ਰੈਡਿਟ ਰੇਟਿੰਗ ਵਾਲੀਆਂ ਉੱਭਰਦੀਆਂ ਹੋਈਆਂ ਅਰਥਵਿਵਸਥਾਵਾਂ 'ਚ ਵਿੱਤੀ ਸਥਿਤੀ ਆਮ ਤੌਰ 'ਤੇ ਉਮੀਦ ਨਾਲੋਂ ਵੱਧ ਸਥਿਰ ਰਹੀ ਹੈ।



### ਜੀ. ਡੀ. ਪੀ. ਗ੍ਰੋਥ ਅਨੁਮਾਨ ਨੂੰ ਘਟਾਇਆ

ਕੌਮਾਂਤਰੀ ਮੁਦਰਾ ਫੰਡ (ਆਈ. ਐੱਮ. ਐੱਫ.) ਨੇ ਪਿਛਲੇ ਮਹੀਨੇ ਚਾਲੂ ਵਿੱਤੀ ਸਾਲ 'ਚ ਭਾਰਤ ਦੀ ਜੀ. ਡੀ. ਪੀ. ਵਾਧਾ ਦਰ 5.9 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਸੀ ਜਦ ਕਿ ਵਿਸ਼ਵ ਬੈਂਕ (ਡਬਲਯੂ. ਬੀ.) ਨੇ ਇਸ ਨੂੰ 6.3 ਫੀਸਦੀ ਅਤੇ ਏਸ਼ੀਆਈ ਵਿਕਾਸ ਬੈਂਕ ਨੇ 6.4 ਫੀਸਦੀ 'ਤੇ ਰਹਿਣ ਦਾ ਅਨੁਮਾਨ ਲਗਾਇਆ ਸੀ। ਭਾਰਤ ਦੇ ਰਿਜ਼ਰਵ ਬੈਂਕ ਦਾ ਅਨੁਮਾਨ 6.5 ਫੀਸਦੀ ਹੈ। ਪਰ ਦੋਵੇਂ ਵੱਡੇ ਕੌਮਾਂਤਰੀ ਸੰਸਥਾਨਾਂ ਨੇ ਅਨੁਮਾਨਾਂ ਨੂੰ ਪਹਿਲਾਂ ਨਾਲੋਂ ਥੋੜਾ ਘੱਟ ਕਰ ਦਿੱਤਾ-ਆਈ. ਐੱਮ. ਐੱਫ. ਨੇ 0.2 ਫੀਸੀਦ ਅਤੇ ਵਿਸ਼ਵ ਬੈਂਕ ਨੇ 0.3 ਫੀਸਦੀ। ਸੰਯੁਕਤ ਰਾਸ਼ਟਰ ਦੀ ਤਾਜ਼ਾ ਰਿਪੋਰਟ 'ਚ ਪੂਰੇ ਦੱਖਣੀ ਏਸ਼ੀਆ ਲਈ ਸਮੁੱਚੀਆਂ ਵਿਕਾਸ ਯੋਜਨਾਵਾਂ 'ਚ 0.1 ਫੀਸਦੀ ਦੀ ਕਟੌਤੀ ਕਰ ਕੇ ਇਸ ਸਾਲ 4.7 ਫੀਸਦੀ ਅਤੇ ਅਗਲੇ ਸਾਲ 5.8 ਫੀਸਦੀ ਕਰ ਦਿੱਤਾ ਗਿਆ ਹੈ। ਸੰਯੁਕਤ ਰਾਸ਼ਟਰ ਨੇ ਪੂਰੇ ਖੇਤਰ 'ਚ ਮਹਿ-ਗਾਈ ਦੇ 11 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਹੈ ਜੋ ਪਿਛਲੇ ਸਾਲ ਦੀ ਤੁਲਣਾ 'ਚ 1.9 ਫੀਸਦੀ ਘੱਟ ਹੈ।

### ਮਹਿੰਗਾਈ ਦੀ ਮਾਰ ਹੇਠ ਆ ਜਾਣਗੇ ਪਾਕਿਸਤਾਨ ਅਤੇ ਸ਼੍ਰੀਲੰਕਾ

ਸਥਾਨਕ ਕਰੰਸੀਆਂ ਦੇ ਕਮਜ਼ੋਰ ਹੋਣ ਕਾਰਣ ਪਾਕਿਸਤਾਨ ਅਤੇ ਸ਼੍ਰੀਲੰਕਾ ਲਈ ਮਹਿੰਗਾਈ ਦੀ ਦਰ ਦੋਹਰੇ ਅੰਕਾਂ 'ਚ ਰਹਿਣ ਦੀ ਉਮੀਦ ਹੈ ਪਰ ਭਾਰਤ ਦੀ ਮਹਿੰਗਾਈ 'ਚ 5.5 ਫੀਸਦੀ ਦੀ ਗਿਰਾਵਟ ਦਾ ਨਤੀਜਾ ਹੋਵੇਗਾ ਕਿਉਂਕਿ ਗਲੋਬਲ ਕਮੋਡਿਟੀ ਦੀਆਂ ਕੀਮਤਾਂ ਮੱਧਮ ਅਤੇ ਹੌਲੀ ਮੁਦਰਾ ਦੀ ਸ਼ਲਾਘਾ ਇੰਪੋਰਟ ਮਹਿੰਗਾਈ ਨੂੰ ਘੱਟ ਕਰਦੀ ਹੈ। ਇਸ ਰਿਪੋਰਟ 'ਚ ਇਸ ਸਾਲ ਗਲੋਬਲ ਅਰਥਵਿਵਸਥਾ ਦੀਆਂ ਵਿਕਾਸ ਸੰਭਾਵਨਾਵਾਂ 'ਚ ਉਮੀਦ ਦੀ ਕਿਰਣ ਦੇਖੀ ਗਈ ਜੋ ਜਨਵਰੀ ਦੇ ਅਨੁਮਾਨ ਤੋਂ 0.4 ਫੀਸਦੀ ਦੇ ਵਾਧੇ ਨਾਲ 2.3 ਫੀਸਦੀ ਹੋ ਗਈ, ਹਾਲਾਂਕਿ ਆਰਥਿਕ ਵਿਸ਼ਲੇਸ਼ਣ ਅਤੇ ਨੀਤੀ ਡਿਵੀਜ਼ਨ ਦੇ ਡਾਇਰੈਕਟਰ ਸ਼ਾਂਤਨੂ ਮੁਖਰਜੀ ਨੇ ਚਿਤਾਵਨੀ ਦਿੱਤੀ ਕਿ ਉਦਾਸ ਤਸਵੀਰ ਹਾਲੇ ਵੀ ਕਾਇਮ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਚੀਨ, ਜੋ ਦੂਜੀ ਸਭ ਤੋਂ ਤੇਜ਼ੀ ਨਾਲ ਵਧਦੀ ਅਰਥਵਿਵਸਥਾ ਹੈ, ਉਸ ਦੀਆਂ ਵਿਕਾਸ ਸੰਭਾਵਨਾਵਾਂ ਜਨਵਰੀ ਤੋਂ 0.5 ਫੀਸਦੀ ਵਧ ਕੇ 5.3 ਫੀਸਦੀ ਹੋ ਗਈਆਂ, ਉਸ ਦੇ ਕਾਰਣ ਕੋਵਿਡ ਪਾਬੰਦੀਆਂ ਹਟਾ ਲਈਆਂ ਗਈਆਂ, ਜਿਸ ਨਾਲ ਖਪਤਕਾਰ ਖਰਚ ਅਤੇ ਨਿਵੇਸ਼ 'ਚ ਸੁਧਾਰ ਹੋਇਆ ਹੈ।

ਰਿਪੋਰਟ ਦੇ ਅਮਰੀਕੀ ਵਿਕਾਸ ਅਨੁਮਾਨ ਨੂੰ 0.7 ਫੀਸਦੀ ਤੋਂ ਵਧਾ ਕੇ 1.1 ਫੀਸਦੀ ਅਤੇ ਯੂਰਪੀ ਸੰਘ ਦੇ 0.7 ਫੀਸਦੀ ਤੋਂ 0.9 ਫੀਸਦੀ ਤੱਕ ਵਧਾਇਆ ਗਿਆ। ਸੰਯੁਕਤ ਰਾਸ਼ਟਰ ਨੇ ਪੂਰੇ ਖੇਤਰ 'ਚ ਮਹਿੰਗਾਈ ਦੇ 11 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਹੈ ਜੋ ਪਿਛਲੇ ਸਾਲ ਦੀ ਤੁਲਣਾ 'ਚ 1.9 ਫੀਸਦੀ ਘੱਟ ਹੈ।

31 ਮਈ 2023 ਨੂੰ "ਵਰਲਡ ਨੋ ਤੰਬਾਕੂ ਡੇ" ਤੇ ਵਿਸ਼ੇਸ਼

# ਤੰਬਾਕੂ ਜਿਹੇ ਨਸ਼ਿਆਂ ਦੀ ਦਲਦਲ 'ਚੋਂ ਨੌਜਵਾਨ ਪੀੜ੍ਹੀ ਨੂੰ ਬਚਾਉਣਾ ਸਮੇਂ ਦੀ ਲੋੜ



ਪ੍ਰਮੋਦ ਧੀਰ
91-98550-31081

ਤੰਬਾਕੂ 'ਤੇ ਹੋਰ ਸਾਰੇ ਤਰਾਂ ਦੇ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਸਮੇਂ ਦੇਸ਼ ਵਿੱਚ ਤੰਬਾਕੂ ਤੋਂ ਬਚਨ ਲਈ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਜ਼ੋਰਾਂ ਤੇ ਹੈ ਤੇ ਸਮੁੱਚੇ ਵਿਸ਼ਵ ਵਿੱਚ ਅੱਜ 31 ਮਈ 2023 ਨੂੰ ਓਵਰਲਡ ਨੋ ਤੰਬਾਕੂ ਡੇ" ਮਨਾਇਆ ਜਾ ਰਿਹਾ ਹੈ। ਸਕੂਲਾਂ ਕਾਲਜਾਂ ਵਿੱਚ ਤੰਬਾਕੂ ਦੇ ਨੁਕਸਾਨਾਂ ਆਦਿ ਬਾਰੇ, ਤੰਬਾਕੂ ਵੇਚਨ ਵਾਲਿਆਂ ਨੂੰ ਸਜਾ ਆਦਿ ਬਾਰੇ ਜਾਗਰੂਕਤਾ ਅਭਿਆਨ, ਪੋਸਟਰ, ਭਾਸ਼ਨ, ਨੁੱਕੜ ਨਾਟਕ, ਪੇਂਟਿੰਗ ਮੁਕਾਬਲੇ ਆਦਿ ਕਰਵਾ ਕੇ ਵਿਦਿਆਰਥੀਆਂ ਨੂੰ ਤੰਬਾਕੂ ਤੋਂ ਬਚਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਜੋ ਕਿ ਇੱਕ ਸ਼ਲਾਘਾ ਯੋਗ ਕਦਮ ਹੈ। ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁਦੇ ਹਨ ਅੱਜ ਤੰਬਾਕੂ ਆਦਿ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਤੰਬਾਕੂ ਤੋਂ ਇਲਾਵਾ ਸ਼ਰਾਬ,ਬੀਅਰ, ਚਿੱਟੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ ਤੰਬਾਕੂ ਦੀ ਲਪੇਟ ਵਿੱਚ ਆ ਰਹੀ ਹੈ। ਇਸ ਤੰਬਾਕੂ ਦੀ ਵਿਕਰੀ ਪੂਰੇ ਭਾਰਤ ਵਿੱਚ ਜ਼ੋਰਾਂ ਤੇ ਹੋ ਰਹੀ ਹੈ। ਤੰਬਾਕੂ ਦੀ ਹਰ ਵਸਤੂ ਉੱਪਰ ਲਿਖਿਆ ਹੁੰਦਾ ਹੈ ਕਿ ਇਹ ਸਿਹਤ ਲਈ ਹਾਨੀਕਾਰਕ ਹੈ ਪਰ ਫਿਰ ਵੀ ਲੋਕ ਇਸ ਦਾ ਸੇਵਨ ਕਰਦੇ ਹਨ। ਇਸ ਤੰਬਾਕੂ 'ਤੇ ਚਿੱਟੇ ਨੇ ਕਈ ਮਾਵਾਂ ਤੇ ਪੁੱਤ ਖੋ ਲਏ ਹਨ। ਬੜਾ ਦੁੱਖ ਹੁੰਦਾ ਹੈ ਸੁਣ ਕੇ ਕਿ ਅੱਜ ਕੱਲ ਕਈ ਕੁੜੀਆਂ ਵੀ ਤੰਬਾਕੂ ਦੀਆਂ ਆਦੀ ਬਣ ਚੁੱਕੀਆਂ ਹਨ। ਪਰਾਣਿਆਂ ਸਮਿਆਂ ਵਿੱਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮਾਉਂਦਾ ਸੀ ਅੱਜ ਕੱਲ ਦੀ ਨੌਜਵਾਨ ਪੀੜੀ ਖੁਦ ਹੀ ਮਾੜੀ ਸੰਗਤ ਸਦਕਾ ਨਸ਼ਿਆਂ ਦੀ ਆਦਿ ਬਣਦੀ ਜਾ ਰਹੀ ਹੈ। ਕਈ ਤਾਂ ਤੰਬਾਕੂ, ਚਿੱਟਾ,ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ, ਚਰਸ, ਹੀਰੋਇਨ, ਸਿਗਰਟਾਂ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ। ਫਿਲਮਾਂ, ਟੀ.ਵੀ ਪ੍ਰੋਗਰਾਮਾਂ ਆਦਿ ਵਿੱਚ ਤੰਬਾਕੂ ਦਾ ਸੇਵਨ ਕਰਕੇ ਦਿਖਾਇਆ ਜਾਂਦਾ ਹੈ, ਬੇਸ਼ਕ ਉਹਨਾਂ ਦ੍ਰਿਸ਼ਾਂ ਤੇ ਲਿਖਿਆ ਹੁੰਦਾ ਹੈ ਕਿ ਤੰਬਾਕੂ ਸਿਹਤ ਲਈ ਹਾਨੀਕਾਰਕ ਹੈ। ਪਰ ਫਿਰ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਨੌਜਵਾਨਾਂ ਦੇ ਮਨ ਤੇ ਮਾੜਾ ਅਸਰ ਪਾਉਂਦੇ ਹਨ।

ਮੇਰੀ ਦੇਸ਼ ਦੇ ਨੌਜਵਾਨ ਵੀਰਾਂ ਤੇ ਭੈਣਾਂ ਨੂੰ ਅਪੀਲ ਹੈ ਕਿ ਸੰਭਲ ਜਾਉ ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾ ਦਾ ਕੋਈ ਨੁਕਸਾਨ ਨਹੀਂ । ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪ੍ਰੀਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ । ਤੁਹਾਡੀ ਜਿੰਦਗੀ ਖਰਾਬ ਕਰਦਾ ਹੈ ਤੇ ਨਾਲ ਨਾਲ ਤੁਹਾਡੀ ਬਣੀ ਬਣਾਈ ਇੱਜਤ ਵੀ ਮਿੱਟੀ ਵਿੱਚ ਮਿਲਾ ਦਿੰਦਾ ਹੈ 'ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਦਾ ਹੈ।

ਭਾਰਤ ਦੇ ਗੁਜਰਾਤ ਰਾਜ ਵਾਂਗ ਸਾਰੇ ਰਾਜਾਂ ਵਿੱਚ ਸ਼ਰਾਬ, ਚਿੱਟਾ ਆਦਿ ਨਸ਼ੇ ਬੰਦ ਹੋਣੇ ਚਾਹੀਦੇ ਹਨ। ਸਰਕਾਰ ਨੂੰ ਤੰਬਾਕੂ ਜਿਹੇ ਨਸ਼ੇ ਬਣਾਉਣ ਵਾਲੀਆਂ ਫੈਕਟਰੀਆਂ ਹੀ ਬੰਦ ਕਰ ਦੇਣੀਆਂ ਚਾਹੀਦੀਆਂ ਹਨ ਅਤੇ ਇਸਦੀ ਵਿਕਰੀ ਤੇ ਮੁਕੰਮਲ ਰੋਕ ਲਗਾਉਣੀ ਚਾਹੀਦੀ ਹੈ। ਸਾਡੀ ਜੀਵਨਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ 'ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ 'ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ। ਜਿਵੇਂ ਸਾਡੇ ਸਮਾਜ 'ਚ ਪ੍ਰਹੁਣਿਆਂ ਦਾ ਆਦਰ ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ ਹੌਲੀ ਬੱਚੇ ਦੇ ਦਿਮਾਗ 'ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜਾਕ 'ਚ ਹੀ ਬੱਚਿਆਂ ਨੂੰ ਤੰਬਾਕੂ 'ਤੇ ਸ਼ਰਾਬ ਆਦਿ ਦਾ ਨਸ਼ਾ ਕਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ ਹੌਲੀ ਬੱਚੇ ਦਾ ਸ਼ੌਕ ਤੇ ਆਦਤ ਬਣ ਜਾਂਦਾ ਹੈ । ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ। ਜਿਸਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿੱਚ ਭਲੀ ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐਨ.ਜੀ.ਓ 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼' ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 7500 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰੀਪੋਰਟ ਅਨੁਸਾਰ ਦੁਨੀਆਂ ਵਿੱਚ ਟੀ.ਬੀ, ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਤੰਬਾਕੂ, ਚਿੱਟੇ 'ਤੇ ਸ਼ਰਾਬ ਕਰਕੇ ਹੁੰਦੀਆਂ ਹਨ, ਦੁਨੀਆਂ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ, ਸੰਨ 2000 ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮੁੰਡਿਆਂ-ਕੁੜੀਆਂ ਵਿੱਚ ਤੰਬਾਕੂ 'ਤੇ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ। ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ੱਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ ,ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨ,ਬਹੁਤੀਆਂ ਲੜਾਈਆਂ,ਬਲਾਤਕਾਰ ਅਤੇ ਹਾਦਸੇ ਨਸ਼ਿਆਂ ਕਰਕੇ ਹੀ ਹੁੰਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿੱਚ ਸੈਕਸ ਸਮਰੱਥਾ ਦੀ ਕਮੀ ਤੋਂ ਪੀੜਤ ਰੋਗੀਆਂ ਉਤੇ ਡਾਕਟਰਾਂ ਵਲੋਂ ਕੀਤੇ ਅਧਿਐਨ ਵਿੱਚ 58.4 ਫੀਸਦੀ ਲੋਕਾਂ ਦੀ ਇਹ ਕਮਜ਼ੋਰੀ ਸ਼ਰਾਬ ਦੇ ਸੇਵਨ ਨਾਲ ਹੋਈ ਦੱਸੀ ਗਈ ਹੈ।

ਭਾਵੇਂ ਸਰਕਾਰ ਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੇ ਨੌਜਵਾਨ ਪੀੜ੍ਹੀ ਨੂੰ ਸਮਝਾ ਕੇ ਤੰਬਾਕੂ ਦੇ ਖਿਲਾਫ ਨਸ਼ਾ ਛੜਾਊ ਮੁਹਿੰਮਾਂ ਵਿੱਢੀਆਂ ਹੋਈਆਂ। ਕਿੰਨੇ ਹੀ ਲੋਕ ਨੌਜਵਾਨ ਪੀੜ੍ਹੀ ਅਤੇ ਸੂਬੇ ਤੇ ਦੇਸ਼ ਦਾ ਭਵਿੱਖ ਬਚਾਉਣ ਲਈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਕੱਢ ਕੇ ਮੁੜ ਆਪਣੀ ਪਹਿਲਾਂ ਵਰਗੀ ਜ਼ਿੰਦਗੀ ਜਿਉਣ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਣਯੋਗ ਬਣਾਉਣ ਲਈ ਯਤਨਸ਼ੀਲ ਹਨ। ਪਰ ਫਿਰ ਵੀ ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿੱਚ ਰਹਿੰਦੇ ਲੜਕੇ ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ 'ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕਾਰਾਂ ਤੇ ਡਾਕਟਰੀ ਇਲਾਜ ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਆਉ ਅੱਜ ਤੋ ਹੀ ਇਸ ਕੰਮ ਦੀ ਸੁਰੂਆਤ ਕਰੀਏ ਨੇਕ ਕੰਮ ਵਿੱਚ ਦੇਰੀ ਕਿਉਂ। ਇਸ ਤਰ੍ਹਾਂ ਕਰਨ ਨਾਲ ਕਦੇ ਕੋਈ ਮਾਂ ਨਹੀਂ ਕਹੇਗੀ ਕਿ ਤੰਬਾਕੂ,ਚਿੱਟੇ ਤੇ ਸ਼ਰਾਬ ਨੇ ਪੁੱਤ ਖੋ ਲਏ ਮਾਂਵਾਂ ਦੇ।

ਗਾਣਿਆਂ ਅਤੇ ਫਿਲਮਾਂ ਵਿੱਚ ਨਸ਼ੇ ਅਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਹੋਣੀ ਚਾਹੀਦੀ ਹੈ। ਹੁਣ ਚੌੜੀਆਂ ਹਿੱਕਾਂ ਵਾਲੇ 6 ਫੁੱਟੇ ਗੱਭਰੂ ਨਹੀਂ ਮਿਲਣੇ ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ,ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ।

ਆਓ ਅੱਜ ਵਰਲਡ ਨੋ ਤੰਬਾਕੂ ਡੇ ਤੇ ਵਾਅਦਾ ਕਰੀਏ ਕਿ ਅਸੀਂ ਖੁਦ ਤਾਂ ਤੰਬਾਕੂ ਤੋਂ ਬਚਾਂਗੇ ਹੀ ਨਾਲ ਹੀ ਆਉਣ ਵਾਲੀ ਪੀੜ੍ਹੀ ਤੇ ਹੋਰਾਂ ਨੂੰ ਵੀ ਇਸ ਤੋਂ ਬਚਾਉਣ ਤੇ ਯਤਨ ਕਰਾਂਗੇ।

# ਨਿਊਜ਼ੀਲੈਂਡ ਪੁਲਿਸ ਗਿਣਤੀ 'ਚ ਹੁੱਣ ਤੱਕ ਦਾ ਰਿਕਾਰਡ ਵਾਧਾ-ਕੁੱਲ ਗਿਣਤੀ ਹੋਈ 10,700

## 129 ਭਾਰਤੀ ਪੁਰਸ਼ ਅਤੇ 29 ਭਾਰਤੀ ਮਹਿਲਾਵਾਂ ਵੀ ਹਨ (2.19%)

**ਆਕਲੈਂਡ (ਹਰਜਿੰਦਰ ਸਿੰਘ ਬਸਿਆਲ)-** ਨਿਊਜ਼ੀਲੈਂਡ ਪੁਲਿਸ ਦੇ ਵਿਚ ਅੱਜ 62 ਨਵੇਂ ਪੁਲਿਸ ਅਫਸਰ 366ਵੇਂ ਵਿੰਗ ਦੀ ਪਾਸਿੰਗ ਪ੍ਰੇਡ ਉਪਰੰਤ ਸ਼ਾਮਿਲ ਹੋ ਗਏ। ਇਨ੍ਹਾਂ ਦੇ ਸ਼ਾਮਿਲ ਹੋਣ ਨਾਲ ਲੇਬਰ ਸਰਕਾਰ ਨੇ 1800 ਨਵੇਂ ਪੁਲਿਸ ਅਫਸਰ ਭਰਤੀ ਕਰਨ ਦਾ ਆਪਣਾ ਵਾਅਦਾ ਵੀ ਪੂਰਾ ਕੀਤਾ। ਹੁਣ ਦੇਸ਼ ਵਿਚ ਕੁੱਲ ਕਾਂਸਟੇਬਲ ਪੱਧਰ (ਵਰਕਫੋਰਸ) ਦੇ ਪੁਲਿਸ ਅਫਸਰਾਂ ਦੀ ਗਿਣਤੀ 10,700 ਹੋ ਗਈ ਹੈ। 2017 ਤੋਂ ਲੈ ਕੇ ਜੂਨ 2023 ਤੱਕ ਇਹ ਵਾਧਾ 21% ਦਰਜ ਹੋਇਆ ਹੈ, ਜਿਸ ਦੇ ਵਿਚ 40% ਮਾਓਰੀ ਅਫਸਰ, ਪੈਸਫਿਕਾ 83%, ਏਸ਼ੀਅਨ 157%, ਅਤੇ ਮਹਿਲਾਵਾਂ ਦਾ 61% ਵਾਧਾ ਹੋਇਆ ਹੈ। 480 ਨਿਊਜ਼ੀਲੈਂਡ ਵਾਸੀਆਂ ਮਗਰ ਇਕ ਪੁਲਿਸ ਅਫ਼ਸਰ ਇਸ ਵੇਲੇ ਆ ਰਿਹਾ ਹੈ। ਪਿਛਲੀ ਸਰਕਾਰ ਨੇ 9 ਸਾਲਾਂ ਵਿਚ ਸਿਰਫ 643 ਦਾ ਵਾਧਾ ਕੀਤਾ ਸੀ ਪਰ ਲੇਬਰ ਸਰਕਾਰ ਨੇ 6 ਸਾਲਾਂ ਵਿਚ 1800 ਨਵੇਂ ਪੁਲਿਸ ਅਫਸਰ ਸ਼ਾਮਿਲ ਕੀਤੇ। ਨਵੇਂ ਵਿੰਗ ਦੇ ਵਿਚ 35% ਮਹਿਲਾਵਾਂ, 14% ਮਾਓਰੀ, 16% ਪੈਸੇਫਿਕ ਲੋਕ ਅਤੇ 5% ਏਸ਼ੀਅਨ ਲੋਕ ਸ਼ਾਮਿਲ ਸਨ। ਇਸ ਵਿੰਗ ਦੇ ਵਿਚ ਵੀਅਤਨਾਮ, ਅਰਜਨਟੀਨਾ, ਨੀਦਰਲੈਂਡ ਅਤੇ ਹੰਗਰੀ ਆਦਿ ਦੇ ਲੋਕ ਵੀ ਸ਼ਾਮਿਲ ਸਨ। ਨਵੇਂ ਪੁਲਿਸ ਅਫਸਰਾਂ ਵਿਚੋਂ ਨੌਰਥਲੈਂਡ ਵਿਖੇ 2, ਔਕਲੈਂਡ ਸਿਟੀ 5, ਕਾਊਂਟੀਜ਼ ਮੈਨੁਕਾਓ 8, ਵਾਇਟੀਮਾਟਾ 5, ਵਾਇਕਾਟੋ 8, ਬੇਅ ਆਫ ਪਲੈਂਟੀ 6, ਈਸਟਰਨ 3, ਸੈਂਟਰਲ 2, ਵਲਿੰਗਟਨ 9, ਟੈਸਮਨ 1, ਕੈਂਟਰਬਰੀ 4 ਅਤੇ ਸਦਰਰਨ ਵਿਖੇ 9 ਜਾਣਗੇ ਜੋ ਕਿ 12 ਜੂਨ ਤੋਂ ਆਪਣੀ ਡਿਊਟੀ ਸ਼ੁਰੂ ਕਰਨਗੇ।




ਇਸ ਵੇਲੇ ਸਭ ਤੋਂ ਵੱਧ ਪੁਲਿਸ ਗਿਣਤੀ (2948) ਔਕਲੈਂਡ ਖੇਤਰ ਵਿਚ ਹੈ। ਇਸ ਤੋਂ ਬਾਅਦ ਕੈਂਟਰਬਰੀ 987 ਅਤੇ ਵਲਿੰਗਟਨ ਵਿਖੇ 857 ਹੈ। ਅੱਜ ਦੀ ਪਾਸਿਗ ਪ੍ਰੇਡ ਵਿਚ ਪੁਲਿਸ ਕਮਿਸ਼ਨਰ ਸ੍ਰੀ ਐਂਡਰੀਊ ਕੋਸਟਰ, ਪ੍ਰਧਾਨ ਮੰਤਰੀ ਮਾਣਯੋਗ ਸ੍ਰੀ ਕ੍ਰਿਸ ਹਿਪਕਿਨਜ਼ ਤੇ ਪੁਲਿਸ ਮੰਤਰੀ ਗਿੱਨੀ ਐਂਡਰਸਨ ਸ਼ਾਮਿਲ ਹੋਏ।

ਨਿਊਜ਼ੀਲੈਂਡ ਦੇ ਵਿਚ ਭਾਰਤੀ ਪੁਲਿਸ ਅਫਸਰਾਂ ਦੀ ਗਿਣਤੀ: ਇਸ ਵੇਲੇ ਨਿਊਜ਼ੀਲੈਂਡ ਪੁਲਿਸ ਦੇ ਵਿਚ ਭਾਰਤੀ ਪੁਰਸ਼ਾਂ ਅਤੇ ਮਹਿਲਾਵਾਂ ਦੀ ਦਰ 2.19% ਹੈ। 9 ਮਈ 2023 ਤੱਕ ਜਾਰੀ ਰਿਪੋਰਟ ਵਿਚ ਇਸ ਪੱਤਰਕਾਰ ਨੂੰ ਵਿਭਾਗ ਵੱਲੋਂ ਦੱਸਿਆ ਗਿਆ ਸੀ ਕਿ ਇਸ ਵੇਲੇ 206 ਭਾਰਤੀ ਮੂਲ ਦੇ ਪੁਲਿਸ ਅਫਸਰ ਅਤੇ 29 ਭਾਰਤੀ ਮੂਲ ਦੀਆਂ ਮਹਿਲਾਵਾਂ ਪੁਲਿਸ ਅਫਸਰ ਕੰਮ ਕਰ ਰਹੀਆਂ ਹਨ। ਪਿਛਲੇ 12 ਮਹੀਨਿਆਂ ਦੇ ਵਿਚ 8 ਪੁਲਿਸ ਅਫਸਰਾਂ ਨੇ ਨੌਕਰੀ ਤੋਂ ਅਸਤੀਫਾ ਵੀ ਦਿੱਤਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਲੰਡਨ 'ਚ 143 ਕਰੋੜ 'ਚ ਵਿਕੀ ਟੀਪੂ ਸੁਲਤਾਨ ਦੀ ਤਲਵਾਰ

**ਲੰਡਨ-** ਮੈਸੂਰ ਦੇ 18ਵੀਂ ਸਦੀ ਦੇ ਸ਼ਾਸਕ ਟੀਪੂ ਸੁਲਤਾਨ ਦੇ ਨਿੱਜੀ ਚੈਂਬਰ ਵਿੱਚੋਂ ਮਿਲੀ ਇੱਕ ਤਲਵਾਰ ਨੇ ਲੰਡਨ ਵਿੱਚ ਬੋਨਹੈਮਸ ਲਈ ਭਾਰਤੀ ਨਿਲਾਮੀ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਸ ਹਫ਼ਤੇ ਦੀ ਇਸਲਾਮਿਕ ਅਤੇ ਭਾਰਤੀ ਕਲਾ ਦੀ ਵਿਕਰੀ ਵਿੱਚ ਇਹ 14 ਮਿਲੀਅਨ ਪੌਂਡ (ਲਗਭਗ 143 ਕਰੋੜ ਰੁਪਏ) ਵਿੱਚ ਵਿਕਿਆ। 1782 ਤੋਂ 1799 ਤੱਕ ਰਾਜ ਕਰਨ ਵਾਲੇ ਟੀਪੂ ਸੁਲਤਾਨ ਦੀ ਤਲਵਾਰ ਨੂੰ 'ਸੁਖੇਲਾ' ਕਿਹਾ ਜਾਂਦਾ ਹੈ - ਸ਼ਕਤੀ ਦਾ ਪ੍ਰਤੀਕ। ਇਹ ਤਲਵਾਰ ਸਟੀਲ ਦੀ ਬਣੀ ਹੋਈ ਹੈ ਅਤੇ ਇਸ 'ਤੇ ਸੋਨੇ ਦੀ ਖੂਬਸੂਰਤੀ ਉੱਕਰੀ ਗਈ ਹੈ। ਇਹ ਟੀਪੂ ਸੁਲਤਾਨ ਦੇ ਨਿੱਜੀ ਚੈਂਬਰ ਵਿੱਚ ਪਾਇਆ ਗਿਆ ਸੀ ਅਤੇ ਇਸ ਨੂੰ ਈਸਟ ਇੰਡੀਆ ਕੰਪਨੀ ਦੁਆਰਾ ਜਨਰਲ ਡੇਵਿਡ



ਬੇਅਰਡ ਨੂੰ ਹਮਲੇ ਵਿੱਚ ਉਸਦੀ ਹਿੰਮਤ ਅਤੇ ਵਿਵਹਾਰ ਲਈ ਉਹਨਾਂ ਦੇ ਉੱਚ ਸਨਮਾਨ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਸੀ। ਇਸ ਹਮਲੇ ਵਿਚ ਟੀਪੂ ਸੁਲਤਾਨ ਮਾਰਿਆ ਗਿਆ ਸੀ, ਜਿਸ ਨੂੰ 'ਟਾਈਗਰ ਆਫ਼ ਮੈਸੂਰ' ਕਿਹਾ ਜਾਂਦਾ ਹੈ। ਇਹ ਹਮਲਾ ਮਈ 1799 ਵਿੱਚ ਹੋਇਆ ਸੀ। ਬੋਨਹੈਮਸ ਵਿਖੇ ਇਸਲਾਮਿਕ ਅਤੇ ਭਾਰਤੀ ਕਲਾ ਅਤੇ ਨਿਲਾਮੀ ਦੇ ਮੁਖੀ ਓਲੀਵਰ ਵ੍ਹਾਈਟ ਨੇ ਮੰਗਲਵਾਰ ਨੂੰ ਵਿਕਰੀ ਤੋਂ ਪਹਿਲਾਂ ਇੱਕ ਬਿਆਨ ਵਿੱਚ ਕਿਹਾ ਕਿ ਸ਼ਾਨਦਾਰ ਤਲਵਾਰ ਟੀਪੂ ਸੁਲਤਾਨ ਦੇ ਸਾਰੇ ਹਥਿਆਰਾਂ ਵਿੱਚੋਂ ਸਭ ਤੋਂ ਵਧੀਆ ਹੈ ਜੋ ਅਜੇ ਵੀ ਨਿੱਜੀ ਕਬਜ਼ੇ ਵਿੱਚ ਹੈ।

ਸੁਲਤਾਨ ਦਾ ਇਸ ਨਾਲ ਨਜ਼ਦੀਕੀ ਨਿੱਜੀ ਸਬੰਧ ਸੀ ਅਤੇ ਇਸਦੀ ਸ਼ਾਨਦਾਰ ਕਾਰੀਗਰੀ ਇਸ ਨੂੰ ਵਿਲੱਖਣ ਅਤੇ ਬਹੁਤ ਹੀ ਫਾਇਦੇਮੰਦ ਬਣਾਉਂਦੀ ਹੈ, ਉਸਨੇ ਕਿਹਾ। ਤਲਵਾਰ ਦੀ ਕੀਮਤ ਜੀਬੀਪੀ 1,500,000 ਅਤੇ 2,000,000 ਦੇ ਵਿਚਕਾਰ ਸੀ ਪਰ ਅੰਦਾਜ਼ਨ 14,080,900 ਵਿੱਚ ਵੇਚੀ ਗਈ। ਇਸਲਾਮਿਕ ਅਤੇ ਭਾਰਤੀ ਕਲਾ ਦੀ ਗਰੁੱਪ ਹੈੱਡ ਨੀਮਾ ਸਾਗਰਚੀ ਨੇ ਕਿਹਾ ਕਿ ਤਲਵਾਰ ਦਾ ਅਸਾਧਾਰਨ ਇਤਿਹਾਸ ਅਤੇ ਬੇਮਿਸਾਲ ਕਾਰੀਗਰੀ ਹੈ।ਉਸਨੇ ਕਿਹਾ ਕਿ ਦੋ ਲੋਕ ਫੋਨ ਰਾਹੀਂ ਬੋਲੀ ਦਿੰਦੇ ਹਨ ਜਦੋਂ ਕਿ ਕਮਰੇ ਵਿੱਚ ਇੱਕ ਵਿਅਕਤੀ ਬੋਲੀ ਦਿੰਦਾ ਹੈ ਅਤੇ ਉਨ੍ਹਾਂ ਵਿਚਕਾਰ ਗਰਮਾ-ਗਰਮ ਮੁਕਾਬਲਾ ਹੋਇਆ। ਮਈ 1799 ਵਿੱਚ ਸ਼੍ਰੀਰੰਗਪਟਨਾ ਵਿਖੇ ਟੀਪੂ ਸੁਲਤਾਨ ਦੇ ਸ਼ਾਹੀ ਕਿਲੇ ਨੂੰ ਤਬਾਹ ਕਰਨ ਤੋਂ ਬਾਅਦ ਉਸਦੇ ਮਹਿਲ ਵਿੱਚੋਂ ਬਹੁਤ ਸਾਰੇ ਹਥਿਆਰ ਹਟਾ ਦਿੱਤੇ ਗਏ ਸਨ। ਇਸ ਵਿਚ ਕੁਝ ਹਥਿਆਰ ਉਸ ਦੇ ਬਹੁਤ ਨੇੜੇ ਸਨ।ਇਸ ਨੂੰ ਸੋਲ੍ਹਵੀਂ ਸਦੀ ਵਿਚ ਭਾਰਤ ਵਿਚ ਪੇਸ਼ ਕੀਤੇ ਗਏ ਜਰਮਨ ਬਲੇਡ ਦੇ ਮਾਡਲ ਤੋਂ ਬਾਅਦ ਮੁਗ਼ਲ ਤਲਵਾਰ ਨਿਰਮਾਤਾਵਾਂ ਦੁਆਰਾ ਬਣਾਇਆ ਗਿਆ ਸੀ ਅਤੇ ਇਸ ਦੇ ਹਿਲਟ ਵਿਚ ਸੋਨੇ ਦੀ ਕੈਲੀਗ੍ਰਾਫੀ ਅਤੇ ਅੱਲ੍ਹਾ ਦੀ ਉਸਤਤ ਹੈ।

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### ਦੇਵੀ ਸ਼ਰਮਾ ਨੇ ਫੋਟੋਗਰਾਫ਼ੀ ਤੋਂ ਡਾਇਰੈਕਸ਼ਨ ਸੰਭਾਲੀ

ਜਵਾਨ ਦਿਲ ਤੇ ਦਿਮਾਗ ਤਰੋ-ਤਾਜਾ ਕੰਮ ਕਰਦਾ ਹੈ ਤੇ ਦੇਵੀ ਸ਼ਰਮਾ ਨੇ ਬਹੁਤ ਸਾਰੀਆਂ ਪੰਜਾਬੀ ਫਿਲਮਾਂ ਦੀ ਕੈਮਰਾਮੈਨ ਬਣ ਸਿਨੇ ਆਟੋਗਰਾਫੀ ਕਰ ਆਪਣਾ ਨਾਂਅ ਬਣਾਇਆ ਤੇ 'ਆਜ਼ਾਦੀ' ਫਿਲਮ ਨੇ ਉਸਨੂੰ ਕੈਮਰਾਮੈਨ-ਨਿਰਦੇਸ਼ਕ ਬਣਾ ਦਿੱਤਾ। 'ਆਸਰਾ' ਤੋਂ ਬਾਅਦ 'ਦੁੱਲਾ ਵੈਲੀ'








ਗੁਗੂ-ਯੋਗਰਾਜ ਸਿੰਘ ਦੀ ਫਿਲਮ ਨੂੰ ਡਾਇਰੈਕਸ਼ਨ ਦੇਣ ਵਾਲੇ ਦੇਵੀ ਸ਼ਰਮਾ ਦੀ ਹੁਣੇ ਹੀ 'ਹਵੇਲੀ' ਫਿਲਮ ਆਈ ਸੀ ਤੇ ਅਗਾਂਹ ਚੋਟੀ ਦਾ ਨਿਰਦੇਸ਼ਕ ਬਣੂੰ।

### ਨਵੀਂ ਕਲੀ ਪੰਜਾਬੀ ਫਿਲਮਾਂ ਦੇ ਬਾਗਾਂ ਦੀ- ਪ੍ਰੀਤ ਮੱਟੂ

ਸ਼ੋਖ ਅਦਾਵਾਂ, ਜਵਾਨੀ ਦੇ ਨਾਜੁਕ ਸਾਲਾਂ 'ਚ ਅਭਿਨੈ ਭਰਪੂਰ ਥਿਰਕਦੇ ਕਦਮ ਤੇ ਛਮਕ-ਛੱਲੋ ਜਿਹੀ ਪ੍ਰੀਤ ਮੱਟੂ 'ਬੈਸਟ ਡਾਂਸਰ' 'ਬਟਾਲਾ ਦੀ ਰਾਣੀ', 'ਗਿੱਧੇ ਦੀ ਮਲਿਕਾ' ਬਣਨ ਉਪਰੰਤ ਪੰਜਾਬੀ ਐਲਬਮ ਗੀਤਾਂ ਦੀ ਮਾਡਲ ਹੈ। ਵਿਜੈ ਮੱਟੂ ਦੀ 'ਪ੍ਰਾਈਡ' ਫਿਲਮ ਕਰਨ ਵਾਲੀ ਸੋਹਣੀ ਪ੍ਰੀਤ ਮੱਟੂ ਦਾ ਆਦਰਸ਼ ਪ੍ਰੀਤੀ ਸਪਰੂ ਤੇ ਨੀਰੂ ਬਾਜਵਾ ਹਨ । ਪੰਜਾਬੀ ਫਿਲਮਾਂ ਦੀ ਰੁਮਾਂਟਿਕ ਨਾਇਕਾ ਬਣ ਰਾਜ ਕਰਨਾ ਚਾਹੁੰਦੀ ਹੈ।









### 'ਇਸ਼ਕ-ਮੁਹੱਬਤ' ਤਿਆਰ ਹੈ

ਗੁਰਦੀਪ ਸੰਧੂ ਨੂੰ ਦੂਸਰਾ ਜਤਿੰਦਰ, ਸਤੀਸ਼ ਕੌਲ ਦਾ ਪੁੱਤਰ ਤੇ ਗੋਵਿੰਦਾ ਦਾ ਹਮਸ਼ਕਲ ਪਾਲੀਵੁੱਡ ਵਾਲੇ ਆਖ ਰਹੇ ਹਨ। ਉਸਦੀ ਰੁਮਾਂਟਿਕ ਐਕਸ਼ਨ ਫਿਲਮ 'ਇਸ਼ਕ-ਮੁਹੱਬਤ' ਤਿਆਰ ਹੈ। ਸ਼ੈਲਾ ਸਿੰਘ, ਰਜੇਸ਼ ਸ਼ਰਮਾ, ਅਨੁ, ਜੈਜੀ, ਹੈਰੀ ਸਚਦੇਵਾ, ਪ੍ਰਭ ਤੇ ਘੁੱਲੇ ਸ਼ਾਹ-ਅਮਰੀਦ ਰੰਧਾਵਾ ਫਿਲਮ ਦੇ ਗੁਰਦੀਪ ਸੰਧੂ ਨਾਲ ਅਹਿਮ ਸਿਤਾਰੇ ਹਨ। ਗੁਰਦੀਪ ਸੰਧੂ ਡੀ.ਡੀ. ਪੰਜਾਬੀ ਦਾ ਸਟਾਰ ਵੀ ਹੈ।

### 'ਜੱਟ ਜਿਊੜਾ ਮੌੜ' ਫਿਰ ਆਇਆ

ਕਿਸਮਤ ਮਨਜੀਤ ਕੁਲਾਰ ਦੀ ਵਿਆਹੋਂ ਬਾਅਦ, ਪੁੱਤ-ਧੀ ਜੰਮ ਕੇ ਫਿਰ ਫਿਲਮੀ ਵਾਪਸੀ ਇਕਬਾਲ ਢਿੱਲੋਂ ਨੇ ਕਰਵਾ ਦਿੱਤੀ ਏ ਤੇ ਗੁੱਗੂ ਗਿੱਲ ਨਾਲ ਸੂਪਰ ਹਿੱਟ 'ਜੱਟ ਜਿਊੜਾ ਮੌੜ' ਨਵੀਂ ਪੀੜ੍ਹੀ ਲਈ ਨਵੇਂ ਸੰਗੀਤ- ਤਕਨੀਕ ਨਾਲ ਜੂਨ ਦੇ ਪਹਿਲੇ ਹਫਤੇ ਲਾ ਦੇਣੀ ਹੈ । ਸੁਰਿੰਦਰ ਛਿੰਦਾ ਨੇ ਡੀ.ਜੇ.ਨਰਿੰਦਰ ਦੇ ਸੰਗੀਤ 'ਚ ਨਵਾਂ ਟਰੈਕ ਇਸ ਲਈ ਕੀਤਾ ਹੈ।

### ਮਹਿਰੀਨ ਪੀਰਜਾਦਾ ਚੀਤਮੰਨਾ

ਅ ਨੁ ਸ਼ ਕ ਾ ਸ਼ਰਮਾ ਨਾਲ 'ਫ਼ਿਓਮਪ;ਲੌਰੀ' ਫਿਲਮ ਕਰ ਚੁੱਕੀ ਮਹਿਰੀਨ ਪੀਰਜ਼ਾਦਾ ਨੇ ਕਾਫੀ ਪੰਜਾਬੀ ਫਿਲਮਾਂ ਵੀ ਕੀਤੀਆਂ ਹਨ । ਸੱਤੇ ਖੈਰਾਂ ਉਸ ਲਈ ਨਿਰਦੇਸ਼ਕ ਅਸ਼ੋਕ ਮਲਹੋਤਰਾ ਮੰਗਦਾ ਆਖਦਾ ਹੈ ਕਿ ਮਹਿਰੀਨ ਪੀਰਜ਼ਾਦਾ ਨੂੰ ਸਾਊਥ ਦੀ ਸਟਾਰ ਬਣਨ ਤੋਂ ਕੋਈ ਰੋਕ ਨਹੀਂ ਸਕਦਾ ਪਰ ਮਹਿਰੀਨ ਦੀ ਤਮੰਨਾ ਪੰਜਾਬੀ ਫਿਲਮਾਂ ਪ੍ਰਤੀ ਜ਼ਿਆਦਾ ਮੋਹ ਹੈ।

### ਜੱਗੀ ਚੌਹਾਨ ਦੀ ਵੈਬ-ਸੀਰੀਜ


ਜੱਗੀ ਕਾਦੀਆਂ ਨੇ ਨਗਾੜਾ ਟੀ.ਵੀ. ਲਈ 'ਵੈੱਬ ਸੀਰੀਜ' 'ਅਖਾੜਾ' ਸ਼ੁਰੂ ਕਰਨੀ ਹੈ ਜਿਸਨੂੰ ਕੰਵਲਜੀਤ ਮਾਨਾਂਵਾਲਾ ਡਾਇਰੈਕਟ ਕਰਨਗੇ । ਪੀ. ਐਸ. ਚੌਹਾਨ ਇਸ ਦਾ ਸੰਗੀਤ ਤਿਆਰ ਕਰ ਰਹੇ ਹਨ ਜਦਕਿ ਸੰਮੀ ਖਾਨ ਕਿਰਨ ਰੰਧਾਵਾ- ਧੀਰਾ ਗਿੱਲ ਡੈਬਿਊ ਅਭਿਨੈ ਹੋਵੇਗਾ।

# ਪੁਸਤਕ ਸਮੀਖਿਆ

### ਪਰਾਲੀ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਹਰਿੰਦਰ ਸਿੰਘ ਗੋਗਨਾ**
**ਪ੍ਰਕਾਸ਼ਕ: ਸਾਹਿਬਦੀਪ ਪਬਲੀਕੇਸ਼ਨ ਮਾਨਸਾ, ਪੰਨੇ: 63 ਮੁੱਲ: 80/-**

ਹਰਿੰਦਰ ਸਿੰਘ ਗੋਗਨਾ ਨੇ ਬਾਲ ਸਾਹਿਤ ਦੇ ਖੇਤਰ ਵਿਚ ਸ਼ਾਨਦਾਰ ਮੱਲਾਂ ਮਾਰੀਆਂ ਹਨ। ਇਕ ਦਰਜਨ ਦੇ ਕਰੀਬ ਬਾਲ ਕਾਵਿ ਅਤੇ ਕਹਾਣੀ ਸੰਗ੍ਰਹਿਾਂ ਦੀ ਸਿਰਜਣਾ ਕੀਤੀ ਹੈ। ਇਥੋਂ ਤਕ ਕਿ ਕੁੱਝ ਕਿਤਾਬਾਂ ਨੈਸ਼ਨਲ ਬੁਕ ਟਰੱਸਟ ਇੰਡੀਆ ਅਤੇ ਭਾਸ਼ਾ ਵਿਭਾਗ ਪੰਜਾਬ ਵਲੋਂ ਵੀ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਸਦੇ ਨਾਲ-ਨਾਲ ਉਹ ਮਿੰਨੀ ਕਹਾਣੀ ਦੀ ਸਿਰਜਣਾ ਵੀ ਨਿਰੰਤਰ ਕਰ ਰਿਹਾ ਹੈ। ਕੰਡੋਲੈਂਸ ਤੋਂ ਬਾਅਦ ਹੱਥਲੀ ਪੁਸਤਕ ਪਰਾਲੀ ਉਸਦਾ ਦੂਸਰਾ ਮਿੰਨੀ ਕਹਾਣੀ ਸੰਗ੍ਰਹਿ ਹੈ।





ਰਾਜਿੰਦਰ ਕੌਰ ਵੰਤਾ ਵਰਗੇ ਲੇਖਿਕਾ ਦੀ ਸੰਗਤ ਨੇ ਉਸ ਅੰਦਰ ਉਤਮ ਦਰਜੇ ਦੀ ਮਿੰਨੀ ਕਹਾਣੀ ਸਿਰਜਣ ਦੀ ਸਮਰੱਥਾ ਵੀ ਭਰੀ ਹੈ। ਮਿੰਨੀ ਕਹਾਣੀ ਦੀ ਇਹ ਸਿਫ਼ਤ ਹੁੰਦੀ ਹੈ ਕਿ ਜੇ ਨਾਵਲ ਰੁੱਗ ਭਰਦਾ ਹੈ ਤੇ ਕਹਾਣੀ ਮੁੱਠੀ ਭਰਦੀ ਹੈ ਤੇ ਮਿੰਨੀ ਕਹਾਣੀ ਚੂੰਢੀ ਭਰਦੀ ਹੈ। ਭਾਵ ਕਹਾਣੀ ਉਹੀ ਸਫ਼ਲ ਹੁੰਦੀ ਹੈ ਜੋ ਦੁਖਦੀ ਰਗ ਤੇ ਉਂਗਲੀ ਧਰਦੀ ਹੋਵੇ।

ਗੋਗਨਾ ਦੀਆਂ ਕਹਾਣੀਆਂ ਪੜ੍ਹਨ ਉਪਰੰਤ ਵੀ ਅਜਿਹਾ ਅਭਾਸ ਹੁੰਦਾ ਹੈ। ਉਸਦੀ ਕਹਾਣੀ ਮਿੰਨੀ ਵੀ ਹੈ ਤੇ ਇਸ ਵਿਚ ਕਥਾ ਰਸ ਵੀ ਹੈ। ਉਹ ਆਪਣੀ ਕਹਾਣੀ ਨੂੰ ਬੇਲੋੜਾ ਵਿਸਥਾਰ ਨਹੀਂ ਦਿੰਦਾ। ਉਸ ਕੋਲ ਵਿਚਾਰਨ ਲਈ ਸਮਾਜ ਦੇ ਅਹਿਮ ਮਸਲੇ ਹਨ। ਜਿਨਾਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਬਣਾਉਂਦਾ ਹੈ। ਪੁਸਤਕ ਪਰਾਲੀ ਵਿਚ ਆਪਸੀ ਰਿਸ਼ਤਿਆਂ ਦਾ ਨਿੱਘਾ ਅਤੇ ਨਿਘਾਰ, ਕੁੜੀ ਮੁੰਡੇ ਦਾ ਫਰਕ, ਭ੍ਰਿਸ਼ਟਾਚਾਰੀ ਸਮਾਜ, ਰਾਜਸੀ ਅਤੇ ਸਮਾਜਕ ਉਲਝਣਾ, ਕਿੰਨਰਾ ਦਾ ਨਵਾਂ ਰੂਪ ਆਦਿ ਨੁਕਤਿਆਂ ਨੂੰ ਉਭਾਰਿਆ ਗਿਆ ਹੈ।ਮਾਂ ਦੀ ਮਹਾਨਤਾ ਤੇ ਭਾਸ਼ਣ ਕਰਨ ਵਾਲਾ ਖੁਦ ਮਾਂ ਦੀ ਸੇਵਾ ਵਿਚ ਹਾਜ਼ਰ ਨਹੀਂ ਹੁੰਦਾ। ਅਜਿਹੀਆਂ ਪਰਸਥਿਤੀਆਂ ਦਾ ਸਾਹਮਣਾ ਕਰਦਾ ਅਜੋਕਾ ਮਨੁੱਖ ਇਨਸਾਨੀਅਤ ਤੋਂ ਕੋਹਾਂ ਦੂਰ ਹੁੰਦਾ ਜਾ ਰਿਹਾ ਹੈ।ਇਹਨਾਂ ਕਹਾਣੀਆ ਦਾ ਮੁੱਖ ਮਨੋਰਥ ਚੰਗੇ ਅਤੇ ਉੱਚ ਪੱਧਰੀ ਸਮਾਜ ਦੀ ਸਿਰਜਣਾ ਕਰਨਾ ਹੈ। ਦੋਹਰੇ ਮਨੁੱਖੀ ਕਿਰਦਾਰ ਨੂੰ ਪਰਾਲੀ, ਪਾਪ ਤੇ ਪੁੰਨ, ਚੜ੍ਹਾਈ, ਮਾਂ ਅਤੇ ਗਿਰਗਿਟ ਆਦਿ ਕਹਾਣੀਆਂ ਵਿਚ ਸਫਲਤਾ ਨਾਲ ਪੇਸ਼ ਕੀਤਾ ਗਿਆ ਹੈ। ਕਿਸਾਨੀ, ਨੂੰਹਾਂ-ਧੀਆਂ, ਪਰਿਵਾਰ ਅਤੇ ਸਮਾਜ ਵਿਚ ਆ ਰਹੀ ਗਿਰਾਵਟਾਂ ਤੇ ਉਂਗਲ ਉਠਾਉਂਦਿਆਂ ਪਾਠਕਾਂ ਨੂੰ ਸੁਚੇਤ ਕੀਤਾ ਹੈ।ਦੇਵਤਾ, ਅਪਰਾਧੀ, ਸੰਸਕਾਰੀ ਨੂੰ ਅਤੇ ਗੈਰਤ ਆਦਿ ਕਹਾਣੀਆਂ ਬਹੁਤ ਪ੍ਰਭਾਵਸ਼ਾਲੀ ਹਨ। ਇਹਨਾਂ ਵਿਚ ਕਹਾਣੀਕਾਰ ਨੇ ਕਹਾਣੀ ਕਲਾ ਨੂੰ ਉਭਾਰਨ ਦਾ ਸਫ਼ਲ ਉਪਰਾਲਾ ਕੀਤਾ ਹੈ। ਸਮਾਜ ਵਿਚ ਬਰਾਬਰੀ ਦਾ ਦਰਜਾ ਨਾ ਹਾਸਲ ਕਰਨ ਵਾਲੇ ਕਿੰਨਰਾ ਬਾਰੇ ਰਚੀ ਕਹਾਣੀ 'ਨਵਾਂ ਰੂਪ' ਇਸ ਸੰਗ੍ਰਹਿ ਦੀ ਉਤਮ ਕਹਾਣੀ ਕਹੀ ਜਾ ਸਕਦੀ ਹੈ। ਇਸ ਤਰ੍ਹਾਂ ਹਰ ਇਨਸਾਨ ਦਾ ਕੋਈ ਨਾ ਕੋਈ ਪੱਖ ਸਕਾਰਤਮਕ ਜ਼ਰੂਰ ਹੁੰਦਾ ਹੈ। ਲੇਖਕ ਦਾ ਵੀ ਇਹੀ ਮੰਤਵ ਹੈ ਕਿ ਨਰੋਏ ਪੱਖਾਂ ਨੂੰ ਉਭਾਰ ਕੇ ਸਮਾਜ ਨੂੰ ਨਵੀਂ ਤੇ ਨਰੋਈ ਦਿਖ ਦਿੱਤੀ ਜਾਵੇ। ਹਰਿੰਦਰ ਸਿੰਘ ਗੋਗਨਾ ਤੋਂ ਹੋਰ ਵੀ ਉੱਤਮ ਦਰਜੇ ਦੀਆਂ ਕਹਾਣੀਆਂ ਦੀ ਸਿਰਜਣਾ ਦੀ ਉਮੀਦ ਹੈ।ਬਾਲ ਸਾਹਿਤ ਵਾਂਗ ਹੀ ਉਹ ਮਿਨੀ ਕਹਾਣੀ ਜਗਤ ਵਿਚ ਵੀ ਉਚੀਆਂ ਮੰਜ਼ਿਲਾਂ ਨੂੰ ਛੂਹ ਰਿਹਾ ਹੈ।

### ਸਮਾਜ ਅਤੇ ਜੀਵਨ ਜਾਂਚ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ: ਸੰਜੀਵ ਸਿੰਘ ਸੈਣੀ**
**ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ, ਪੰਨੇ:179, ਮੁੱਲ:250/-**

ਸੰਜੀਵ ਸਿੰਘ ਸੈਣੀ ਇਕ ਗਹਿਰ ਗੰਭੀਰ ਪਾਠਕ ਹੈ। ਜਿਸਨੇ ਬੜੀ ਮਿਹਨਤ ਨਾਲ ਮਣਾਂਮੂੰਹੀ ਪੁਸਤਕਾਂ ਦਾ ਅਧਿਐਨ ਕੀਤਾ। ਫਿਰ ਕੁਝ ਪੁਸਤਕਾਂ ਬਾਰੇ ਆਪਣੀ ਰਾਇ ਪ੍ਰਗਟ ਕਰਨੀ ਆਰੰਭ ਕੀਤੀ।ਅਖ਼ਬਾਰਾਂ ਵਿਚ ਚਿੱਠੀਆਂ ਕਾਲਮ ਵਿਚ ਲਿਖਣਾ ਆਰੰਭ ਕੀਤਾ। ਆਪਣੇ ਗੂੜ੍ਹ ਗਿਆਨ ਸਦਕਾ ਹੀ ਉਹ ਭਖਦੇ ਮਸਲਿਆਂ ਬਾਰੇ ਕਲਮ ਝਰੀਟਣ ਲੱਗ ਪਿਆ। ਉਸਦੀ ਕਲਮ 'ਚੋਂ ਨਿੱਕਲੇ ਸ਼ਬਦਾਂ ਨੂੰ ਪਾਠਕਾਂ ਨੇ ਦੋਨੀਂ ਹੱਥੀਂ ਕਬੂਲਿਆ ਹੈ। ਇਸ ਕਬੂਲਨਾਮੇ ਨੇ ਉਸ ਅੰਦਰ ਅੱਗੇ ਵਧਣ ਦਾ ਉਤਸ਼ਾਹ ਭਰਿਆ। ਮਿੱਤਰਾਂ ਦੋਸਤਾਂ ਨੇ ਇਹਨਾਂ ਰਚਨਾਵਾਂ ਨੂੰ ਪੁਸਤਕ ਰੂਪ ਵਿਚ ਸੰਭਾਲਣ ਦੀ ਸਲਾਹ ਦਿੱਤੀ ਤਾਂ ਹੱਥਲੀ ਪੁਸਤਕ 'ਸਮਾਜ ਅਤੇ ਜੀਵਨ ਜਾਂਚ' ਪਾਠਕਾਂ ਤਕ ਪੁੱਜ ਗਈ। ਇਸਦਾ ਪਾਠ ਕਰਦਿਆਂ ਪਾਠਕਾਂ ਦੇ ਦਿਲ ਤੇ ਦਿਮਾਗ ਦੇ ਬੰਦ ਦਰ ਦਰਵਾਜ਼ੇ ਖੁਲ੍ਹਦੇ ਜਾਂਦੇ ਹਨ।




ਸੰਜੀਵ ਸਿੰਘ ਸੈਣੀ ਇਕ ਮਾਹਿਰ ਮਨੋਵਿਗਿਆਨੀ ਵੀ ਹੈ ਜਿਸ ਨਾਲ ਉਹ ਸਮਾਜਕ ਤਾਣੇ ਬਾਣੇ ਦੀ ਚੀਰ ਫਾੜ ਵੀ ਕਰਦਾ ਹੈ।ਸਮਾਜਕ ਜੀਵਨ ਵਿਚ ਬਦਲ ਰਹੀਆਂ ਰਹੁ ਰੀਤਾਂ ਅਤੇ ਤਕਨੀਕ ਦੇ ਪੈ ਰਹੇ ਪ੍ਰਭਾਵਾਂ ਬਾਰੇ ਵੀ ਸੁਚੇਤ ਕਰਦਾ ਹੈ। ਅਸਲ ਵਿਚ ਉਸਦੀ ਰਚਨਾ ਦਾ ਮਨੋਰਥ ਇਕ ਚੰਗੇ ਸਮਾਜ ਦੀ ਸਿਰਜਣਾ ਕਰਨਾ ਹੈ। ਜਿਸ ਵਾਸਤੇ ਉਹ ਨੈਤਿਕ ਕਦਰਾਂ ਕੀਮਤਾਂ ਦੇ ਪ੍ਰਚਾਰ ਅਤੇ ਪਰਸਾਰ ਲਈ ਨਿਬੰਧਕਾਰੀ ਕਰਦਾ ਹੈ। ਉਸਦੇ ਲੇਖ ਸਧਾਰਣ ਭਾਸ਼ਾ ਵਿਚ ਲਿਖੇ ਹੋਣ ਕਰਕੇ ਹਰ ਪਾਠਕ ਦੇ ਦਿਲ ਦੀਆਂ ਤਹਿਆਂ ਤਕ ਲਹਿ ਜਾਂਦੇ ਹਨ। ਦੂਜਾ ਉਹ ਦੁਖਦੀ ਰਗ ਇਕ ਮਾਹਿਰ ਡਾਕਟਰ ਵਾਂਗ ਝੱਟ ਫੜ ਲੈਂਦਾ ਹੈ। ਉਸਦੇ ਕਲਾਵੇ ਵਿਚ ਹਰ ਵਿਸ਼ਾ ਅਤੇ ਹਰ ਰੰਗ ਸ਼ਾਮਲ ਹੈ। ਹੱਥਲੀ ਪੁਸਤਕ ਦੀ ਵੰਨ-ਸੁਵੰਨਤਾ ਇਸਦਾ ਨੁਮਾਇਆ ਗੁਣ ਹੈ। ਕਦੀ ਉਹ ਪਾਠਕਾਂ ਨੂੰ ਮੁਸ਼ਕਿਲਾਂ ਤੋਂ ਨਾ ਘਬਰਾਉਣ ਦੀ ਸਲਾਹ ਦਿੰਦਾ ਹੈ ਤੇ ਕਦੀ ਉਹ ਫੇਲ ਹੋਣ ਤੋਂ ਬਾਅਦ ਦੀ ਵੀ ਤਿਆਰੀ ਕਰਵਾਉਂਦਾ ਹੈ। ਇਕ ਸਧਾਰਣ ਪਾਠਕ ਦੇ ਨਾਲ ਨਾਲ ਵਿਦਿਆਰਥੀ ਖਾਸ ਕਰ ਨੌਜਵਾਨ ਪੀੜੀ ਲਈ ਇਹ ਪੁਸਤਕ ਇਕ ਰਾਹ ਦਸੇਰੇ ਦਾ ਕੰਮ ਕਰਦੀ ਹੈ। ਜੁਆਨਾ ਦੀਆਂ ਊਣਤਾਈਆਂ ਨੂੰ ਛੁਟਿਆਇਆ ਅਤੇ ਚੰਗਿਆਈਆਂ ਨੂੰ ਵਡਿਆਇਆ ਗਿਆ ਹੈ।

ਦੇਸ਼ ਵਿਚ ਵਧ ਰਹੀ ਬੇਰੁਜ਼ਗਾਰੀ, ਭੁੱਖਮਰੀ, ਭ੍ਰਿਸ਼ਟਾਚਾਰੀ, ਵਿਭਚਾਰੀ ਆਦਿ ਵਿਸ਼ਿਆਂ ਤੇ ਗੱਲ ਕਰਦਿਆਂ ਸਰਕਾਰੀ ਨੀਤੀਆਂ ਦੀ ਕਾਂਟ ਛਾਂਟ ਕੀਤੀ ਗਈ ਹੈ। ਉਹ ਹਰ ਗੱਲ ਨੂੰ ਵਿਗਿਆਨਕ ਕਸਵੱਟੀ ਤੇ ਪਰਖ ਕੇ ਹੀ ਲਿਖਦਾ ਹੈ। ਵਿਆਹ ਸ਼ਾਦੀਆਂ ਤੇ ਕੀਤੇ ਜਾ ਰਹੇ ਬੇਲੋੜੇ ਖਰਚਿਆਂ ਤੋਂ ਬਚਣ ਦੇ ਗੁਰ ਵੀ ਸਮਝਾਉਂਦਾ ਹੈ। ਸਾਦਾ ਜੀਵਨ ਸੁਖੀ ਜੀਵਨ, ਜਿਊਣ ਦਾ ਸਲੀਕਾ ਵੀ ਦਰਸਾਇਆ ਗਿਆ ਹੈ। ਜਿੰਦਗੀ ਵਿਚ ਚੜ੍ਹਦੀ ਕਲਾ ਵਿਚ ਰਹਿਣ ਲਈ ਨਿਮਰਤਾ, ਸਬਰ ਸੰਤੋਖ ਵਾਲੇ ਰਹਿਣ ਸਹਿਣ ਅਤੇ ਮਿੱਠੀ ਬੋਲ ਬਾਣੀ ਦੀ ਬਾਤ ਪਾਈ ਗਈ ਹੈ। ਉਹ ਜਿਥੇ ਬਜੁਰਗਾਂ ਦੇ ਮਾਣ ਸਤਿਕਾਰ ਦੀ ਗੱਲ ਕਰਦਾ ਹੈ ਉਥੇ ਉਹਨਾਂ ਨੂੰ ਨਵੀਂ ਪੀੜੀ ਨਾਲ ਤੁਰਨ ਦੀ ਸਲਾਹ ਵੀ ਦਿੰਦਾ ਹੈ। 71 ਛੋਟੇ ਵੱਡੇ ਲੇਖਾਂ ਦਾ ਇਹ ਇਕ ਮਹਿਕਦਾ ਅਤੇ ਟਹਿਕਦਾ ਗੁਲਦਸਤਾ ਹੈ ਜਿਸ ਤੋਂ ਹਰ ਉਮਰ ਵਰਗ ਦਾ ਪਾਠਕ ਬਹੁਤ ਕੁੱਝ ਗ੍ਰਹਿਣ ਕਰ ਸਕਦੇ ਹਨ। ਫਰਜ਼ਾਂ ਅਤੇ ਹੱਕਾਂ ਵਿਚ ਸੰਮਤੋਲ ਕਰਕੇ ਹੀ ਅੱਛੇ ਨਾਗਰਿਕ ਬਣਿਆ ਜਾ ਸਕਦਾ ਹੈ। ਇਹ ਪੁਸਤਕ ਇਨਸਾਨੀ ਕਦਰਾਂ-ਕੀਮਤਾਂ ਨੂੰ ਸਮਾਜ ਵਿਚ ਕਾਇਮ ਰੱਖਣ ਲਈ ਇਕ ਗਾਈਡ ਬੁਕ ਵਰਗੀ ਲਗਦੀ ਹੈ। ਰਿਸ਼ਤਿਆਂ ਦਾ ਨਿੱਘ, ਮਿੱਤਰਤਾ, ਵਾਤਾਵਰਣ, ਚਿੰਤਾ, ਸੰਜਮ, ਪ੍ਰੀਤ ਪਿਆਰ, ਪਰਿਵਾਰਕ ਸਾਂਝ, ਹੌਸਲਾ, ਸੁੰਦਰਤਾ, ਪੈਸਾ, ਘੱਟ ਬੋਲਣਾ, ਅਸਲੀ ਮਕਸਦ, ਮਿਲਾਵਟ, ਔਰਤ ਦੀ ਦਸ਼ਾ, ਪੌਣ ਪਾਣੀ ਆਦਿ ਵਿਸ਼ਿਆਂ ਨੂੰ ਬਾਖੂਬੀ ਨਿਖਾਰਿਆਂ ਤੇ ਵਿਚਾਰਿਆ ਗਿਆ ਹੈ।

ਹੱਥਲੀ ਪੁਸਤਕ ਵਿਚ ਪ੍ਰਕਾਸ਼ਿਤ ਕੀਤੇ ਗਏ ਸਾਰੇ ਨਿਬੰਧ ਅਖ਼ਬਾਰਾਂ ਰਸਾਲਿਆਂ ਵਿਚ ਛਪ ਚੁੱਕੇ ਹਨ। ਕੁਝ ਲੇਖ ਕਰੋਨਾ ਕਾਲ ਨਾਲ ਵੀ ਸਬੰਧਤ ਹਨ ਜਿਸ ਕਾਰਨ ਕੁੱਝ ਤੱਥਾਂ ਦਾ ਸਹੀ ਮਿਲਾਨ ਨਹੀਂ ਹੁੰਦਾ। ਨੈਤਿਕ ਕਦਰਾਂ-ਕੀਮਤਾਂ ਨਾਲ ਸਬੰਧਤ ਕੁੱਝ ਲੇਖਾਂ ਵਿਚ ਵਿਚਾਰਾਂ ਦਾ ਦੁਹਰਾਅ ਅੱਖਰਦਾ ਹੈ। ਇਸ ਸਭ ਕਾਸੇ ਦੇ ਬਾਵਜੂਦ ਇਹ ਇਕ ਕੀਮਤੀ ਪੁਸਤਕ ਹੈ। ਜਿਸ ਰਾਹੀਂ ਨਵੀਂ ਪਨੀਰੀ ਨੂੰ ਪ੍ਰੇਰਨਾ ਮਿਲਦੀ ਹੈ। ਇਸਦੇ ਪਾਠਕ ਜੀਵਨ ਵਿਚ ਸਫ਼ਲਤਾ ਦੀਆਂ ਰਾਹਾਂ ਦੇ ਪਾਂਧੀ ਬਣਨ ਦੇ ਸਮਰੱਥ ਹੋ ਸਕਦੇ ਹਨ।ਜਦੋਂ ਇਹ ਪੁਸਤਕ ਹਰ ਸਕੂਲ ਵਿਚ ਉਪਲੱਬਧ ਹੋਵੇਗੀ ਫਿਰ ਇਸਦੀ ਸ਼ਾਰਥਕਤਾ ਵਿਚ ਵਾਧਾ ਹੋਵੇਗਾ।

# 31 ਮਈ ਲਈ ਵਿਸ਼ਵ ਤੰਬਾਕੂ ਰਹਿਤ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਵਿਸ਼ਵ ਸਿਹਤ ਸੰਸਥਾ ਵੱਲੋਂ ਹਰ ਸਾਲ 31 ਮਈ ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਤੰਬਾਕੂ ਦੀ ਵਰਤੋਂ ਦੇ ਵਿਆਪਕ ਪ੍ਰਸਾਰ ਅਤੇ ਇਸਦੇ ਸਿਹਤ ਤੇ ਪੈਣ ਵਾਲੇ ਨਾਕਾਰਾਤਮਕ ਪ੍ਰਭਾਵਾਂ ਵੱਲ ਆਮ ਲੋਕਾਂ ਦਾ ਧਿਆਨ ਆਕਰਸ਼ਿਤ ਕਰਨਾ ਹੈ ਜਿਸ ਕਾਰਨ ਮੋਜੂਦਾ ਸਮੇਂ ਦੁਨੀਆਂ ਵਿੱਚ ਹਰ ਸਾਲ ਲੱਗਭੱਗ 70 ਲੱਖ ਤੋਂ ਵੱਧ ਮੌਤਾਂ ਹੁੰਦੀਆਂ ਹਨ ਅਤੇ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਵਿੱਚ ਲੱਗਭੱਗ 890000 ਵਿਅਕਤੀ ਗੈਰ ਸਿਗਰਟਨੋਸ਼ੀ ਵਾਲੇ ਹਨ। ਤੰਬਾਕੂ ਦੀ ਵਰਤੋਂ ਵਿਸ਼ਵ ਪੱਧਰ ਤੇ ਜਨਤਕ ਸਿਹਤ ਲਈ ਇੱਕ ਵੱਡਾ ਖਤਰਾ ਹੈ। ਧੂੰਆਂ ਰਹਿਤ ਤੰਬਾਕੂ ਵਰਤਣ ਵਾਲੇ ਸਭ ਤੋਂ ਪਹਿਲਾਂ ਘਾਤਕ ਬਿਮਾਰੀਆਂ ਅਤੇ ਜਲਦੀ ਮੌਤ ਦਾ ਸ਼ਿਕਾਰ ਹੁੰਦੇ ਹਨ, ਦੂਜਾ ਉਪਭੋਗਤਾਵਾਂ ਵਿੱਚ ਜਨਤਕ ਥਾਵਾਂ ਤੇ ਥੁੱਕਣ ਦੀ ਪ੍ਰਵਿਰਤੀ ਹੁੰਦੀ ਹੈ, ਅਤੇ, ਇਸਲਈ, ਇਹ ਖਾਸ ਤੌਰ ਤੇ ਕੋਵਿਡ-19 ਵਰਗੀਆਂ ਛੂਤ ਅਤੇ ਛੂਤ ਦੀਆਂ ਬਿਮਾਰੀਆਂ ਫੈਲਾ ਕੇ ਸਿਹਤ ਦੇ ਜੋਖਮਾਂ ਨੂੰ ਵਧਾਉਂਦਾ ਹੈ। ਜੇਕਰ ਤੰਬਾਕੂ ਦੀ ਵਰਤੋਂ ਦਾ ਪਿਛੋਕੜ ਵੇਖੀਏ ਤਾਂ ਮੁਗਲਕਾਲ ਦੇ ਸਮੇਂ 17ਵੀਂ ਸਦੀ ਵਿੱਚ ਪੱਛਮ ਤੋਂ ਆਏ ਤੰਬਾਕੂ ਨੇ ਭਾਰਤੀਆ ਨੂੰ ਅਜਿਹਾ ਜਕੜਿਆ ਕਿ ਅੱਜ ਬਹੁਤੀ ਆਬਾਦੀ ਕਿਸੇ ਨਾਂ ਕਿਸੇ ਰੂਪ ਵਿੱਚ ਤੰਬਾਕੂ ਦਾ ਸੇਵਨ ਕਰਦੀ ਹੈ। ਤੰਬਾਕੂ ਵਿੱਚ ਲਗਭੱਗ 4000 ਹਜ਼ਾਰ ਤੋਂ ਵੱਧ ਨਿਕੋਟੀਨ, ਅਮੋਨੀਆਂ, ਆਰਸੈਨਿਕ, ਕਾਰਬਨ ਮੋਨੋਆਕਸਾਈਡ, ਹਾਈਡਰੋਜਨ ਸਾਈਆਨਾਈਡ, ਨੈਪਥਾਲੀਨ, ਤਾਰਕੋਲ, ਰੇਡੀਓਐਕਟਿਵ ਤੱਤ ਆਦਿ ਜ਼ਹਿਰੀਲੇ ਤੱਤ ਹਨ ਜੋ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ। ਤੰਬਾਕੂ ਕਈ ਕਿਸਮਾਂ ਖੈਣੀ, ਜ਼ਰਦਾ, ਗੁਟਕਾ, ਪਾਨ ਮਸਾਲਾ, ਸਿਗਰਟ ਅਤੇ ਬੀੜੀ ਆਦਿ ਦੇ ਰੂਪ ਵਿੱਚ ਮਿਲਦਾ ਹੈ। ਸਿਗਰਟ ਜਾਂ ਬੀੜੀ ਪੀਣ ਵਾਲੇ ਲੋਕਾਂ ਵੱਲੋਂ ਛੱਡੇ ਗਏ ਧੂਏ ਦਾ ਜੋ ਕਿ ਸਿਗਰਟ ਜਾਂ ਬੀੜੀ ਨਹੀਂ ਪੀਂਦੇ ਉਹਨਾਂ ਦੀ ਸਿਹਤ ਤੇ ਵੀ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਕੈਂਸਰ ਦੀਆਂ ਵੱਖ-ਵੱਖ ਕਿਸਮਾਂ ਵਿਚੋਂ ਬਹੁਤੀਆਂ ਦਾ ਕਾਰਨ ਤੰਬਾਕੂ ਹੀ ਹੈ। ਹਰ ਸਾਲ ਕਰੀਬ 3,00,000 ਲੋਕ ਤੰਬਾਕੂ ਕਾਰਨ ਇਹ ਅਲਾਮਤ ਸਹੇੜਦੇ ਹਨ ਜਦ ਕਿ ਛਾਤੀ ਦੇ ਕੈਂਸਰ ਦੇ ਕਰੀਬ 80,000 ਕੇਸ ਪ੍ਰਤੀ ਸਾਲ ਮਿਲ ਰਹੇ ਹਨ ਤੇ ਬੱਚੇਦਾਨੀ ਨਾਲ ਸਬੰਧਤ ਅਤੇ ਹੋਰ ਕਿਸਮਾਂ ਦੇ ਕੈਂਸਰ ਦੇ ਕਰੀਬ 1,00,000 ਕੇਸ ਸਾਲਾਨਾ ਹਨ। ਤੰਬਾਕੂ ਨਾਲ ਭਾਰਤ ਵਿੱਚ ਰੋਜ਼ਾਨਾ ਲੱਗਭੱਗ 3500 ਲੋਕਾਂ ਦੀ ਮੌਤ ਹੁੰਦੀ ਹੈ ਅਤੇ ਤੰਬਾਕੂ ਦੀ ਵਰਤੋਂ ਕਾਰਨ ਭਾਰਤ ਵਿੱਚ ਸਿਰ, ਗਲਾ ਅਤੇ ਫੇਫੜਿਆਂ ਦੇ ਸਭ ਤੋਂ ਵੱਧ ਕੈਂਸਰ ਕੇਸ ਹੁੰਦੇ ਹਨ। ਕੈਂਸਰ ਦੇ ਸਮੁੱਚੇ ਕੇਸਾਂ ਵਿੱਚੋਂ 40 ਫਿਸਦੀ ਤੰਬਾਕੂ ਕਾਰਨ ਹੁੰਦੇ ਹਨ। ਤੰਬਾਕੂ ਪੀਣ ਵਾਲੇ 89 ਫਿਸਦੀ ਵਿਅਕਤੀ 18 ਸਾਲ ਦੀ ਉਮਰ ਤੱਕ ਇਸ ਦੇ ਆਦੀ ਹੋ ਜਾਂਦੇ ਹਨ। ਤੰਬਾਕੂ ਪੀਣ ਵਾਲੇ 50 ਫਿਸਦੀ ਤੋਂ ਵੱਧ ਨੌਜੁਆਨ ਤੰਬਾਕੂ ਕਾਰਲ ਹੋਣ ਵਾਲੀਆਂ ਬੀਮਾਰੀਆਂ ਕਾਰਨ ਮਰਦੇ ਹਨ। ਤੰਬਾਕੂ ਦੀ ਵਰਤੋਂ ਨਾ ਕਰਨ ਵਾਲੇ ਦੇ ਮੁਕਾਬਲੇ ਵਰਤੋਂ ਕਰਨ ਵਾਲੇ ਦੀ ਜ਼ਿੰਦਗੀ 22 ਤੋਂ 26 ਸਾਲ ਤੱਕ ਘੱਟ ਜਾਂਦੀ ਹੈ। ਤੰਬਾਕੂ ਦੀ ਵਰਤੋਂ ਮੂੰਹ, ਗਲਾ, ਫੇਫੜਿਆਂ, ਘੰਡੀ ਭੋਜਨ-ਨਲੀ, ਪਿਸ਼ਾਬ ਦਾ ਬਲੈਡਰ, ਗੁਰਦਾ ਅਤੇ ਗਰਦਨ ਆਦਿ ਦੇ ਕੈਂਸਰ ਦਾ ਕਾਰਨ ਬਣਦੀ ਹੈ। ਤੰਬਾਕੂ ਕਾਰਨ ਸਾਹ ਨਲੀ ਦੀ ਸੋਜ ਅਤੇ ਪੇਟ ਗੈਸ ਹੁੰਦੀ ਹੈ ਜਿਸ ਨਾਲ ਸਾਹ ਲੈਣ ਵਿੱਚ ਰੁਕਾਵਟ ਪੈਦਾ ਹੁੰਦੀ ਹੈ। ਤੰਬਾਕੂ ਨਾਲ ਦਿਲ ਅਤੇ ਖ਼ੂਨ ਦੀਆਂ ਬੀਮਾਰੀਆਂ ਵਿੱਚ ਵਾਧਾ ਹੁੰਦਾ ਹੈ। ਤੰਬਾਕੂ ਕਾਰਨ ਹੋਣ ਵਾਲੀਆਂ ਜ਼ਿਆਦਾ ਮੌਤਾਂ ਦਿਲ ਦੇ ਦੌਰੇ ਨਾਲ ਹੁੰਦੀਆਂ ਹਨ। ਤੰਬਾਕੂ ਪੀਣ ਵਾਲੇ ਦੇ ਧੂੰਏ ਤੋ ਦੂਜੇ ਲੋਕਾਂ ਨੂੰ ਫੇਫੜਿਆਂ ਅਤੇ ਨੱਕ ਦੀ ਸਾਹ ਨਲੀ ਦਾ ਕੈਂਸਰ, ਦਿਲ ਦਾ ਦੋਰਾ, ਅੱਖਾਂ-ਨੱਕ ਤੇ ਗਲੇ ਵਿੱਚ ਜਲਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਤੰਬਾਕੂ ਦਾ ਧੂੰਆਂ ਬੱਚਿਆਂ ਲਈ ਬਹੁਤ ਹਾਨੀਕਾਰਕ ਹੈ। ਇਸ ਨਾਲ ਨਮੋਨੀਆ ਅਤੇ ਸਾਹ ਦੀ ਨਲੀ ਦੀ ਸੋਜ, ਦਮਾ, ਫੇਫੜਿਆਂ ਦੇ ਵਿਕਾਸ ਵਿੱਚ ਕਮੀ, ਜਨਮ ਵੇਲੇ ਬੱਚਿਆਂ ਦੇ ਵਜ਼ਨ ਦੀ ਕਮੀ, ਅਚਾਨਕ ਮੌਤ ਅਤੇ ਕਈ ਹੋਰ ਪੇਚੀਦਗੀਆ ਪੈਦਾ ਹੋ ਸਕਦੀਆਂ ਹਨ। ਹਰੇਕ ਪੀਤੀ ਗਈ ਸਿਗਰਟ ਜ਼ਿੰਦਗੀ ਦੇ 4 ਮਿੰਟ ਘਟਾ ਦਿੰਦੀ ਹੈ। ਇਸ ਗੰਭੀਰ ਸਮੱਸਿਆ ਨੂੰ ਵੇਖਦੇ ਹੋਏ ਵਿਸ਼ਵ ਸਿਹਤ ਸਗੰਠਨ ਦੀ ਅਸੈਂਬਲੀ ਨੇ ਮਤਾ ਨੰਬਰ 40.38 ਪਾਸ ਕੀਤਾ ਜਿਸ ਵਿੱਚ 07 ਅਪ੍ਰੈਲ 1988 ਨੂੰ ਸਿਗਰਟਨੋਸ਼ੀ ਨਾਂ ਕਰਨ ਵਾਲਾ ਇੱਕ ਸੰਸਾਰ ਕਿਹਾ ਗਿਆ। ਇਸ ਦਿਨ ਦਾ ਉਦੇਸ਼ ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਨੂੰ 24 ਘੰਟੇ ਲਈ ਤੰਬਾਕੂ ਉਤਪਾਦਨਾ ਦੀ ਵਰਤੋਂ ਕਰਨ ਤੋਂ ਰੋਕਣ ਦੀ ਅਪੀਲ ਕਰਨਾ ਸੀ। 1988 ਵਿੱਚ ਵਿਸ਼ਵ ਸਿਹਤ ਅਸੈਂਬਲੀ ਵਲੋਂ ਮਤਾ ਨੰਬਰ 42.19 ਪਾਸ ਕੀਤਾ ਗਿਆ ਅਤੇ ਹਰ ਸਾਲ 31 ਮਈ ਦਾ ਦਿਹਾੜਾ ਵਿਸ਼ਵ ਤੰਬਾਕੂ ਰਹਿਤ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਸਾਲ ਵਿਸ਼ਵ ਭਰ ਦੇ




ਜਨਤਕ ਸਿਹਤ ਚੈਂਪੀਅਨ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਉਣ ਲਈ ਇਕੱਠੇ ਹੋਣਗੇ। ਇਸ ਸਾਲ ਦਾ ਮੁੱਖ ਥੀਮ "ਸਾਨੂੰ ਭੋਜਨ ਦੀ ਜਰੂਰਤ ਹੈ ਤੰਬਾਕੂ ਦੀ ਨਹੀਂ।" ਇਸ ਮੁਹਿੰਮ ਦਾ ਉਦੇਸ਼ ਕਿਸਾਨਾਂ ਲਈ ਵਿਕਲਪਕ ਫਸਲਾਂ ਦੇ ਉਤਪਾਦਨ ਅਤੇ ਮੰਡੀਕਰਨ ਦੇ ਮੌਕਿਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਉਹਨਾਂ ਨੂੰ ਟਿਕਾਊ, ਪੌਸ਼ਟਿਕ ਫਸਲਾਂ ਉਗਾਉਣ ਲਈ ਉਤਸ਼ਾਹਿਤ ਕਰਨਾ ਹੈ ਜਿਸ ਨਾਲ ਵਿਸ਼ਵਵਿਆਪੀ ਭੋਜਨ ਸੰਕਟ ਵਿੱਚ ਯੋਗਦਾਨ ਪਾਇਆ ਜਾਵੇਗਾ। ਦੁਨੀਆ ਭਰ ਵਿੱਚ ਹਰ ਸਾਲ ਲਗਭਗ 3.5 ਮਿਲੀਅਨ ਹੈਕਟੇਅਰ ਜ਼ਮੀਨ ਤੰਬਾਕੂ ਉਗਾਉਣ ਲਈ ਬਦਲੀ ਜਾਂਦੀ ਹੈ। ਵਧ ਰਹੀ ਤੰਬਾਕੂ ਦੀ ਮੰਗ ਦੀ ਪੂਰਤੀ ਲਈ ਹਰ ਸਾਲ ਲੱਗਭੱਗ 200000 ਹੈਕਟੇਅਰ ਜੰਗਲਾਂ ਦੀ ਕਟਾਈ ਕਰਨੀ ਪੈਂਦੀ ਹੈ। ਤੰਬਾਕੂ ਉਗਾਉਣ ਲਈ ਕੀਟਨਾਸ਼ਕਾਂ ਅਤੇ ਖਾਦਾਂ ਦੀ ਵਰਤੋਂ ਦੀ ਲੋੜ ਹੁੰਦੀ ਹੈ ਜੋ ਧਰਤੀ ਨੂੰ ਵੀ ਨੁਕਸਾਨ ਪਹੁੰਚਾਂਦੇ ਹਨ। ਤੰਬਾਕੂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਘਟਾਉਂਦਾ ਹੈ ਅਤੇ ਤੰਬਾਕੂ ਦੇ ਖੇਤਾਂ ਵਿੱਚ ਮਾਰੂਥਲੀਕਰਨ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਤੰਬਾਕੂ ਦੇ 10 ਸਭ ਤੋਂ ਵੱਡੇ ਕਾਸ਼ਤਕਾਰਾਂ ਵਿੱਚੋਂ 9 ਘੱਟ ਅਤੇ ਮੱਧ-ਆਮਦਨ ਵਾਲੇ ਦੇਸ਼ ਹਨ ਅਤੇ ਇਹਨਾਂ ਵਿੱਚੋਂ 4 ਨੂੰ ਘੱਟ ਆਮਦਨੀ ਵਾਲੇ ਭੋਜਨ-ਘਾਟੇ ਵਾਲੇ ਦੇਸ਼ਾਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ।

ਇਨ੍ਹਾਂ ਮਾਰੂ ਪ੍ਰਭਾਵਾਂ ਨੂੰ ਵੇਖਦਿਆਂ ਹੀ ਭਾਰਤ ਸਰਕਾਰ ਨੇ 2003 ਵਿੱਚ ਤੰਬਾਕੂ ਕੰਟਰੋਲ ਐਕਟ ਲਾਗੂ ਕੀਤਾ ਹੈ ਜਿਸ ਅਨੁਸਾਰ ਤੰਬਾਕੂ ਅਤੇ ਤੰਬਾਕੂ ਉਤਪਾਦਾਂ ਦੇ ਵਿਉਪਾਰ, ਪ੍ਰਚਾਰ ਆਦਿ ਤੇ ਨਿਯੰਤਰਣ ਕੀਤਾ ਗਿਆ ਹੈ। ਇਸ ਐਕਟ ਵਿੱਚ ਸਮੇਂ-ਸਮੇਂ ਤੇ ਸੋਧ ਕੀਤੀ ਜਾਂਦੀ ਰਹੀ ਹੈ। ਇਸ ਐਕਟ ਅਨੁਸਾਰ ਕਿਸੇ ਵੀ ਤੰਬਾਕੂ ਉਤਪਾਦਨ ਦਾ ਪ੍ਰਚਾਰ ਨਹੀਂ ਕੀਤਾ ਜਾਵੇਗਾ। ਵਿਦਿਅਕ ਅਦਾਰਿਆਂ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦਨ ਨਹੀਂ ਵੇਚੇ ਜਾ ਸਕਦੇ ਹਨ, ਨਾਬਾਲਗ ਬੱਚਿਆਂ ਨੂੰ ਤੰਬਾਕੂ ਉਤਪਾਦਨ ਵੇਚਣਾ ਕਾਨੂੰਨਨ ਜੁਰਮ ਕਰਾਰ ਦਿਤਾ ਗਿਆ ਹੈ, ਤੰਬਾਕੂ ਉਤਪਾਦਨਾ ਸਬੰਧੀ ਸੱਖਤ ਨਿਯਮ ਬਣਾਏ ਗਏ ਹਨ। ਭਾਰਤ ਸਰਕਾਰ ਨੇ 11ਵੀਂ ਪੰਜ ਸਾਲਾ ਯੋਜਨਾ ਦੌਰਾਨ ਸਾਲ 2007-08 ਵਿੱਚ ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਜਿਸ ਦਾ ਉਦੇਸ਼ ਤੰਬਾਕੂ ਦੇ ਸੇਵਨ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ, ਤੰਬਾਕੂ ਉਤਪਾਦਨ ਨੂੰ ਘਟਾਉਣਾ ਹੈ। ਅਤੇ ਤੰਬਾਕੂ ਉਤਪਾਦਾਂ ਦੀ ਸਪਲਾਈ, ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦ (ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਵੰਡ) ਐਕਟ, 2003÷ ਦੇ ਤਹਿਤ ਉਪਬੰਧਾਂ ਦੇ ਪ੍ਰਭਾਵੀ ਅਮਲ ਨੂੰ ਯਕੀਨੀ ਬਣਾਉਣਾ। ਤੰਬਾਕੂ ਦੀ ਵਰਤੋਂ ਛੱਡਣ ਵਿੱਚ ਲੋਕਾਂ ਦੀ ਮਦਦ ਕਰਨਾ, ਅਤੇ ਤੰਬਾਕੂ ਕੰਟਰੋਲ ਦੇ ਵਿਸ਼ਵ ਸਿਹਤ ਸੰਸਥਾ ਫਰੇਮਵਰਕ ਕਨਵੈਨਸ਼ਨ ਦੁਆਰਾ ਵਕਾਲਤ ਕੀਤੇ ਤੰਬਾਕੂ ਦੀ ਰੋਕਥਾਮ ਅਤੇ ਨਿਯੰਤਰਣ ਲਈ ਰਣਨੀਤੀਆਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਨਾ। 02 ਅਕਤੂਬਰ 2008 ਤੋਂ ਜਨਤਕ ਸਥਾਨਾਂ ਤੇ ਸਿਗਰਟਨੋਸ਼ੀ ਤੇ ਮੁਕੰਮਲ ਪਬੰਦੀ ਲਗਾਈ ਗਈ ਹੈ ਅਤੇ ਅਜਿਹਾ ਕਰਨ ਵਾਲ਼ਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਵਲੋਂ ਤੰਬਾਕੂ ਦੀ ਵਰਤੋਂ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਰਾਸ਼ਟਰ ਪੱਧਰ ਤੇ ਤੰਬਾਕੂ ਕੰਟਰੋਲ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਵਰਤਮਾਨ ਵਿੱਚ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਲਗਭਗ 612 ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਜਾ ਰਿਹਾ ਹੈ। 2009-10 ਤੋਂ 2016-17 ਦੀ ਮਿਆਦ ਦੌਰਾਨ ਤੰਬਾਕੂ ਦੀ ਵਰਤੋਂ ਦਾ ਪ੍ਰਚਲਣ 34.6ਗ ਤੋਂ 6 ਪ੍ਰਤੀਸ਼ਤ ਅੰਕ ਘਟ ਕੇ 28.6ਗ ਹੋ ਗਿਆ ਹੈ। ਤੰਬਾਕੂ ਉਤਪਾਦ ਦੇ ਪੈਕ ਦੇ ਮੁੱਖ ਡਿਸਪਲੇ ਖੇਤਰ ਦੇ ਦੋਵੇਂ ਪਾਸੇ 85ਗ ਨੂੰ ਕਵਰ ਕਰਨ ਵਾਲੇ ਤੰਬਾਕੂ ਉਤਪਾਦਾਂ ਤੇ ਵੱਡੀਆਂ ਵਿਸ਼ੇਸ਼ ਸਿਹਤ ਚੇਤਾਵਨੀਆਂ ਅਤੇ ਤੰਬਾਕੂ ਉਪਭੋਗਤਾਵਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਸਿਹਤ ਚੇਤਾਵਨੀਆਂ ਵਿੱਚ ਹੈਲਪਲਾਇਨ ਨੰਬਰ 1800112356 ਸ਼ਾਮਲ ਕਰਨਾ, ਅਤੇ ਉਹਨਾਂ ਨੂੰ ਸਲਾਹ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨਾ ਹੈ। ਰਾਸ਼ਟਰੀ ਤੰਬਾਕੂ ਟੈਸਟਿੰਗ ਲੈਬਾਰਟਰੀਆਂ ਦੀ ਸਥਾਪਨਾ ਕੀਤੀ ਗਈ ਹੈ। ਪੰਜਾਬ ਵਿੱਚ ਸਰਕਾਰ ਵਲੋਂ ਰਾਜ ਪੱਧਰ ਅਤੇ ਜਿਲ੍ਹਾ ਪੱਧਰ ਤੇ ਤੰਬਾਕੂ ਕੰਟਰੋਲ ਸੈਲ ਬਣਾਏ ਗਏ ਹਨ। ਇਸ ਸਬੰਧੀ ਇੱਕ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿਹਤ ਵਿਭਾਗ, ਵਿੱਤ ਵਿਭਾਗ, ਲੇਬਰ ਵਿਭਾਗ, ਕਾਮਰਸ, ਗ੍ਰਹਿ ਵਿਭਾਗ, ਪਬਲਿਕ ਰਿਲੇਸ਼ਨ ਵਿਭਾਗ, ਸਿਖਿਆ ਵਿਭਾਗ, ਕਾਨੂੰਨ ਅਤੇ ਖੇਤੀਬਾੜੀ ਵਿਭਾਗ ਤੋਂ ਇਲਾਵਾ ਗੈਰ ਸਰਕਾਰੀ ਸੰਸਥਾਵਾਂ ਦੇ ਨੁੰਮਾਇਦੇ ਨੌਜਵਾਨ ਆਦਿ ਸ਼ਾਮਿਲ ਕੀਤੇ ਗਏ ਹਨ। ਇਸ ਐਕਟ ਦੀ ਉਲੰਘਣਾ ਕਰਕੇ ਵਪਾਰ ਕਰਨ ਅਤੇ ਉਤਪਾਦਨ ਵੇਚਣ ਵਾਲੇ ਵਿਅਕਤੀ ਨੂੰ ਪਹਿਲੀ ਵਾਰ 2 ਸਾਲ ਤੱਕ ਦੀ ਸਜਾ ਅਤੇ 1000/- ਰੁਪਏ ਜੁਰਮਾਨਾ ਹੋ ਸਕਦਾ ਹੈ ਅਤੇ ਦੁਬਾਰਾ ਪਕੜੇ ਜਾਣ ਤੇ 5 ਸਾਲ ਤੱਕ ਦੀ ਕੈਦ ਅਤੇ 5000/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਕਾਨੂੰਨ ਅਨੁਸਾਰ ਜਨਤਕ ਥਾਵਾਂ ਤੇ ਸਿਗਰਟਨੋਸ਼ੀ ਕਰਨ ਵਾਲੇ ਵਿਅਕਤੀ ਨੂੰ 200/- ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਐਕਟ ਅਨੁਸਾਰ ਪੰਜਾਬ ਸਰਕਾਰ ਨੇ ਕਾਰਵਾਈ ਕਰਦੇ ਹੋਏ ਨੋਟੀਫਿਕੇਸ਼ਨ ਨੰਬਰ 21/51/95-5 ਐਚ ਬੀ ਵੀ /1022 ਮਿਤੀ 24 ਮਈ 2010 ਨੂੰ ਪੰਜਾਬ ਦੇ ਰਾਜਪਾਲ ਵਲੋਂ ਜਾਰੀ ਕੀਤੀ ਗਈ ਹੈ ਜਿਸ ਅਨੁਸਾਰ ਇਸ ਐਕਟ ਅਧੀਨ ਲੱਗਭੱਗ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਕਾਰਵਾਈ ਕਰਨ ਦੇ ਅਧਿਕਾਰ ਦਿਤੇ ਹਨ। ਇਸ ਅਨੁਸਾਰ ਰਾਜ ਦੇ ਸਮੂਹ ਡਿਪਟੀ ਕਮਿਸਨਰਾਂ ਅਤੇ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਕਿਸੇ ਵਿਦਿਅਕ ਅਦਾਰੇ ਦੇ 100 ਗਜ਼ ਘੇਰੇ ਵਿੱਚ ਆਂਦੇ ਤੰਬਾਕੂ ਉਤਪਾਦਨ ਵੇਚਣ ਵਾ਼ਲੀਆਂ ਦੁਕਾਨਾ ਹਟਾ ਦਿੱਤੀਆਂ ਗਈਆਂ ਹਨ ਅਤੇ ਉਹ ਤੰਬਾਕੂ ਉਤਪਾਦਾਂ ਦੀ ਵਿਕਰੀ ਸਬੰਧੀ ਮਨਾਹੀ ਬੋਰਡ ਲਗਾਉਣੇ ਯਕੀਨੀ ਬਣਾਉਣ। ਇਸ ਸਬੰਧੀ ਹੋਰ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਦੇ ਫੂਡ ਸੇਫਟੀ ਕਮਿਸ਼ਨਰ ਕਮ ਸਕੱਤਰ ਨੇ ਪੱਤਰ ਨੰਬਰ 11/10/12-3 ਐਚ ਬੀ 4/2524 ਮਿਤੀ 05.09.2012 ਰਾਹੀਂ ਨੋਟੀਫਿਕੇਸ਼ਨ ਜਾਰੀ ਕਰਕੇ ਤੰਬਾਕੂ, ਪਾਨ ਮਸਾਲਾ ਅਤੇ ਨਿਕੋਟੀਨ ਯੁਕਤ ਪਦਾਰਥਾਂ ਦੇ ਉਤਪਾਦਨ, ਸਟੋਰ ਕਰਨ ਅਤੇ ਵਿਕਰੀ ਕਰਨ ਤੇ ਪਾਬੰਦੀ ਲਗਾ ਦਿੱਤੀ ਹੈ। ਪੰਜਾਬ ਵਿੱਚ 12ਗ ਆਬਾਦੀ ਭਾਵ ਲੱਗਭੱਗ 33 ਲੱਖ ਲੋਕ ਤੰਬਾਕੂ ਦਾ ਸੇਵਨ ਕਰਦੇ ਹਨ। ਪੰਜਾਬ ਨੂੰ ਤੰਬਾਕੂ ਮੁਕਤ ਰਾਜ ਬਣਾਉਣ ਦੀ ਮੁਹਿੰਮ ਅਧੀਨ 31 ਮਈ 2011 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਪੰਜਾਬ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਸੀ ਅਤੇ ਮਿਤੀ 6 ਜੁਲਾਈ 2011 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੂੰ ਸਮੋਕ ਫਰੀ ਬਣਾਉਣ ਲਈ ਮੁਹਿੰਮ ਚਲਾਈ ਗਈ ਅਤੇ 23 ਫਰਵਰੀ 2012 ਨੂੰ ਰਾਜ ਦਾ ਪਹਿਲਾਂ ਮਾਡਲ ਸਮੋਕ ਫਰੀ ਜ਼ਿਲ੍ਹਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਹੁਣ ਸਾਰੇ ਜਿਲ੍ਹੇ ਤੰਬਾਕੂ ਮੁੱਕਤ ਘੋਸ਼ਿਤ ਕੀਤੇ ਗਏ ਹਨ। ਪੰਜਾਬ ਵਿੱਚ ਐਂਟੀ ਤੰਬਾਕੂ ਟਾਸਕ ਫੋਰਸ ਬਣਾਈ ਗਈ ਹੈ ਜੋ ਕਿ ਸਰਵਜਨਕ ਸਥਾਨਾਂ ਤੇ ਸਿਗਰਟਨੋਸ਼ੀ ਕਰਨ ਵਾਲਿਆਂ ਦੇ ਚਲਾਨ ਕੱਟਦੀ ਹੈ। ਪੰਜਾਬ ਵਿੱਚ ਵਿੱਚ ਹਰ ਸਾਲ ਇਸ ਐਕਟ ਦੀ ਉਲੰਘਣਾ ਸਬੰਧੀ ਹਜਾਰਾਂ ਚਲਾਨ ਜਾਂਦੇ ਹਨ। ਪੰਜਾਬ ਸਰਕਾਰ ਵਲੋਂ ਸੂਬੇ ਦੇ ਸੈਕੜ੍ਹੇ ਪਿੰਡਾਂ ਨੂੰ ਤੰਬਾਕੂ ਮੁੱਕਤ ਘੋਸ਼ਿਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਇਸ ਸਬੰਧੀ ਕੀਤੇ ਗਏ ਕੰਮਾਂ ਕਾਰਨ ਹੀ ਵਿਸ਼ਵ ਸਿਹਤ ਸੰਗਠਨ ਵਲੋਂ 2015 ਵਿੱਚ ਵਿਸ਼ੇਸ ਤੋਰ ਤੇ ਸਨਮਾਨਿਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਸੂੱਬਾ ਪੱਧਰ ਤੇ 01 ਨਵੰਬਰ ਦਾ ਦਿਹਾੜਾ ਪੰਜਾਬ ਰਾਜ ਨੋ ਤੰਬਾਕੂ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਾਰੇ ਜ਼ਿਲ੍ਹਿਆਂ ਵਿੱਚ ਤੰਬਾਕੂ ਮੁਕਤੀ ਕੇਂਦਰ ਸਥਾਪਿਤ ਕੀਤੇ ਗਏ ਹਨ। ਬੇਸ਼ੱਕ ਕੇਂਦਰ ਅਤੇ ਰਾਜ ਸਰਕਾਰਾਂ ਨੇ ਦਫ਼ਤਰਾਂ, ਬੱਸਾਂ ਅਤੇ ਹੋਰ ਸਰਵਜਨਕ ਥਾਵਾਂ ਤੇ ਸਿਗਰਟ, ਬੀੜੀ ਪੀਣ ਉੱਤੇ ਪਾਬੰਦੀ ਲਗਾਈ ਹੈ ਪਰ ਇਸ ਉਤੇ ਬਹੁਤ ਘੱਟ ਅਮਲ ਹੋ ਰਿਹਾ ਹੈ। ਤੰਬਾਕੂ ਦੀ ਵਰਤੋਂ ਕਾਰਨ ਹੋ ਰਹੇ ਨੁਕਸਾਨਾਂ ਨੂੰ ਵੇਖਦੇ ਹੋਏ ਸਰਕਾਰ ਨੂੰ ਇਸਦੀ ਵਰਤੋਂ ਤੇ ਮੁਕੰਮਲ ਪਾਬੰਦੀ ਲਈ ਪ੍ਰਭਾਵਸ਼ਾਲੀ ਕਦਮ ਚੁੱਕਣੇ ਚਾਹੀਦੇ ਹਨ।

# ਸਾਹਿਤਕਾਰ ਬਲਵਿੰਦਰ ਬਾਲਮ ਦਾ ਸਨਮਾਨ




**ਜਲੰਧਰ-** ਪੰਜਾਬੀ ਲਿਖਾਰੀ ਸਭਾ (ਰਜਿ) ਜਲੰਧਰ ਦਾ ਮਹੀਨਾਵਾਰੀ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਉਘੇ ਪੱਤਰਕਾਰ ਅਤੇ ਸਾਹਿਤਕਾਰ ਸ੍ਰ ਬਲਵਿੰਦਰ ਸਿੰਘ ਬਾਲਮ ਗੁਰਦਾਸਪੁਰ ਅਤੇ ਉਘੇ ਗਾਇਕ ਅਤੇ ਸਾਹਿਤਕਾਰ ਸ੍ਰ ਗੁਰਦੀਪ ਸਿੰਘ ਉਜਾਲਾ ਦੋ ਉੱਘੀਆਂ ਸ਼ਖ਼ਸੀਅਤਾਂ ਨੂੰ ਮਾਂ ਬੋਲੀ ਦਾ ਮਾਣ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਕਵੀ ਦਰਬਾਰ ਕਰਾਇਆ ਗਿਆ ਜਿਸ ਵਿਚ ਉੱਘੇ ਕਵੀਆਂ ਨੇ ਆਪਣੀਆਂ ਉਮਦਾ ਰਚਨਾਵਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ। ਇਹਨਾਂ ਕਵੀਆਂ ਤੋਂ ਇਲਾਵਾ ਸ੍ਰ ਬਾਲਮ ਨੇ ਆਪਣੀਆਂ ਪੰਜਾਬੀ, ਅਤੇ ਹਿੰਦੀ ਵਿੱਚ ਲਿਖੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਪੜ ਕੇ ਸ਼ਰੋਤਿਆਂ ਨੂੰ ਸਰਸ਼ਾਰ ਕੀਤਾ। ਸਭਾ ਦੇ ਚੇਅਰਮੈਨ ਪ੍ਰੋ ਦਲਬੀਰ ਸਿੰਘ ਰਿਆੜ ਨੇ ਦੋਹਾਂ ਸਨਮਾਨਿਤ ਸ਼ਖ਼ਸੀਅਤਾਂ ਵਲੋਂ ਮਾਂ ਬੋਲੀ ਪੰਜਾਬੀ ਅਤੇ ਸਮਾਜ ਲਈ ਦਿੱਤੀਆਂ ਜਾ ਰਹੀਆਂ ਸੇਵਾਵਾਂ 'ਤੇ ਚਾਨਣਾਂ ਪਾਇਆ ਅਤੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ।ਸਟੇਜ ਸਕੱਤਰ ਦੀ ਸੇਵਾ ਮਾਸਟਰ ਮਹਿੰਦਰ ਸਿੰਘ ਅਨੇਜਾ ਨੇ ਬਾਖ਼ੂਬੀ ਨਿਭਾਈ। ਪ੍ਰੋਗਰਾਮ ਵਿੱਚ ਹਰਵਿੰਦਰ ਸਿੰਘ ਅਲਵਾਧੀ,ਐਸ ਐਸ ਸੰਧੂ, ਮਾਸਟਰ ਮਹਿ-ਦਰ ਸਿੰਘ ਅਨੇਜਾ, ਹਰਭਜਨ ਸਿੰਘ ਨਾਹਲ, ਹਰਜੰਦਰ ਸਿੰਘ ਜਿੰਦੀ, ਮੁਖਵਿੰਦਰ ਸਿੰਘ ਸੰਧੂ, ਮਨਜੀਤ ਕੌਰ, ਡਾ ਮਨੋਜ ਫਗਵਾੜਵੀ, ਹਰਬੰਸ ਸਿੰਘ ਕਲਸੀ,ਬਲਬੀਰ ਸਿੰਘ, ਗੀਤਕਾਰ ਐਸ ਐਸ ਸੰਧੂ, ਕੁਲਵਿੰਦਰ ਗਾਖਲ, ਦਲਬੀਰ ਸਿੰਘ ਰਿਆੜ, ਪਰਮਦਾਸ ਹੀਰ, ਅਮਰ ਸਿੰਘ ਅਮਰ, ਪਰਮਜੀਤ ਸਿੰਘ ਨੈਨਾ, ਸੁਰਜੀਤ ਸਿੰਘ, ਸੁਰਿੰਦਰ ਮੋਹਨ, ਜਗਤਾਰ ਸਿੰਘ, ਅਮ੍ਰਿਤਪਾਲ ਸਿੰਘ ਹਾਮੀ, ਰਾਜਪਾਲ ਕੌਰ,ਰਾਮ ਸਿੰਘ ਇਨਸਾਫ, ਉਰਮਲਜੀਤ ਸਿੰਘ ਵਾਲੀਆ, ਆਰਕੀਟੈਕਟ ਏਕ-ਸਜੋਤ ਕੌਰ,ਜਰਨੈਲ ਸਿੰਘ ਸਾਖੀ, ਹਰਵਿੰਦਰ ਸਿੰਘ, ਲਾਲੀ ਕਰਤਾਰਪੁਰੀ, ਮਨਜੀਤ ਕੌਰ ਆਦਿ ਹਾਜ਼ਰ ਰਹੇ।



**- ਦਲਬੀਰ ਸਿੰਘ ਰਿਆੜ**

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:

650-642-0697

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust